ਬੁੱਧਵਾਰ, 9 ਸਤੰਬਰ, 2026
24 ਭਾਦੋਂ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 99

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 9 SEPTEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਗੱਲਬਾਤ ਫੇਲ੍ਹ, ਮੁਲਾਜ਼ਮਾਂ ਦੀ ਹੜਤਾਲ ਜਾਰੀ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਹੜਤਾਲ ਸ਼ੁੱਕਰਵਾਰ ਤੱਕ ਜਾਰੀ ਰਹੇਗੀ, ਕਿਉਂਕਿ ਸਰਕਾਰ ਨਾਲ ਗੱਲਬਾਤ ਅਸਫਲ ਹੋ ਗਈ ਹੈ। ਮੰਗਲਵਾਰ ਸਾਰੇ ਸਰਕਾਰੀ ਦਫਤਰਾਂ ਵਿੱਚ ਕੰਮ ਠੱਪ ਰਿਹਾ, ਕਿਉਂਕਿ ਕਰਮਚਾਰੀਆਂ ਨੇ ਚੰਡੀਗੜ੍ਹ ਅਤੇ ਮੋਹਾਲੀ ਦੇ ਦਫਤਰਾਂ ਵਿੱਚ ਕਲਮ-ਛੋੜ ਹੜਤਾਲ ਕੀਤੀ ਅਤੇ ਜ਼ਿਲ੍ਹਿਆਂ ਵਿੱਚ ਸਮੂਹਿਕ ਛੁੱਟੀ 'ਤੇ ਚਲੇ ਗਏ।

ਦੂਸਰੇ ਗੇੜ ਦੀ ਇਕ ਦਿਨਾ ਹੜਤਾਲ ਦੌਰਾਨ ਮੰਗਲਵਾਰ ਨੂੰ ਮੁਲਾਜ਼ਮਾਂ ਨੇ ਸਿਵਲ ਸਕੱਤਰੇਤ ਦੀ ਹਰ ਮੰਜ਼ਲ ਦੀ ਬਾਲਕੋਨੀ 'ਚ ਖੜ੍ਹ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਮੁਲਾਜ਼ਮਾਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਧਮਕੀਨੁਮਾ ਚਿਤਾਵਨੀ ਨੂੰ ਦਰਕਿਨਾਰ ਕਰਦਿਆਂ ਸਰਕਾਰੀ ਦਫ਼ਤਰਾਂ 'ਚ ਕੰਮ ਠੱਪ ਕੀਤਾ। ਸਰਕਾਰੀ ਮੁਲਾਜ਼ਮਾਂ ਦੀ ਹੜਤਾਲ ਤੋਂ ਐਨ ਪਹਿਲਾਂ ਅਮਨ ਅਰੋੜਾ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਹੜਤਾਲ ਕਾਰਨ ਆਮ ਲੋਕਾਂ ਨੂੰ ਪਰੇਸ਼ਾਨੀ ਹੋਈ ਤਾਂ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਲੰਘੇ ਸੋਮਵਾਰ ਮੁਲਾਜ਼ਮ ਜਥੇਬੰਦੀ ਦੇ ਪ੍ਰਧਾਨ ਸੁਸ਼ੀਲ ਕੁਮਾਰ ਫ਼ੌਜੀ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਇਨ੍ਹਾਂ ਸਰਕਾਰੀ ਅੜਚਣਾਂ ਦੇ ਬਾਵਜੂਦ ਮੁਲਾਜ਼ਮਾਂ ਨੇ ਆਪਣੇ ਰੁਖ਼ 'ਚ ਨਰਮੀ ਨਹੀਂ ਦਿਖਾਈ। ਸਰਕਾਰੀ ਪੈਂਤੜੇ ਨੇ ਮੁਲਾਜ਼ਮਾਂ ਦੇ ਏਕੇ ਨੂੰ ਹੋਰ ਹਵਾ ਦੇਣ ਦਾ ਕੰਮ ਕੀਤਾ ਹੈ। ਮੁਲਾਜ਼ਮਾਂ ਦੀ ਸਕੱਤਰੇਤ 'ਚੋਂ ਗੂੰਜ ਦੂਰ-ਦੂਰ ਤੱਕ ਪੈ ਰਹੀ ਸੀ। ਉਹ ਵੀ ਦਿਨ ਸਨ, ਜਦੋਂ ਮੁੱਖ ਮੰਤਰੀ ਭਗਵੰਤ ਮਾਨ 16 ਮਾਰਚ 2022 ਨੂੰ ਬੁੱਧਵਾਰ ਵਾਲੇ ਦਿਨ ਠੀਕ ਪੌਣੇ ਚਾਰ ਵਜੇ ਬਤੌਰ ਮੁੱਖ ਮੰਤਰੀ ਪਹਿਲੀ ਵਾਰ ਸਕੱਤਰੇਤ ਪੁੱਜੇ ਸਨ ਤਾਂ ਉਸ ਵੇਲੇ ਮੁਲਾਜ਼ਮਾਂ ਤੋਂ ਚਾਅ ਨਹੀਂ ਸਾਂਭਿਆ ਜਾ ਰਿਹਾ ਸੀ। ਉਸ ਵਕਤ ਪਹਿਲੀ ਵਾਰ ਮੁੱਖ ਮੰਤਰੀ ਦਾ ਏਦਾਂ ਦਾ ਸ਼ਾਹੀ ਸਵਾਗਤ ਹੋਇਆ, ਜੋ ਭਗਵੰਤ ਮਾਨ ਦੇ ਹਿੱਸੇ ਹੀ ਆਇਆ ਸੀ। ਸਕੱਤਰੇਤ 'ਚੋਂ ਜੋ ਅੱਜ ਮੁਲਾਜ਼ਮਾਂ ਦੇ ਗ਼ੁੱਸੇ ਦਾ ਸੇਕ ਨਿਕਲ ਰਿਹਾ ਸੀ, ਉਹ ਵੀ ਹੁਣ ਮੌਜੂਦਾ ਸਰਕਾਰ ਦੇ ਹਿੱਸੇ ਹੀ ਆਇਆ ਹੈ। ਇਸ ਤਰ੍ਹਾਂ ਦਾ ਪ੍ਰਦਰਸ਼ਨ ਵੀ ਸ਼ਾਇਦ ਪਹਿਲੀ ਵਾਰ ਹੀ ਹੋਇਆ ਹੈ। ਜਥੇਬੰਦੀ ਦੇ ਚੇਅਰਮੈਨ ਸੁਖਚੈਨ ਸਿੰਘ ਖਹਿਰਾ ਆਖਦੇ ਹਨ ਕਿ ਪੰਜਾਬ ਸਰਕਾਰ ਦਾ ਕੋਈ ਹੱਥਕੰਡਾ ਮੁਲਾਜ਼ਮਾਂ ਨੂੰ ਝੁਕਾਅ ਨਹੀਂ ਸਕੇਗਾ, ਬਲਕਿ ਅਜਿਹੇ ਪੈਂਤੜੇ ਮੁਲਾਜ਼ਮ ਏਕੇ ਨੂੰ ਹੋਰ ਮਜ਼ਬੂਤੀ ਦਿੰਦੇ ਹਨ। ਮੁਲਾਜ਼ਮਾਂ ਨੇ ਬਕਾਇਆ ਮਹਿੰਗਾਈ ਭੱਤਾ, ਪੁਰਾਣੀ ਪੈਨਸ਼ਨ ਸਕੀਮ ਅਤੇ ਹੋਰਨਾਂ ਮੁਲਾਜ਼ਮ ਮੰਗਾਂ 'ਤੇ ਦੂਸਰੇ ਗੇੜ ਦੀ ਇੱਕ ਦਿਨਾ ਹੜਤਾਲ ਕੀਤੀ।

## ਜਦੋਂ 30 ਕਿੱਲੋਮੀਟਰ ਦੇ ਪ੍ਰੋਟੈੱਸਟ ਮਾਰਚ 'ਤੇ ਨਿਕਲੀਆਂ ਵਿਦਿਆਰਥਣਾਂ



**ਰਾਏਪੁਰ (ਨ ਜ਼ ਸ)**-ਬਿਜਲੀ ਨਾ ਆਉਣ ਤੇ ਗੰਦਾ ਖਾਣਾ ਦੇਣ ਦੀਆਂ ਸ਼ਿਕਾਇਤਾਂ ਦਾ ਪ੍ਰਿੰਸੀਪਲ ਤੇ ਕਬਾਇਲੀ ਭਲਾਈ ਵਿਭਾਗ ਵੱਲੋਂ ਕੋਈ ਜਵਾਬ ਨਾ ਮਿਲਣ 'ਤੇ ਸ਼ਿਵਪੁਰ (ਬਟੌਲੀ) ਦੇ ਏਕਲਵਿਆ ਮਾਡਲ ਰਿਹਾਇਸ਼ੀ ਸਕੂਲ ਦੀਆਂ 45 ਵਿਦਿਆਰਥਣ ਨੇ ਸੋਮਵਾਰ ਛੱਤੀਸਗੜ੍ਹ ਦੇ ਅੰਬਿਕਾਪੁਰ ਜ਼ਿਲ੍ਹਾ ਹੈੱਡਕੁਆਰਟਰ ਤੱਕ 30 ਕਿੱਲੋਮੀਟਰ ਪੈਦਲ ਮਾਰਚ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦੋਸ਼ ਲਗਾਇਆ ਕਿ ਉਨ੍ਹਾਂ ਦਾ ਹੋਸਟਲ ਪਿਛਲੇ ਤਿੰਨ ਮਹੀਨਿਆਂ ਤੋਂ ਬਿਜਲੀ ਤੋਂ ਬਿਨਾਂ ਹਨੇਰੇ ਵਿੱਚ ਡੁੱਬਿਆ ਹੋਇਆ ਹੈ। ਖਾਣੇ ਦੀ ਮਾੜੀ ਕੁਆਲਿਟੀ ਅਤੇ ਗੰਦਗੀ ਤੋਂ ਇਲਾਵਾ ਸਕੂਲ ਵਿੱਚ ਅਧਿਆਪਕਾਂ ਦੀ ਭਾਰੀ ਘਾਟ ਹੈ, ਜਿਸ ਕਾਰਨ ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਦੀਆਂ ਕਲਾਸਾਂ ਬੁਰੀ ਤਰ੍ਹਾਂ ਪ੍ਰਭਾਵਤ ਹੋਈਆਂ ਹਨ। ਅਚਾਨਕ ਹੋਏ ਪ੍ਰੋਟੈੱਸਟ ਨੇ ਸਥਾਨਕ ਪ੍ਰਸ਼ਾਸਨ ਵਿੱਚ ਦਹਿਸ਼ਤ ਫੈਲਾ ਦਿੱਤੀ ਅਤੇ ਕਬਾਇਲੀ ਭਲਾਈ ਵਿਭਾਗ ਦੇ ਅਸਿਸਟੈਂਟ ਕਮਿਸ਼ਨਰ ਲਲਿਤ ਸ਼ੁਕਲਾ ਨੇ ਉਨ੍ਹਾਂ ਨੂੰ ਬੈਲਕੋਟਾ ਵਿਖੇ ਰੋਕਿਆ, ਜਦੋਂ ਤੱਕ ਕੁੜੀਆਂ ਲਗਭਗ ਛੇ ਕਿੱਲੋਮੀਟਰ ਪੈਦਲ ਚੱਲ ਚੁੱਕੀਆਂ ਸਨ।

ਸ਼ੁਕਲਾ ਨੇ ਉਨ੍ਹਾਂ ਨੂੰ ਭਰੋਸਾ ਦੇ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਦ੍ਰਿੜ੍ਹ ਵਿਦਿਆਰਥਣਾਂ ਨੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਡੀ ਸੀ ਅਜੀਤ ਵਸੰਤ ਨੂੰ ਨਿੱਜੀ ਤੌਰ 'ਤੇ ਮਿਲਣ 'ਤੇ ਜ਼ੋਰ ਦਿੱਤਾ। ਫਿਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਬਾਕੀ ਬਚੀ ਦੂਰੀ (ਡੀ ਸੀ ਦਫਤਰ) ਤੱਕ ਪਹੁੰਚਾਉਣ ਲਈ ਵਿਸ਼ੇਸ਼ ਬੱਸਾਂ ਦਾ ਪ੍ਰਬੰਧ ਕੀਤਾ। ਡੀ ਸੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਤੁਰੰਤ ਸੁਧਾਰ ਕੀਤੇ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਬਿਜਲੀ ਦੀ ਘਾਟ ਨੂੰ ਬਿਨਾਂ ਦੇਰੀ ਦੇ ਹੱਲ ਕਰਨ, ਹੋਸਟਲ ਮੈੱਸ ਵਿੱਚ ਸਫਾਈ ਯਕੀਨੀ ਬਣਾਉਣ ਅਤੇ ਖਾਲੀ ਅਧਿਆਪਨ ਅਸਾਮੀਆਂ ਨੂੰ ਪੂਰਾ ਕਰਨ ਲਈ ਮਹਿਮਾਨ ਅਧਿਆਪਕਾਂ ਨੂੰ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ। ਵਸੰਤ ਨੇ ਖਾਮੀਆਂ ਦੀ ਜਾਂਚ ਕਰਨ ਅਤੇ ਇੱਕ ਵਿਸਤ੍ਰਿਤ ਰਿਪੋਰਟ ਪੇਸ਼ ਕਰਨ ਲਈ ਜਾਇੰਟ ਕੁਲੈਕਟਰ ਸ਼ਾਰਦਾ ਅਗਰਵਾਲ, ਸੀਤਾਪੁਰ ਦੇ ਐੱਸ ਡੀ ਐੱਮ ਫਗੇਸ਼ ਸਿਨਹਾ ਅਤੇ ਅਸਿਸਟੈਂਟ ਡਾਇਰੈਕਟਰ ਕਿਰਨ ਰਾਜਪੂਤ ਦੀ ਸ਼ਮੂਲੀਅਤ ਵਾਲੇ ਤਿੰਨ ਮੈਂਬਰੀ ਜਾਂਚ ਪੈਨਲ ਦਾ ਗਠਨ ਕੀਤਾ।

ਜ਼ਿਲ੍ਹੇ ਦੇ ਸਾਰੇ ਆਸ਼ਰਮ ਹੋਸਟਲਾਂ ਦੇ ਨੋਡਲ ਅਫਸਰਾਂ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਨਿਰੀਖਣ ਕਰਨ ਦੇ ਆਦੇਸ਼ ਵੀ ਦਿੱਤੇ। ਇਸ ਸਾਲ ਦੇ ਅਕਾਦਮਿਕ ਸੈਸ਼ਨ ਵਿੱਚ ਇਹ ਤੀਜੀ ਵਾਰ ਹੈ ਜਦੋਂ ਆਦਿਵਾਸੀ ਵਿਦਿਆਰਥੀ ਹੋਸਟਲ ਦੇ ਮੁੱਦੇ ਨੂੰ ਉਠਾਉਂਦੇ ਹੋਏ ਡੀ ਸੀ ਦਫਤਰ ਗਏ। ਵਸੰਤ ਦੇ ਭਰੋਸੇ ਤੋਂ ਬਾਅਦ ਵਿਦਿਆਰਥਣਾਂ ਨੂੰ ਬੱਸ ਰਾਹੀਂ ਉਨ੍ਹਾਂ ਦੇ ਹੋਸਟਲ ਵਾਪਸ ਭੇਜ ਦਿੱਤਾ ਗਿਆ। ਤੀਬਰ ਥਕਾਵਟ, ਡੀਹਾਈਡਰੇਸ਼ਨ ਅਤੇ ਤਣਾਅ ਦੇ ਕਾਰਨ ਇੱਕ ਵਿਦਿਆਰਥਣ ਬੇਹੋਸ਼ ਹੋ ਗਈ ਅਤੇ ਡੀ ਸੀ ਕੰਪਲੈਕਸ ਦੇ ਅੰਦਰ ਡਿੱਗ ਗਈ, ਉਸ ਨੂੰ ਤੁਰੰਤ ਐਂਬੂਲੈਂਸ ਰਾਹੀਂ ਇਲਾਜ ਲਈ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ।

## ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਤੋਂ ਬਾਅਦ ਜਾਮ



**ਲੁਧਿਆਣਾ (ਨ ਜ਼ ਸ)**
ਸ਼ਹਿਰ ਦੇ ਜਲੰਧਰ ਬਾਈਪਾਸ ਚੌਕ ਵਿੱਚ ਸਥਾਪਤ ਭਾਰਤ ਰਤਨ ਡਾ. ਬੀ ਆਰ ਅੰਬੇਡਕਰ ਦੇ ਬੁੱਤ ਦੀ ਬੇਹੁਰਮਤੀ ਕਰਨ 'ਤੇ ਰੋਸ ਪੈਦਾ ਹੋ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਦਿਨ-ਦਿਹਾੜੇ ਕੋਈ ਵਿਅਕਤੀ ਬੁੱਤ 'ਤੇ ਚੜ੍ਹ ਕੇ ਬੇਅਦਬੀ ਕਰ ਗਿਆ ਅਤੇ ਕਿਸੇ ਨੂੰ ਭਣਕ ਤੱਕ ਨਹੀਂ ਲੱਗੀ।

ਇੱਕ ਵਿਅਕਤੀ ਨੇ ਜਦੋਂ ਇਹ ਦੇਖਿਆ ਤਾਂ ਉਸ ਨੇ ਤੁਰੰਤ ਵੱਖ-ਵੱਖ ਸੰਸਥਾਵਾਂ ਨੂੰ ਇਸ ਦੀ ਸੂਚਨਾ ਦਿੱਤੀ, ਜਿਸ ਤੋਂ ਬਾਅਦ ਦੇਖਦਿਆਂ ਹੀ ਦੇਖਦਿਆਂ ਵੱਡੀ ਗਿਣਤੀ 'ਚ ਲੋਕ ਮੌਕੇ 'ਤੇ ਇਕੱਠੇ ਹੋ ਗਏ। ਪੁਲਸ ਦੇ ਉ ੱਚ

• ਬਾਕੀ ਸਫਾ 2 'ਤੇ

## ਕੈਨੇਡਾ 'ਚ 16 ਪੰਜਾਬੀ ਮੁੰਡੇ ਗ੍ਰਿਫ਼ਤਾਰ

**ਓਟਾਵਾ** : ਕੈਨੇਡਾ ਵਿਚ ਵੱਡੀ ਕਾਰਵਾਈ ਕਰਦਿਆਂ ਕੈਲਗਰੀ ਪੁਲਸ ਸਰਵਿਸ ਨੇ ਨਾਮੀ ਗਰੋਹ ਨਾਲ ਜੁੜੇ 16 ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਤੇ ਟਾਰਗੈੱਟ ਫਾਇਰਿੰਗ, ਰੰਗਦਾਰੀ, ਅਗਵਾ ਅਤੇ ਕਾਰੋਬਾਰੀਆਂ ਨੂੰ ਡਰਾਉਣ ਤੇ ਧਮਕਾਉਣ ਵਰਗੇ ਗੰਭੀਰ ਦੋਸ਼ ਲੱਗੇ ਹਨ। ਪੁਲਸ ਮੁਤਾਬਕ ਗ੍ਰਿਫ਼ਤਾਰ ਮੁਲਜ਼ਮਾਂ ਖ਼ਿਲਾਫ਼ 56 ਕੇਸ ਦਰਜ ਹਨ। ਇਹ ਨੌਜਵਾਨ ਸਟੱਡੀ ਵੀਜ਼ੇ 'ਤੇ ਪੰਜਾਬ ਤੋਂ ਕੈਨੇਡਾ ਗਏ ਸਨ ਅਤੇ ਬਾਅਦ 'ਚ ਗਰੋਹ ਨਾਲ ਜੁੜ ਗਏ। ਪੁਲਸ ਨੇ ਮੁਲਜ਼ਮਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ। ਪੁਲਸ ਨੇ ਲਿਖਿਆ ਕਿ ਕੈਲਗਰੀ ਪੁਲਸ ਸਰਵਿਸ (ਸੀ ਪੀ ਐੱਸ) ਸੰਗਠਿਤ ਅਪਰਾਧ ਇਕਾਈ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਜ਼ਬਰਦਸਤੀ ਦੀ ਲੜੀ ਦੀ ਸਾਡੀ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ ਵਿਅਕਤੀਗਤ ਸ਼ੱਕੀਆਂ ਦੀਆਂ ਤਸਵੀਰਾਂ ਜਾਰੀ ਕਰ ਰਹੀ ਹੈ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਦਰਸਾਏ ਗਏ ਵਿਅਕਤੀਆਂ ਨਾਲ ਜੁੜੇ ਕਾਨੂੰਨੀ ਨਾਂਅ ਉਨ੍ਹਾਂ ਨਾਵਾਂ ਨਾਲ ਮੇਲ ਨਹੀਂ ਖਾਂਦੇ, ਜਿਨ੍ਹਾਂ ਨਾਲ ਉਹ ਆਪਣੇ ਸਥਾਨਕ ਭਾਈਚਾਰਿਆਂ, ਕੈਨੇਡਾ ਦੇ ਅੰਦਰ ਜਾਂ ਆਪਣੇ ਮੂਲ ਦੇਸ਼ਾਂ ਦੇ ਅੰਦਰ ਜਾਣੇ ਜਾਂਦੇ ਹਨ।

## ਆਰੀ ਆਰੀ ਆਰੀ... ਰਾਹੁਲ ਦੀ ਨਹੀਂ... ਮੇਰੀ ਸੁਣੋ ਸਾਰੀ



**ਵਡੋਦਰਾ (ਨ ਜ਼ ਸ)**-ਦੇਸ਼ ਦੇ ਨੌਜਵਾਨਾਂ ਦੀ ਨਾਰਾਜ਼ਗੀ ਦੂਰ ਕਰਨ ਲੱਗੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਡੋਦਰਾ ਵਿੱਚ ਜਨਰਲ-ਜ਼ੀ ਨਾਲ 25 ਮਿੰਟ ਗੱਲਬਾਤ ਕੀਤੀ। ਉਨ੍ਹਾ ਦੇ ਸਮਾਗਮ ਵਿੱਚ ਛੇ ਹਜ਼ਾਰ ਨੌਜਵਾਨਾਂ ਨੂੰ ਸੱਦਾ ਦਿੱਤਾ ਗਿਆ ਸੀ। ਮੋਦੀ ਨੇ ਉਨ੍ਹਾਂ ਨੂੰ ਝੂਠੇ ਦਾਅਵਿਆਂ ਅਤੇ ਗੁੰਮਰਾਹਕੁੰਨ ਜਾਣਕਾਰੀ ਤੋਂ ਬਚਣ ਦੀ ਅਪੀਲ ਕੀਤੀ। ਉਨ੍ਹਾ ਕਿਹਾ, "ਲੋਕ ਤੁਹਾਨੂੰ ਝੂਠ ਦੀ ਗੂੰਜ ਨਾਲ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਨਗੇ, ਪਰ ਤੁਹਾਨੂੰ ਸੱਚਾਈ ਨਾਲ ਖੜ੍ਹੇ ਰਹਿਣਾ ਚਾਹੀਦਾ ਹੈ।" ਮੋਦੀ ਦੇ ਇਸ ਬਿਆਨ ਨੂੰ ਰਾਹੁਲ ਗਾਂਧੀ ਅਤੇ ਕਾਂਗਰਸ ਦੇ 'ਛਾਤਰੋਂ ਕੀ ਗੂੰਜ' ਮੁਹਿੰਮ 'ਤੇ ਤਨਜ਼ ਮੰਨਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਦੇ 'ਨਮੋ ਫਾਰ ਵਿਕਸਿਤ ਭਾਰਤ' ਪ੍ਰੋਗਰਾਮ ਲਈ ਵਿਸ਼ੇਸ਼ ਤੌਰ 'ਤੇ 'ਵਾਈ' ਆਕਾਰ ਦਾ ਰੈਂਪ ਬਣਾਇਆ ਗਿਆ ਸੀ। ਆਪਣੇ ਭਾਸ਼ਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਰੈਂਪ 'ਤੇ ਚੱਲੇ ਅਤੇ ਨੌਜਵਾਨਾਂ ਤੱਕ ਪਹੁੰਚੇ। ਜਿਵੇਂ ਹੀ ਉਹ ਸਟੇਜ 'ਤੇ ਚੜ੍ਹੇ, ਫਿਲਮ 'ਕੁਈਨ' ਦਾ ਮਸ਼ਹੂਰ ਗੀਤ 'ਵੀ ਵਿਲ ਰੌਕ ਯੂ' ਵਜਾਇਆ ਗਿਆ। ਇਸ ਤੋਂ ਬਾਅਦ 'ਧੁਰੰਧਰ' ਦਾ 'ਆਰੀ ਆਰੀ' ਵਜਾਇਆ ਗਿਆ। ਪ੍ਰਧਾਨ ਮੰਤਰੀ ਰੈਂਪ 'ਤੇ ਚੱਲ ਕੇ ਨੌਜਵਾਨਾਂ ਵਿਚਕਾਰ ਪਹੁੰਚੇ। ਉਨ੍ਹਾ ਦਾ ਸਵਾਗਤ ਭਗਵਾਨ ਗਣੇਸ਼ ਦੀ ਮੂਰਤੀ ਭੇਟ ਕਰਕੇ ਕੀਤਾ ਗਿਆ।

ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਨਾਰਾਜ਼ ਫੁੱਫੜ ਫਰੇਟ ਕੌਰੀਡੋਰ (ਮਾਲ ਲਾਂਘੇ) ਦਾ ਮਜ਼ਾਕ ਉਡਾਉਂਦੇ ਹਨ। ਜੇ ਐੱਨ ਪੀ ਟੀ, ਮੁੰਬਈ ਤੋਂ ਡਬਲ-ਕੰਟੇਨਰ ਮਾਲ ਗੱਡੀਆਂ ਇੱਕ ਸਮੇਂ ਵਿੱਚ ਮੁੰਬਈ ਤੋਂ ਵਡੋਦਰਾ ਤੱਕ 250 ਤੋਂ ਵੱਧ ਟਰੱਕਾਂ ਦੇ ਬਰਾਬਰ ਸਾਮਾਨ ਢੋਂਦੀਆਂ ਸਨ। ਨਾਰਾਜ਼ ਫੁੱਫੜ ਹੁਣ ਪੁੱਛਣਗੇ ਕਿ ਟਰੱਕਰਾਂ

• ਬਾਕੀ ਸਫਾ 2 'ਤੇ

## 'ਫੜੇ ਤਿੰਨ ਜਣਿਆਂ ਦਾ ਮੋਦੀ ਦੇ ਦੌਰੇ ਨਾਲ ਸੰਬੰਧ ਨਹੀਂ'

**ਮੁੰਬਈ** : ਬਾਂਦਰਾ-ਕੁਰਲਾ ਕੰਪਲੈਕਸ ਵਿੱਚ ਹਥਿਆਰ ਲੈ ਕੇ ਇੱਕ ਸ਼ਾਪਿੰਗ ਮਾਲ ਵਿੱਚ ਜ਼ਬਰਦਸਤੀ ਦਾਖਲ ਹੋਣ 'ਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਪੁਲਸ ਨੇ ਸਪੱਸ਼ਟ ਕੀਤਾ ਕਿ ਇਸਦਾ ਮੰਗਲਵਾਰ ਸ਼ਾਮ ਇਸ ਖੇਤਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿਰਧਾਰਤ ਪ੍ਰੋਗਰਾਮ ਨਾਲ ਕੋਈ ਸੰਬੰਧ ਨਹੀਂ ਹੈ। ਇਸ ਤੋਂ ਪਹਿਲਾਂ, ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਸੀ ਕਿ ਮੋਦੀ ਦੇ ਪ੍ਰੋਗਰਾਮ ਤੋਂ ਕੁਝ ਘੰਟੇ ਪਹਿਲਾਂ ਨੀਤਾ ਮੁਕੇਸ਼ ਅੰਬਾਨੀ ਕਲਚਰਲ ਸੈਂਟਰ ਵਿਖੇ 24 ਸਾਲਾ ਵਿਅਕਤੀ, ਜੋ ਆਪਣੇ ਆਪ ਨੂੰ ਪੀ ਐੱਮ ਓ ਦਾ ਅਧਿਕਾਰੀ ਦੱਸ ਰਿਹਾ ਸੀ, ਅਤੇ ਉਸ ਦੇ ਹਥਿਆਰਬੰਦ 'ਬਾਡੀਗਾਰਡ' ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

## ਸੀ ਜੇ ਪੀ ਦੇ ਪ੍ਰਦਰਸ਼ਨ 'ਤੇ ਦਿਲਜੀਤ ਨੇ ਰਿਲੀਜ਼ ਕੀਤਾ ਨਵਾਂ ਗਾਣਾ

**ਚੰਡੀਗੜ੍ਹ** : ਦਿਲਜੀਤ ਦੋਸਾਂਝ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਇੱਕ ਕਲਾਕਾਰ ਬਿਨਾਂ ਕਿਸੇ ਦਾ ਨਾਂਅ ਲਏ ਆਪਣੀ ਕਲਾ ਰਾਹੀਂ ਵੱਡਾ ਸੁਨੇਹਾ ਦੇ ਸਕਦਾ ਹੈ। ਕਾਕਰੋਚ ਜਨਤਾ ਪਾਰਟੀ ਵੱਲੋਂ ਵਿਦਿਆਰਥੀਆਂ ਦੇ ਹੱਕਾਂ ਲਈ ਕੀਤੇ ਗਏ ਪ੍ਰਦਰਸ਼ਨ ਦੌਰਾਨ 'ਮੈਂ ਇੱਕ ਕਲਾਕਾਰ ਹਾਂ, ਸਿਆਸਤਦਾਨ ਨਹੀਂ' ਆਖ ਕੇ ਸਿਆਸੀ ਮੁੱਦਿਆਂ ਤੋਂ ਦੂਰੀ ਬਣਾਉਣ ਵਾਲੇ ਦਿਲਜੀਤ ਨੇ ਹੁਣ ਆਪਣੇ ਨਵੇਂ ਗਾਣੇ 'ਡੈਵਿਲ' ਰਾਹੀਂ ਸਭ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਇਹ ਗਾਣਾ ਦਿਲਜੀਤ ਦੀ ਨਵੀਂ ਈ ਪੀ 'ਆਈ ਐੱਮ ਐੱਨ ਆਰਟਿਸਟ ਬਰੋ' ਦਾ ਹਿੱਸਾ ਹੈ। ਗਾਣੇ ਦੀ ਵੀਡੀਓ ਵਿੱਚ ਗੁੱਸੇ ਵਿੱਚ ਆਏ ਨੌਜਵਾਨਾਂ ਦਾ ਇਕੱਠ, ਸੇਵ ਆਵਰ ਫਿਊਚਰ ਅਤੇ ਆਵਰ ਫਿਊਚਰ, ਆਵਰ ਫਾਈਟ ਦੇ ਪੋਸਟਰ, ਭਾਰੀ ਪੁਲਸ ਬਲ ਅਤੇ ਪ੍ਰਦਰਸ਼ਨਕਾਰੀਆਂ ਨਾਲ ਹੱਥੋ-ਪਾਈ ਦੀਆਂ ਝਲਕਾਂ ਦਿਖਾਈਆਂ ਗਈਆਂ ਹਨ। ਵੀਡੀਓ ਦਾ ਸਭ ਤੋਂ ਭਾਵੁਕ ਪਲ ਉਹ ਹੈ, ਜਦੋਂ ਇੱਕ ਛੋਟੀ ਬੱਚੀ ਪੁਲਸ ਅਧਿਕਾਰੀ ਵੱਲ ਗੁਲਾਬ ਲੈ ਕੇ ਵਧਦੀ ਹੈ ਅਤੇ ਪੁਲਸ ਮੁਲਾਜ਼ਮ ਉਸ ਨੂੰ ਗਲੇ ਲਗਾਉਂਦਾ ਹੈ। ਹਾਲਾਂ ਕਿ ਦਿਲਜੀਤ ਨੇ ਵੀਡੀਓ ਵਿੱਚ ਕਿਸੇ ਖਾਸ ਪ੍ਰਦਰਸ਼ਨ ਜਾਂ ਸੀ ਜੇ ਪੀ ਦਾ ਨਾਂਅ ਨਹੀਂ ਲਿਆ, ਪਰ ਪ੍ਰਸ਼ੰਸਕ ਇਸ ਨੂੰ ਇਸੇ ਸਾਲ ਜੰਤਰ-ਮੰਤਰ 'ਤੇ ਹੋਏ ਵਿਦਿਆਰਥੀ ਅੰਦੋਲਨ ਨਾਲ ਜੋੜ ਕੇ ਦੇਖ ਰਹੇ ਹਨ।

## ਪੰਥਕ ਧਿਰਾਂ ਇਕਜੁੱਟ ਹੋਣ : ਮਲੂਕਾ

**ਚੰਡੀਗੜ੍ਹ** : ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਵੱਲੋਂ ਵਖਰੇਵੇਂ ਸੁਲਝਾਉਣ ਲਈ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਲਬਾਤ ਚੱਲਣ ਦੀ ਪੁਸ਼ਟੀ ਕੀਤੇ ਜਾਣ ਤੋਂ ਬਾਅਦ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਵੀ ਸਮੂਹ ਪੰਥਕ ਧੜਿਆਂ ਨੂੰ ਆਪਸੀ ਮੱਤਭੇਦ ਭੁਲਾ ਕੇ ਇੱਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਮਲੂਕਾ ਨੇ ਆਖਿਆ ਕਿ ਰਵਾਇਤੀ ਅਤੇ ਖੇਤਰੀ ਸਿੱਖ ਸਮੂਹਾਂ ਵਿੱਚ ਫੈਲੀ ਧੜੇਬੰਦੀ ਤੇ ਅੰਦਰੂਨੀ ਫੁੱਟ ਕਾਰਨ ਪੰਜਾਬ ਵਿੱਚ ਉਨ੍ਹਾਂ ਦਾ ਸਮੂਹਿਕ ਸਿਆਸੀ ਅਤੇ ਧਾਰਮਿਕ ਪ੍ਰਭਾਵ ਕਮਜ਼ੋਰ ਹੋ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪੰਥਕ ਧਿਰਾਂ ਵੱਖ-ਵੱਖ ਹੋ ਕੇ ਚੋਣ ਮੈਦਾਨ ਵਿੱਚ ਨਿੱਤਰੀਆਂ ਤਾਂ ਇਸ ਨਾਲ ਵੋਟਾਂ ਦੀ ਵੰਡ ਹੋਵੇਗੀ, ਜਿਸ ਦਾ ਸਿੱਧਾ ਫਾਇਦਾ ਵਿਰੋਧੀ ਪਾਰਟੀਆਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲੇਗਾ।

## ਕਾਮਰੇਡ ਅਜਮੇਰ ਸਿੰਘ ਸਮਰਾ ਨੂੰ ਇਨਕਲਾਬੀ ਸ਼ਰਧਾਂਜਲੀਆਂ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**
ਭਾਰਤੀ ਕਮਿਊਨਿਸਟ ਪਾਰਟੀ (ਐੱਮ ਐੱਲ) ਨਿਊ ਡੈਮੋਕ੍ਰੇਸੀ ਪੰਜਾਬ ਰਾਜ ਕਮੇਟੀ ਦੇ ਸੀਨੀਅਰ ਆਗੂ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਪ੍ਰਧਾਨ ਕਾਮਰੇਡ ਅਜਮੇਰ ਸਿੰਘ ਸਮਰਾ ਦਾ ਸ਼ਰਧਾਂਜਲੀ ਸਮਾਗਮ ਮੰਗਲਵਾਰ ਉਹਨਾ ਦੇ ਜੱਦੀ ਪਿੰਡ ਸਮਰਾਏ ਵਿਖੇ ਕੀਤਾ ਗਿਆ। ਇਸ ਮੌਕੇ ਰਾਜਸੀ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।

ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕ੍ਰੇਸੀ ਦੇ ਸੀਨੀਅਰ ਸੂਬਾਈ ਆਗੂ ਸਰਦਾਰਾ ਸਿੰਘ ਮਾਹਲ ਨੇ ਕਿਹਾ ਕਿ ਕਾਮਰੇਡ ਅਜਮੇਰ ਸਿੰਘ ਦੇ ਤੁਰ ਜਾਣ ਨਾਲ ਇਨਕਲਾਬੀ ਲਹਿਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਇਕ ਸੁਲਝੇ ਹੋਏ ਅਤੇ ਇਨਕਲਾਬ ਲਈ ਪ੍ਰਤੀਬੱਧ ਆਗੂ ਸਨ।ਕਾਮਰੇਡ ਮਾਹਲ ਨੇ ਆਪਣੀ ਅਤੇ ਕਾਮਰੇਡ ਅਜਮੇਰ ਸਿੰਘ ਦੀ ਪੰਜ ਦਹਾਕਿਆਂ ਤੋਂ ਵੀ ਵੱਧ ਸਮੇਂ ਦੀ ਇਨਕਲਾਬੀ ਸਾਂਝ ਦੀਆਂ ਯਾਦਾਂ ਦਾ ਜ਼ਿਕਰ ਕੀਤਾ।ਉਨ੍ਹਾ ਕਿਹਾ ਕਿ ਕਾਮਰੇਡ ਅਜਮੇਰ ਸਿੰਘ ਨੇ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ। ਕਾਮਰੇਡ ਮਾਹਲ ਨੇ ਕਿਹਾ ਕਿ ਮੋਦੀ ਸਰਕਾਰ ਦਾ ਫਾਸ਼ੀਵਾਦ ਦਨਦਨਾਉਂਦਾ ਫਿਰਦਾ ਹੈ, ਜਿਸ ਦੇ ਚੌਤਰਫੇ ਹਮਲੇ ਹੋ ਰਹੇ ਹਨ। ਇਸ ਫਾਸ਼ੀਵਾਦ ਦੀ ਹਕੀਕਤ ਤੋਂ ਅੱਖਾਂ ਮੀਟ ਲੈਣਾ ਠੀਕ ਨਹੀਂ ਹੋਵੇਗਾ।ਉਹਨਾ ਕਿਹਾ ਕਿ ਇਸ ਫਾਸ਼ੀਵਾਦ ਵਿਰੁੱਧ ਸੰਸਦ ਰਾਹੀਂ ਲੜਾਈ ਨਹੀਂ ਲੜੀ ਜਾ ਸਕਦੀ, ਸਗੋਂ ਸੜਕਾਂ ਉਤੇ ਲੜੀ ਜਾ ਸਕਦੀ ਹੈ, ਉਹ ਵੀ ਵਿਸ਼ਾਲ ਏਕਾ ਉਸਾਰ ਕੇ।ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕ੍ਰੇਸੀ ਦੇ ਸੂਬਾਈ ਆਗੂਆਂ ਕੁਲਵਿੰਦਰ ਸਿੰਘ ਵੜੈਚ, ਗੁਰਮੁਖ ਸਿੰਘ, ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਦੇ ਆਗੂ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਸੀ ਪੀ ਆਈ (ਐੱਮ ਐਲ) ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਨੱਤ, ਸੀ ਪੀ ਆਈ ਐੱਮ ਯੂ ਦੇ ਆਗੂ ਕਿਰਨਜੀਤ ਸੇਖੋਂ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਅਦਾਰਾ 'ਲਾਲ ਪਰਚਮ' ਦੇ ਮੁਖਤਿਆਰ ਪੂਹਲਾ, ਅਦਾਰਾ 'ਸੁਰਖ਼ ਲੀਹ' ਦੇ ਪਾਵੇਲ ਕੁੱਸਾ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕਸ਼ਮੀਰ ਸਿੰਘ ਘੁੱਗਸ਼ੋਰ, ਨੌਜਵਾਨ ਭਾਰਤ ਸਭਾ ਦੇ ਮੰਗਲਜੀਤ ਪੰਡੋਰੀ ਆਦਿ ਨੇ ਕਿਹਾ ਕਿ ਕਾਮਰੇਡ ਅਜਮੇਰ ਨੇ ਸਾਰੀ ਜ਼ਿੰਦਗੀ ਗਲ-ਸੜ ਚੁੱਕੇ ਲੁਟੇਰੇ ਨਿਜ਼ਾਮ ਨੂੰ ਮੁੱਢੋਂ-ਸੁੱਢੋਂ ਤਬਦੀਲ ਕਰਕੇ ਲੁੱਟ-ਖਸੁੱਟ ਰਹਿਤ, ਜਾਤਪਾਤ ਰਹਿਤ, ਧਰਮ ਨਿਰਪੱਖ ਅਤੇ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਦੀ ਪੁੱਗਤ ਵਾਲੇ ਰਾਜ ਪ੍ਰਬੰਧ ਦੀ ਸਿਰਜਣਾ ਲਈ ਸੰਘਰਸ਼ ਕੀਤਾ। ਉਹ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਟਰੱਸਟੀ ਸਨ ਅਤੇ ਹੋਰ ਜ਼ਿੰਮੇਵਾਰੀਆਂ ਦੇ ਨਾਲ-ਨਾਲ ਕਮੇਟੀ ਦੇ ਦੋ ਵਾਰ ਪ੍ਰਧਾਨ ਵੀ ਰਹੇ। ਉਨ੍ਹਾ ਆਪਣੀ ਸਾਰੀ ਜ਼ਿੰਦਗੀ ਦੱਬੇ-ਕੁਚਲੇ ਲੋਕਾਂ ਅਤੇ ਕਿਰਤੀ ਜਮਾਤ ਦੇ ਲੇਖੇ ਲਗਾ ਦਿੱਤੀ। ਕਾਲਜ ਸਮੇਂ ਤੋਂ ਲੈ ਕੇ ਹੁਣ ਤੱਕ ਉਹਨਾ ਬਹੁਤ ਸਾਰੇ ਸੰਘਰਸ਼ਾਂ ਦੀ ਅਗਵਾਈ ਕੀਤੀ। ਉਹਨਾ ਦੇ ਜਾਣ ਨਾਲ ਕਮਿਊਨਿਸਟ ਇਨਕਲਾਬੀ ਲੋਕ ਲਹਿਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਵੱਖ-ਵੱਖ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਵੱਲੋਂ ਭੇਜੇ ਗਏ ਸ਼ੋਕ ਸੰਦੇਸ਼ ਵੀ ਮੰਚ ਤੋਂ ਪੜ੍ਹ ਕੇ ਸੁਣਾਏ ਗਏ।ਇਸ ਮੌਕੇ ਉਹਨਾ ਦੀ ਭਤੀਜੀ ਅਨੀਤਾ, ਡਾਕਟਰ ਜੋਗੀ ਦੱਤ, 'ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ, ਸੀਨੀਅਰ ਪੱਤਰਕਾਰ ਜਸਵੀਰ ਸਮਰ, ਬਲਜੀਤ ਬੱਲੀ, ਅਰੁਣਦੀਪ, ਰਾਮਿੰਦਰ ਸਿੰਘ ਪਟਿਆਲਾ, ਐਡਵੋਕੇਟ ਦਲਜੀਤ ਸਿੰਘ, ਬੂਟਾ ਸਿੰਘ ਮਹਿਮੂਦਪੁਰ ਸਮੇਤ ਸੈਂਕੜਿਆਂ ਦੀ ਗਿਣਤੀ ਵਿੱਚ ਆਗੂ ਤੇ ਕਾਰਕੁਨ ਹਾਜ਼ਰ ਸਨ।

## ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਮਜ਼ਦੂਰ ਦੀ ਮੌਤ

**ਸੰਗਰੂਰ** : ਦਿੜ੍ਹਬਾ ਹਲਕੇ ਦੇ ਪਿੰਡ ਤੂਰਬੰਜ਼ਾਰਾ ਵਿਖੇ ਇੱਕ ਮੰਤਰੀ ਦੇ ਸਮਾਗਮ ਦੌਰਾਨ ਨਸ਼ੇ ਦਾ ਮੁੱਦਾ ਉਠਾਉਣ ਵਾਲੇ ਮਜ਼ਦੂਰ ਗੁਲਜ਼ਾਰ ਸਿੰਘ (ਜਿਸ ਨੇ ਪੰਚਾਇਤ ਦੇ ਨੁਮਾਇੰਦਿਆਂ ਵੱਲੋਂ ਧਮਕਾਉਣ ਮਗਰੋਂ ਸਲਫ਼ਾਸ ਨਿਗਲ ਲਈ ਸੀ) ਦੀ ਡੀ ਐੱਮ ਸੀ ਲੁਧਿਆਣਾ ਵਿਖੇ ਇਲਾਜ ਦੌਰਾਨ ਮੌਤ ਹੋ ਗਈ ਹੈ। ਮ੍ਰਿਤਕ ਗੁਲਜ਼ਾਰ ਸਿੰਘ ਦੇ ਪੁੱਤਰ ਲਖਵਿੰਦਰ ਸਿੰਘ ਉਰਫ਼ ਲੱਖਾ ਦੇ ਬਿਆਨਾਂ 'ਤੇ ਪੁਲਸ ਨੇ ਥਾਣਾ ਦਿੜ੍ਹਬਾ ਵਿੱਚ ਪਿੰਡ ਤੂਰਬੰਜ਼ਾਰਾ ਦੀ ਸਰਪੰਚ ਬਲਜਿੰਦਰ ਕੌਰ, ਉਸ ਦੇ ਪਤੀ ਬਲਜੀਤ ਸਿੰਘ, ਸੁਖਦੇਵ ਸਿੰਘ ਉਰਫ਼ ਸੁੱਖਾ, ਵਿੱਕੀ ਸਿੰਘ ਪੰਚ ਅਤੇ ਗੋਨਾ ਸਿੰਘ ਵਾਸੀਆਨ ਤੂਰਬੰਜ਼ਾਰਾ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

## ਕਾਂਗਰਸੀਆਂ 'ਤੇ ਪਾਣੀ ਦੀਆਂ ਬੁਛਾੜਾਂ

**ਚੰਡੀਗੜ੍ਹ** : ਪੰਜਾਬ ਕਾਂਗਰਸ ਵੱਲੋਂ ਸੋਮਵਾਰ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਖ਼ਿਲਾਫ਼ ਚੰਡੀਗੜ੍ਹ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਵੱਡੀ ਗਿਣਤੀ ਕਾਂਗਰਸੀ ਵਰਕਰ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਲਈ ਅੱਗੇ ਵਧੇ ਤਾਂ ਪੁਲਸ ਨੇ ਬੈਰੀਕੇਡ ਲਗਾ ਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਦਿੱਤਾ। ਇਸ ਦੌਰਾਨ ਪੁਲਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਖਿੱਚ-ਧੂਹ ਹੋਈ ਅਤੇ ਪੁਲਸ ਨੇ ਪ੍ਰਦਰਸ਼ਨਕਾਰੀਆਂ ਉੱਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ।

ਇਸ ਮੌਕੇ ਸੰਬੋਧਨ ਕਰਦਿਆਂ ਵੜਿੰਗ ਨੇ ਦਿੜ੍ਹਬਾ ਦੇ ਗੁਲਜ਼ਾਰ ਸਿੰਘ ਦੀ ਖ਼ੁਦਕੁਸ਼ੀ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਉਨ੍ਹਾ ਕਿਹਾ ਕਿ ਗੁਲਜ਼ਾਰ ਸਿੰਘ ਨੇ ਆਪਣੇ ਆਖਰੀ ਬਿਆਨ ਵਿੱਚ ਸਪੱਸ਼ਟ ਕਿਹਾ ਸੀ ਕਿ ਉਸ ਦੀ ਖ਼ੁਦਕੁਸ਼ੀ ਲਈ ਇਕ ਮੰਤਰੀ ਜ਼ਿੰਮੇਵਾਰ ਹੈ। ਉਨ੍ਹਾਂ ਸ਼ੇਰੋਂ ਪਿੰਡ ਦੇ ਮੋਹਣਜੀਤ ਸਿੰਘ 'ਤੇ ਪੁਲਸ ਵੱਲੋਂ ਕੀਤੇ ਤਸ਼ੱਦਦ ਦਾ ਵੀ ਜ਼ਿਕਰ ਕੀਤਾ, ਜਿਸ ਦਾ ਕਸੂਰ ਸਿਰਫ਼ ਏਨਾ ਸੀ ਕਿ ਉਸ ਨੇ ਮੁੱਖ ਮੰਤਰੀ ਨੂੰ ਕਾਲਾ ਝੰਡਾ ਦਿਖਾਉਣ ਦੀ ਹਿੰਮਤ ਕੀਤੀ ਸੀ। ਉਨ੍ਹਾਂ ਜਬਰ-ਜ਼ਨਾਹ ਦੇ ਇੱਕ ਮੁਲਜ਼ਮ ਨੂੰ ਦਿੱਤੀ ਜਾ ਰਹੀ ਸਰਪ੍ਰਸਤੀ 'ਤੇ ਮੁੱਖ ਮੰਤਰੀ ਦੀ ਚੁੱਪ 'ਤੇ ਵੀ ਸਵਾਲ ਚੁੱਕੇ। ਵੜਿੰਗ ਨੇ ਕਿਹਾ ਕਿ ਇੱਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਅਤੇ ਦੂਜੇ ਪਾਸੇ

• ਬਾਕੀ ਸਫਾ 2 'ਤੇ

## ਪਾਸ਼ ਦੇ ਜਨਮ ਦਿਹਾੜੇ ਦੇ ਸਮਾਗਮ ਦੀਆਂ ਤਿਆਰੀਆਂ ਮੁਕੰਮਲ



**ਸ਼ਾਹਕੋਟ (ਗਿਆਨ ਸੈਦਪੁਰੀ)**
ਪੰਜਾਬੀ ਦੇ ਸਿਰਮੌਰ ਕਵੀ ਅਵਤਾਰ ਪਾਸ਼ ਦੇ ਜੱਦੀ ਪਿੰਡ ਤਲਵੰਡੀ ਸਲੇਮ ਵਿਖੇ 9 ਸਤੰਬਰ ਪਾਸ਼ ਦੇ 76ਵੇਂ ਜਨਮ ਦਿਨ ਮੌਕੇ ਕੀਤੇ ਜਾ ਰਹੇ ਸੂਬਾਈ ਸਮਾਗਮ ਦੀਆਂ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। 7 ਸਤੰਬਰ ਤੋਂ ਹੀ ਪੰਜਾਬ ਭਰ 'ਚੋਂ ਪਹੁੰਚੇ ਖੇਤ ਮਜ਼ਦੂਰ, ਕਿਸਾਨ ਜਥੇਬੰਦੀਆਂ ਵਲੰਟੀਅਰਾਂ ਦੇ ਨਾਲ ਪਿੰਡ ਦੇ ਨੌਜਵਾਨ ਤੇ ਕਿਸਾਨ-ਮਜ਼ਦੂਰ ਵੀ ਪ੍ਰਬੰਧਕੀ ਕੰਮਾਂ 'ਚ ਜੁਟੇ ਹੋਏ ਹਨ। ਉਹਨਾਂ ਵੱਲੋਂ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਵਿਖੇ ਡੇਰੇ ਲਾਏ ਹੋਏ ਹਨ। ਕਮੇਟੀ ਦੇ ਮੈਂਬਰ ਹਰਮੇਸ਼ ਮਾਲੜੀ ਤੇ ਅਮੋਲਕ ਸਿੰਘ ਨੇ ਦੱਸਿਆ ਕਿ ਪੰਜਾਬ ਭਰ 'ਚੋਂ ਹਜ਼ਾਰਾਂ ਦੀ ਗਿਣਤੀ 'ਚ ਪਹੁੰਚ ਰਹੇ ਲੇਖਕਾਂ, ਬੁੱਧੀਜੀਵੀਆਂ, ਤਰਕਸ਼ੀਲਾਂ ਅਤੇ ਮਜ਼ਦੂਰਾਂ, ਕਿਸਾਨਾਂ ਦੇ ਕਾਫ਼ਲਿਆਂ ਦੇ ਬੈਠਣ ਲਈ ਵਿਸ਼ਾਲ ਪੰਡਾਲ ਤਿਆਰ ਹੋ ਚੁੱਕਿਆ ਹੈ ਅਤੇ ਲੰਗਰ ਦੇ ਪ੍ਰਬੰਧ ਵੀ ਵੱਡੇ ਪੱਧਰ 'ਤੇ ਕੀਤੇ ਜਾ ਚੁੱਕੇ ਹਨ। ਉਹਨਾਂ ਦੱਸਿਆ ਕਿ ਪਾਸ਼ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ ਦੌਰਾਨ ਨਾਟਕਕਾਰ ਸਵਰਾਜਬੀਰ ਹੁਰਾਂ ਦਾ ਲਿਖਿਆ ਨਾਟਕ 'ਅਸੀਂ ਲੜਾਂਗੇ ਸਾਥੀ' ਉੱਘੇ ਰੰਗਕਰਮੀ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਬੜੇ ਹੀ ਭਾਵਪੂਰਤ ਅੰਦਾਜ਼ 'ਚ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਉੱਘੇ ਲੇਖਕਾਂ ਤੇ ਵਿਦਵਾਨਾਂ ਸਮੇਤ ਮਜ਼ਦੂਰ, ਕਿਸਾਨ ਜਥੇਬੰਦੀਆਂ ਦੇ ਪ੍ਰਮੁੱਖ ਆਗੂ ਸਮਾਗਮ ਨੂੰ ਸੰਬੋਧਨ ਕਰਨਗੇ। ਪੰਜਾਬ ਭਰ 'ਚੋਂ ਜੁ ੜੇ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਚੌਕੀਦਾਰ ਚੋਰ ਦਾ ਲੱਗਿਆ ਜਦੋਂ ਨਾਅਰਾ,
ਗਈ ਸਿਆਸਤ ਸੀ ਦੇਸ਼ ਦੀ ਹਿੱਲ ਮੀਆਂ।
ਰਾਹੁਲ ਗਾਂਧੀ ਨੇ ਜਿੱਦਾਂ ਸੀ ਪਹਿਲ ਕੀਤੀ,
ਕਾਂਗਰਸ ਲੀਡਰਾਂ ਨੇ ਲਾ'ਤਾ ਟਿੱਲ ਮੀਆਂ।
ਕੋਨੇ-ਕੋਨੇ ਵਿੱਚ ਭਾਰਤ ਦੇ ਗੂੰਜਿਆ ਇਹ,
ਸਿੱਟਾ ਨਿਕਲਿਆ ਆਖਰ ਸੀ ਨਿੱਲ ਮੀਆਂ।
ਓਦੋਂ ਰਾਹੁਲ 'ਤੇ ਕਿਸੇ ਕੋਈ ਕੇਸ ਕਰਿਆ,
ਬਣਿਆ ਕੇਸ ਸੀ ਟਾਇਰ ਦਾ ਕਿੱਲ ਮੀਆਂ।
ਖਹਿੜਾ ਰਾਹੁਲ ਦਾ ਹਾਲੇ ਤੱਕ ਛੁੱਟਦਾ ਨਾ,
ਮੁੜ-ਮੁੜ ਰਹੀ ਅਦਾਲਤ ਵੀ ਸੱਦ ਮੀਆਂ।
ਹਾਈ ਕੋਰਟ ਵੀ ਕ'ਰਤੀ ਆ ਰੱਦ ਅਰਜ਼ੀ,
ਕੀਤਾ ਵਾਰੰਟ ਨਹੀਂ ਕੋਰਟ ਦਾ ਰੱਦ ਮੀਆਂ।

-ਤੀਸ ਮਾਰ ਖਾਂ

## ਸਾਧੂਆਂ ਦੇ ਦੌਰੇ ਵੇਲੇ ਮਹਿਲਾ ਸਟਾਫ ਨੂੰ ਦੂਰ ਕਰਨ 'ਤੇ ਹੜਤਾਲ



**ਪੈਰਿਸ (ਨ ਜ਼ ਸ)**-ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਆਈਫਲ ਟਾਵਰ ਸੋਮਵਾਰ ਮਜ਼ਦੂਰਾਂ ਦੀ ਹੜਤਾਲ ਕਾਰਨ ਬੰਦ ਰਿਹਾ। ਇਹ ਘਟਨਾ ਸ਼ਨੀਵਾਰ ਨੂੰ ਹਿੰਦੂ ਸੰਗਠਨ ਬੋਚਸਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀ ਨਾਰਾਇਣ ਸੰਸਥਾ (ਬੀ ਏ ਪੀ ਐੱਸ) ਦੇ ਮੌਜੂਦਾ ਮਹੰਤ ਸਵਾਮੀ ਮਹਾਰਾਜ ਸਣੇ ਲਗਭਗ 100 ਮੈਂਬਰਾਂ ਦੇ ਦੌਰੇ ਤੋਂ ਬਾਅਦ ਵਾਪਰੀ। ਇਹ ਦੋਸ਼ ਹੈ ਕਿ ਆਈਫਲ ਟਾਵਰ ਦੇ ਮਹਿਲਾ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ ਜਦੋਂ ਗਰੁੱਪ ਇਸ ਇਤਿਹਾਸਕ ਸਥਾਨ 'ਤੇ ਹੋਵੇਗਾ ਤਾਂ ਉਹ ਆਪਣੇ ਆਪ ਨੂੰ ਉਸ ਦੀਆਂ ਨਜ਼ਰਾਂ ਤੋਂ ਦੂਰ ਰੱਖਣ। ਕੁਝ ਨੂੰ ਆਪਣੇ ਵਰਕ ਸਟੇਸ਼ਨ ਛੱਡਣ ਅਤੇ ਦੂਜੇ ਖੇਤਰਾਂ ਵਿੱਚ ਜਾਣ ਲਈ ਕਿਹਾ ਗਿਆ, ਜਦੋਂ ਕਿ ਕੁਝ ਖਾਸ ਥਾਵਾਂ 'ਤੇ ਮਰਦ ਸਟਾਫ ਨੂੰ ਤਾਇਨਾਤ ਕਰ ਦਿੱਤਾ ਗਿਆ । ਮਹਿਲਾ ਕਰਮਚਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਗਏ ਕਿ ਜਦੋਂ ਗਰੁੱਪ ਮੌਜੂਦ ਹੋਵੇ, ਤਾਂ ਉਹ ਖਾਸ ਖੇਤਰਾਂ ਵਿੱਚੋਂ ਨਾ ਲੰਘਣ ਜਾਂ ਪਾਰ ਨਾ ਕਰਨ। ਮਹਿਲਾ ਕਰਮਚਾਰੀਆਂ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ। ਕਰਮਚਾਰੀਆਂ ਨੇ ਸੋਮਵਾਰ ਮੀਟਿੰਗ ਕਰਕੇ ਮੈਨੇਜਮੈਂਟ ਨਾਲ ਗੱਲ ਕੀਤੀ। ਗੱਲ ਨਹੀਂ ਬਣੀ ਤਾਂ ਕਰਮਚਾਰੀਆਂ ਨੇ ਹੜਤਾਲ ਕਰ ਦਿੱਤੀ, ਜਿਸ ਕਾਰਨ ਆਈਫਲ ਟਾਵਰ ਬੰਦ ਰਿਹਾ। ਬਾਅਦ ਵਿੱਚ ਆਈਫਲ ਟਾਵਰ ਮੈਨੇਜਮੈਂਟ ਨੇ ਮੰਨਿਆ ਕਿ ਉਸ ਨੂੰ ਅਜਿਹੀ ਬੇਨਤੀ ਨਹੀਂ ਮੰਨਣੀ ਚਾਹੀਦੀ ਸੀ।

ਬੀ ਏ ਪੀ ਐੱਸ ਨੇ ਕਿਹਾ ਕਿ ਲਗਭਗ 100 ਲੋਕਾਂ ਲਈ ਆਈਫਲ ਟਾਵਰ ਟੂਰ ਦੀ ਯੋਜਨਾ ਸੰਗਠਨ ਅਤੇ ਟਾਵਰ ਦੀ ਮੈਨੇਜਮੈਂਟ ਨੇ ਸਾਂਝੇ ਤੌਰ 'ਤੇ ਬਣਾਈ ਸੀ। ਇਸ ਟੂਰ ਦਾ ਸਮਾਂ ਹੋਰ ਸੈਲਾਨੀਆਂ ਲਈ ਘੱਟ ਤੋਂ ਘੱਟ ਵਿਘਨ ਪਾਉਣ ਲਈ ਵੀ ਰੱਖਿਆ ਗਿਆ ਸੀ। ਕਿਸੇ ਨੂੰ ਵੀ ਆਈਫਲ ਟਾਵਰ ਵਿੱਚ ਦਾਖਲ ਹੋਣ ਤੋਂ ਨਹੀਂ ਰੋਕਿਆ ਗਿਆ, ਹਾਲਾਂਕਿ ਜੇ ਇਸ ਘਟਨਾ ਨਾਲ ਕਿਸੇ ਨੂੰ ਕੋਈ ਪਰੇਸ਼ਾਨੀ ਜਾਂ ਬੇਅਰਾਮੀ ਹੋਈ ਹੈ ਤਾਂ ਬੀ ਏ ਪੀ ਐੱਸ ਮੁਆਫੀ ਮੰਗਦਾ ਹੈ।

ਬੀ ਏ ਪੀ ਐੱਸ ਆਪਣੇ ਆਪ ਨੂੰ ਇੱਕ ਹਿੰਦੂ ਰੂਹਾਨੀ ਅਤੇ ਚੈਰੀਟੇਬਲ ਸੰਗਠਨ ਵਜੋਂ ਦਰਸਾਉਂਦਾ ਹੈ। ਇਸ ਦੇ ਲੰਡਨ, ਲਾਸ ਏਂਜਲਸ ਅਤੇ ਸਿਡਨੀ ਸਮੇਤ ਕਈ ਸ਼ਹਿਰਾਂ ਵਿੱਚ ਮੰਦਰ ਹਨ। ਐਤਵਾਰ ਇਸ ਦੇ ਫਰਾਂਸ ਵਿੱਚ ਪਹਿਲੇ ਵੱਡੇ ਮੰਦਰ ਦਾ ਉਦਘਾਟਨ ਪੈਰਿਸ ਵਿੱਚ ਕੀਤਾ ਗਿਆ।

ਕਈ ਫਰਾਂਸੀਸੀ ਸਿਆਸੀ ਨੇਤਾਵਾਂ ਨੇ ਵੀ ਇਸ ਘਟਨਾ ਦੀ ਆਲੋਚਨਾ ਕੀਤੀ ਹੈ। ਪੈਰਿਸ ਦੇ ਮੇਅਰ ਇਮੈਨੁਅਲ ਗ੍ਰੇਗੋਇਰ ਨੇ ਮਾਮਲੇ ਦੀ ਜਾਂਚ ਦੀ ਮੰਗ ਕਰਦਿਆਂ ਕਰਮਚਾਰੀਆਂ ਦੇ ਗੁੱਸੇ ਨੂੰ ਜਾਇਜ਼ ਦੱਸਿਆ। ਫਰਾਂਸ ਦੇ ਸਮਾਨਤਾ ਮੰਤਰੀ ਔਰੋਰ ਬਰਗੇ ਨੇ ਕਿਹਾ ਕਿ ਫਰਾਂਸ ਵਿੱਚ ਔਰਤਾਂ ਨੂੰ ਆਪਣੇ ਆਪ ਨੂੰ ਲੁਕੋਣ ਲਈ ਨਹੀਂ ਕਿਹਾ ਜਾਂਦਾ। ਕੋਈ ਵੀ ਧਰਮ ਦੇਸ਼ ਦੇ ਕਾਨੂੰਨ ਤੋਂ

• ਬਾਕੀ ਸਫਾ 2 'ਤੇ

## ਦੇਸ਼ 'ਚ ਵਧ ਰਹੀ ਹੈ ਅਰਾਜਕਤਾ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਦਿੱਲੀ ਵਿੱਚ ਇੱਕ ਮਣੀਪੁਰੀ ਸੰਗੀਤਕਾਰ ਦੀ ਕੁੱਟ-ਕੁੱਟ ਕੇ ਹੱਤਿਆ ਕਰਨ ਦੇ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਦਿੱਲੀ ਪੁਲਸ ਦੀ ਭੂਮਿਕਾ 'ਤੇ ਸਵਾਲ ਉਠਾਏ ਹਨ ਤੇ ਕਿਹਾ ਹੈ ਕਿ ਦੇਸ਼ ਵਿਚ ਅਰਾਜਕਤਾ ਵਧ ਰਹੀ ਹੈ। ਰਾਹੁਲ ਗਾਂਧੀ ਨੇ ਦਿੱਲੀ ਘਟਨਾ ਦੀ ਤੇਜ਼ੀ ਨਾਲ ਜਾਂਚ ਦੀ ਮੰਗ ਕੀਤੀ ਹੈ। ਮਣੀਪੁਰ ਦੇ ਇੱਕ 54 ਸਾਲਾ ਸੰਗੀਤਕਾਰ ਚੋਂਗਥਮ ਵਿਕਰਮ ਸਿੰਘ ਦੀ ਮੌਤ ਸੋਮਵਾਰ ਤੜਕੇ ਕਿਲੋਕਰੀ ਪਿੰਡ ਵਿੱਚ ਉਸ ਦੇ ਅਪਾਰਟਮੈਂਟ ਦੇ ਬਾਹਰ ਡਿਲੀਵਰੀ ਕਰਮਚਾਰੀਆਂ ਅਤੇ ਢਾਬਾ ਸਟਾਫ ਦੇ ਇੱਕ ਸਮੂਹ ਦੁਆਰਾ ਹਮਲਾ ਕਰਨ ਤੋਂ ਬਾਅਦ ਹੋਈ। ਰਾਹੁਲ ਨੇ ਐਕਸ ਉਪਰ ਇਕ ਪੋਸਟ ਵਿਚ ਕਿਹਾ, "ਮਣੀਪੁਰ ਦੇ ਇੱਕ ਮਸ਼ਹੂਰ ਸੰਗੀਤਕਾਰ ਚੋਂਗਥਮ ਵਿਕਰਮ ਸਿੰਘ ਜੀ, ਕੁਝ ਆਦਮੀਆਂ ਨੂੰ ਆਪਣੇ ਘਰ ਦੇ ਬਾਹਰ ਸ਼ੋਰ ਘੱਟ ਕਰਨ ਲਈ ਕਹਿਣ ਲਈ ਹੇਠਾਂ ਗਏ ਸਨ। ਇਸ ਲਈ ਉਨ੍ਹਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ।" ਉਨ੍ਹਾ ਕਿਹਾ ਕਿ ਇੱਕ ਪਿਤਾ, ਆਪਣੇ ਹੀ ਦੇਸ਼ ਦੀ ਰਾਜਧਾਨੀ ਵਿੱਚ ਆਪਣੇ ਹੀ ਘਰ ਦੇ ਬਾਹਰ ਮਾਰਿਆ ਗਿਆ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਰਹਿਣ ਵਾਲੇ ਉੱਤਰ-ਪੂਰਬ ਦੇ ਪਰਵਾਰ ਹੁਣ ਇਹ ਸਵਾਲ ਕਰ ਰਹੇ ਹਨ ਕਿ ਕੀ ਉਹ ਸੁਰੱਖਿਅਤ ਹਨ? ਗਾਂਧੀ ਨੇ ਕਿਹਾ, "ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਤੋਂ ਬਾਅਦ ਦਿੱਲੀ ਵਿੱਚ ਹਰ ਉੱਤਰ-ਪੂਰਬੀ ਪਰਵਾਰ ਅੱਜ ਇਹੀ ਸਵਾਲ ਪੁੱਛ ਰਿਹਾ ਹੈ ਕਿ ਕੀ ਉਹ ਇੱਥੇ ਸੁਰੱਖਿਅਤ ਹਨ? ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਇਹ ਵੀ ਸਵਾਲ ਕੀਤਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਗ੍ਰਹਿ ਮੰਤਰਾਲੇ ਅਤੇ ਦਿੱਲੀ ਪੁਲਸ ਉਸ ਚੀਜ਼ ਨਾਲ ਨਜਿੱਠਣ ਲਈ ਕੀ ਕਰ ਰਹੇ ਹਨ, ਜਿਸ ਨੂੰ ਉਨ੍ਹਾਂ ਨੇ 'ਵਧ ਰਹੀ ਅਰਾਜਕਤਾ' ਵਜੋਂ ਦਰਸਾਇਆ ਹੈ, ਖਾਸ ਕਰਕੇ ਉੱਤਰ-ਪੂਰਬ ਦੇ ਲੋਕਾਂ ਵਿਰੁੱਧ। ਉਨ੍ਹਾਂ ਨੇ ਸੰਗੀਤਕਾਰ ਦੇ

• ਬਾਕੀ ਸਫਾ 2 'ਤੇ

## ਸੰਧਵਾਂ ਖਿਲਾਫ਼ ਧਰਨੇ 'ਚ ਜ਼ਿਲ੍ਹੇ 'ਚੋਂ ਤਿੰਨ ਬੱਸਾਂ ਜਾਣਗੀਆਂ : ਸੁਖਮੰਦਰ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਪੈਨਸ਼ਨ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਮੋਗਾ ਦੀ ਮੀਟਿੰਗ ਲੈਕਚਰਾਰ ਸੁਖਮੰਦਰ ਸਿੰਘ ਦੀ ਪ੍ਰਧਾਨਗੀ ਹੇਠ ਸੁਤੰਤਰਤਾ ਸੈਨਾਨੀ ਭਵਨ ਵਿਖੇ ਹੋਈ।ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਸਕੱਤਰ ਸਰਬਜੀਤ ਦੌਧਰ ਨੇ ਬਾਖ਼ੂਬੀ ਨਿਭਾਈ।ਸੁਖਮੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮਾਨਯੋਗ ਹਾਈ ਕੋਰਟ ਦੇ ਫੈਸਲੇ ਅਨੁਸਾਰ ਮਹਿੰਗਾਈ ਭੱਤੇ ਦੀ ਅਦਾਇਗੀ 31 ਅਗਸਤ ਤੱਕ ਲਾਗੂ ਨਾ ਕਰਕੇ ਅਤੇ ਸੁਪਰੀਮ ਕੋਰਟ ਵਿੱਚ ਐੱਸ ਐੱਲ ਪੀ ਪਾ ਕੇ ਪੰਜਾਬ ਦੇ ਮੁਲਾਜ਼ਮਾਂ/ਪੈਨਸ਼ਨਰਾਂ ਦੀ ਮਹਿੰਗਾਈ ਭੱਤੇ ਸਬੰਧੀ ਸੰਵਿਧਾਨਕ ਮੰਗ ਨੂੰ ਟਾਲਣ ਤੇ ਲੰਮਾ ਪਾਉਣ ਦੀ ਚਾਲ ਚੱਲੀ ਹੈ, ਜਿਸ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਛੇਵੇਂ ਪੇ ਕਮਿਸ਼ਨ ਦੀਆਂ ਰਹਿੰਦੀਆਂ ਸਿਫਾਰਸ਼ਾਂ ਤੁਰੰਤ ਲਾਗੂ ਕਰਕੇ 2.59 ਦਾ ਗੁਣਾਂਕ ਜਨਵਰੀ 2016 ਤੋਂ ਪਹਿਲੇ ਪੈਨਸ਼ਨਰਾਂ 'ਤੇ ਲਾਗੂ ਕੀਤਾ ਜਾਵੇ।ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਨੇ ਪਿਛਲੇ ਸਮੇਂ ਚੱਲੇ ਸਾਂਝੇ ਸੰਘਰਸ਼ਾਂ ਬਾਰੇ ਵਿਸਥਾਰਤ ਰਿਪੋਰਟ ਪੇਸ਼ ਕੀਤੀ ਤੇ ਸੂਬਾ ਕਮੇਟੀ ਦੀ ਮੀਟਿੰਗ ਦੇ ਵੇਰਵੇ ਸਾਂਝੇ ਕੀਤੇ।ਉਨ੍ਹਾਂ ਪੰਜਾਬ ਸਰਕਾਰ ਦੇ ਤਿੰਨ ਮੰਤਰੀਆਂ ਦੀ ਪ੍ਰੈੱਸ ਕਾਨਫਰੰਸ ਨੂੰ ਮੁਲਾਜ਼ਮਾਂ ਵਿਰੁੱਧ ਝੂਠੇ ਤੇ ਕੂੜ ਪ੍ਰਚਾਰ ਨੂੰ ਹਾਸੋਹੀਣਾ ਕਰਾਰ ਦਿੱਤਾ ਕਿ ਪੰਜਾਬ ਦੇ ਮੁਲਾਜ਼ਮ ਕੇਂਦਰ ਤੇ ਦੂਜੇ ਰਾਜਾਂ ਨਾਲੋਂ ਵੱਧ ਤਨਖਾਹਾਂ ਤੇ ਭੱਤੇ ਪ੍ਰਾਪਤ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਨਵੇਂ ਭਰਤੀ ਹੋਏ ਮੁਲਾਜ਼ਮ ਤਿੰਨ ਸਾਲ ਕੇਵਲ ਬੇਸਿਕ ਪੇ 19900 'ਤੇ ਹੀ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਇਸ ਸਮੇਂ ਦੌਰਾਨ ਕੋਈ ਮਹਿੰਗਾਈ ਭੱਤਾ ਜਾਂ ਹੋਰ ਭੱਤੇ ਨਹੀਂ ਮਿਲਦੇ, ਜਦੋਂ ਕਿ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਨੂੰ ਭਰਤੀ ਹੋਣ ਤੋਂ ਹੀ ਪੂਰੀ ਤਨਖਾਹ ਤੇ ਭੱਤੇ ਮਿਲਦੇ ਹਨ।ਸੁਰਿੰਦਰ ਰਾਮ ਕੁੱਸਾ ਸੂਬਾ ਜਨਰਲ ਸਕੱਤਰ ਨੇ ਕੈਬਨਿਟ ਮੰਤਰੀ ਦੇ ਉਸ ਬਿਆਨ, ਕਿ ਕੇਂਦਰ ਮੁਤਾਬਕ ਮਹਿੰਗਾਈ ਭੱਤਾ ਦੇਣਾ ਸਾਡੀ ਪੰਜਾਬ ਦੀ ਖ਼ੁਦ ਮੁਖ਼ਤਿਆਰੀ ਦੇ ਉਲਟ ਹੈ, ਨੂੰ ਬਹੁਤ ਹੀ ਮੰਦਭਾਗਾ ਤੇ ਤੱਥਾਂ ਤੋਂ ਉਲਟ ਦੱਸਿਆ।ਇਸ ਮੌਕੇ ਬੁਲਾਰਿਆਂ ਨਾਇਬ ਸਿੰਘ, ਵਿੱਕਰ ਸਿੰਘ ਮਾਛੀਕੇ, ਤੇਜਾ ਸਿੰਘ ਘੱਲ ਕਲਾਂ, ਬਲਬੀਰ ਸਿੰਘ ਮੋਗਾ, ਬਲਵਿੰਦਰ ਸਿੰਘ ਗਿੱਲ, ਪ੍ਰੇਮ ਕੁਮਾਰ ਨੇ ਕਿਹਾ ਕਿ 12 ਸਤੰਬਰ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਅੱਗੇ ਲਗਾਏ ਜਾ ਰਹੇ ਧਰਨੇ ਵਿੱਚ ਮੋਗਾ ਜ਼ਿਲ੍ਹੇ 'ਚੋਂ ਲਗਭਗ 150 ਸਾਥੀ ਤਿੰਨ ਬੱਸਾਂ ਰਾਹੀਂ ਕੂਚ ਕਰਨਗੇ।ਮੀਟਿੰਗ ਵਿੱਚ ਨੇਪਾਲ ਦੇ ਭੂਚਾਲ ਪੀੜਤਾਂ ਤੇ ਦਿੱਲੀ ਵਿੱਚ ਇੱਕ ਬਿਲਡਿੰਗ ਦੇ ਡਿੱਗਣ ਨਾਲ ਮਾਰੇ ਗਏ ਵਿਦਿਆਰਥੀਆਂ ਸਬੰਧੀ ਸ਼ੋਕ ਮਤੇ ਪਾਸ ਕਰਕੇ ਪਰਿਵਾਰਾਂ/ਮਾਪਿਆਂ ਨਾਲ ਦੁੱਖ ਸਾਂਝਾ ਕੀਤਾ।

## ਨੌਜਵਾਨ ਦੀ ਕਰੰਟ ਲੱਗਣ ਨਾਲ ਮੌਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗੋਪਾਲ ਕਾਲੋਨੀ ਵਿੱਚ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਦਾ ਕੰਮ ਕਰ ਰਹੇ ਇੱਕ ਠੇਕੇਦਾਰ ਦੇ ਕਾਮੇ ਦੀ ਅਚਾਨਕ ਕਰੰਟ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ।ਮ੍ਰਿਤਕ ਦੀ ਪਛਾਣ ਰਾਹੁਲ (32 ਸਾਲ), ਪਿੰਡ ਚਾਂਦਪੁਰ, ਜ਼ਿਲ੍ਹਾ ਬਿਜਨੌਰ (ਉੱਤਰ ਪ੍ਰਦੇਸ਼) ਵਜੋਂ ਹੋਈ ਹੈ।ਮਿਲੀ ਜਾਣਕਾਰੀ ਅਨੁਸਾਰ ਰਾਹੁਲ ਪਿਛਲੇ ਕਰੀਬ 3 ਮਹੀਨਿਆਂ ਤੋਂ ਇੱਕ ਠੇਕੇਦਾਰ ਕੋਲ ਕੰਮ ਕਰ ਰਿਹਾ ਸੀ ਤੇ ਪਟਿਆਲਾ ਦੇ ਵੱਖ-ਵੱਖ ਇਲਾਕਿਆਂ ਵਿੱਚ ਬਿਜਲੀ ਦੀਆਂ ਤਾਰਾਂ ਦੀ ਸਾਂਭ-ਸੰਭਾਲ ਤੇ ਮੁਰੰਮਤ ਨਾਲ ਜੁੜੇ ਕੰਮਾਂ ਵਿੱਚ ਲੱਗਿਆ ਹੋਇਆ ਸੀ।ਬੀਤੀ 7 ਸਤੰਬਰ ਨੂੰ ਜਦੋਂ ਗੋਪਾਲ ਕਾਲੋਨੀ ਇਲਾਕੇ ਵਿੱਚ ਤਾਰਾਂ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ, ਤਾਂ ਅਚਾਨਕ ਲਾਈਨ ਵਿੱਚ ਤੇਜ਼ ਕਰੰਟ ਆ ਗਿਆ।ਕਰੰਟ ਇੰਨਾ ਜ਼ੋਰਦਾਰ ਸੀ ਕਿ ਰਾਹੁਲ ਬੁਰੀ ਤਰ੍ਹਾਂ ਝੁਲਸ ਗਿਆ ਤੇ ਉਸ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ।ਇਸ ਦਰਦਨਾਕ ਹਾਦਸੇ ਕਾਰਨ ਆਲੇ-ਦੁਆਲੇ ਦੇ ਇਲਾਕੇ ਵਿੱਚ ਸਹਿਮ ਤੇ ਸੋਗ ਦਾ ਮਾਹੌਲ ਬਣ ਗਿਆ।ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ।ਇਸ ਮਾਮਲੇ ਦੀ ਜਾਂਚ ਥਾਣਾ ਕੋਤਵਾਲੀ ਦੇ ਜਾਂਚ ਅਧਿਕਾਰੀ ਮੰਗਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਮੁੱਢਲੀ ਪੜਤਾਲ ਮੁਤਾਬਕ ਬਿਜਲੀ ਬੋਰਡ ਵੱਲੋਂ ਤਾਰਾਂ ਵਿੱਚ ਕਰੰਟ ਨਹੀਂ ਛੱਡਿਆ ਗਿਆ ਸੀ।ਉਨ੍ਹਾਂ ਸਪੱਸ਼ਟ ਕੀਤਾ ਕਿ ਕੰਮ ਦੌਰਾਨ ਲਾਈਨ ਬੰਦ ਰੱਖਣ ਦੇ ਬਾਵਜੂਦ ਕਰੰਟ ਕਿਵੇਂ ਤੇ ਕਿੱਥੋਂ ਆਇਆ, ਇਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।ਜਾਂਚ ਪੂਰੀ ਹੋਣ ਉਪਰੰਤ ਹੀ ਹਾਦਸੇ ਦੇ ਅਸਲ ਕਾਰਨਾਂ ਤੇ ਲਾਪ੍ਰਵਾਹੀ ਦਾ ਪਤਾ ਲੱਗ ਸਕੇਗਾ, ਜਿਸ ਦੇ ਆਧਾਰ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸੰਘਰਸ਼ ਦੀ ਹਮਾਇਤ 'ਚ ਬਿਜਲੀ ਮੁਲਾਜ਼ਮਾਂ ਵੱਲੋਂ ਗੇਟ ਰੈਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝੇ ਮੰਚ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਚਲਾਏ ਜਾ ਰਹੇ ਸੰਘਰਸ਼ ਦੀ ਹਮਾਇਤ ਵਿੱਚ ਟੈਕਨੀਕਲ ਸਰਵਿਸਿਜ਼ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਫਿਰੋਜ਼ਪੁਰ ਦੇ ਬਿਜਲੀ ਮੁਲਾਜ਼ਮਾਂ ਵੱਲੋਂ ਗੇਟ ਰੈਲੀ ਕੀਤੀ ਗਈ। ਇਸ ਦੌਰਾਨ ਮੁਲਾਜ਼ਮਾਂ ਨੇ ਸਰਕਾਰ ਦੀਆਂ ਨੀਤੀਆਂ ਤੇ ਫੈਸਲਿਆਂ ਖ਼ਿਲਾਫ਼ ਰੋਸ ਪ੍ਰਗਟ ਕੀਤਾ। ਇਸ ਰੈਲੀ ਦੀ ਪ੍ਰਧਾਨਗੀ ਰਜਿੰਦਰ ਸ਼ਰਮਾ ਨੇ ਕੀਤੀ। ਗੇਟ ਰੈਲੀ ਰਜਿੰਦਰ ਸ਼ਰਮਾ ਨੇ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੌਜੂਦਾ ਸਰਕਾਰ ਵੱਲੋਂ ਮੁਲਾਜ਼ਮ ਵਰਗ ਨਾਲ ਕਈ ਵਾਅਦੇ ਕੀਤੇ ਗਏ ਸਨ, ਪਰ ਸੱਤਾ ਸੰਭਾਲਣ ਤੋਂ ਬਾਅਦ ਸਰਕਾਰ ਆਪਣੇ ਹੀ ਬਿਆਨਾਂ ਤੋਂ ਮੁਨਕਰ ਹੋ ਗਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਦਾ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਮੌਜੂਦਾ ਸਰਕਾਰ ਨੂੰ ਸੱਤਾ ਵਿੱਚ ਲਿਆਉਣ 'ਚ ਮੁਲਾਜ਼ਮ ਵਰਗ ਦੀ ਅਹਿਮ ਭੂਮਿਕਾ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਇਹੀ ਮੁਲਾਜ਼ਮ ਵਰਗ ਸਰਕਾਰ ਨੂੰ ਸੱਤਾ ਤੋਂ ਪਾਸੇ ਕਰਨ ਦਾ ਕੰਮ ਕਰੇਗਾ। ਉਨ੍ਹਾਂ ਰੋਸ ਜਤਾਇਆ ਕਿ ਸਰਕਾਰ ਵੱਲੋਂ ਸੰਵਿਧਾਨਕ ਨਿਯਮਾਂ ਤੇ ਮਾਣਯੋਗ ਅਦਾਲਤਾਂ ਦੇ ਹੁਕਮਾਂ ਦੀ ਵੀ ਪਾਲਣਾ ਨਹੀਂ ਕੀਤੀ ਜਾ ਰਹੀ। ਇਸ ਮੌਕੇ ਸਰਕਾਰ ਦੇ ਕਥਿਤ ਗਲਤ ਆਰਡਰਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਰੈਲੀ ਦੇ ਸਟੇਜ ਦੀ ਕਾਰਵਾਈ ਜਗਸੀਰ ਸਿੰਘ ਵੱਲੋਂ ਨਿਭਾਈ ਗਈ। ਇਸ ਰੈਲੀ ਨੂੰ ਤਰਸੇਮ ਕੁਮਾਰ, ਚਕਮੌਰ ਸਿੰਘ, ਤਰਸੇਮ ਸਿੰਘ, ਲਖਵਿੰਦਰ ਸਿੰਘ, ਮਨਦੀਪ ਸਿੰਘ, ਗੁਰਦੇਵ ਸਿੰਘ, ਰਮਨਦੀਪ ਸਿੰਘ, ਰਵੀ ਸ਼ਰਮਾ, ਕੁਲਵੰਤ ਸਿੰਘ, ਸ਼ਾਮ ਸਿੰਘ ਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ।

## ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਰਕਾਰ ਤੇ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਤੇ ਪਾਵਰਕਾਮ ਟਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਡਵੀਜ਼ਨ ਰਾਜਪੁਰਾ ਦੇ ਪ੍ਰਧਾਨ ਸਾਥੀ ਕੁਲਦੀਪ ਸਿੰਘ ਤੇ ਜੀਵਨ ਸਿੰਘ ਦੀ ਪ੍ਰਧਾਨਗੀ ਹੇਠ ਪੰਜਾਬ ਸਰਕਾਰ ਤੇ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸੂਬਾ ਸਕੱਤਰ ਸਾਥੀ ਬਲਜੀਤ ਕੁਮਾਰ ਧੀਮਾਨ, ਪੈਨਸ਼ਨਰ ਆਗੂ ਸਾਥੀ ਰਜਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ। ਉਪਰੋਕਤ ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੀਡਰਾਂ ਦੀਆਂ ਕੀਤੀਆਂ ਨਜਾਇਜ਼ ਬਦਲੀਆਂ ਤੁਰੰਤ ਬਿਨਾਂ ਕਿਸੇ ਦੇਰੀ ਤੋਂ ਰੱਦ ਕੀਤੀਆਂ ਜਾਣ ਅਤੇ ਬਣਦਾ 60% ਡੀ ਏ ਤੁਰੰਤ ਜਾਰੀ ਕੀਤਾ ਜਾਵੇ ਅਤੇ ਵਾਜਿਬ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ। ਇਸ ਰੋਸ ਪ੍ਰਦਰਸ਼ਨ ਵਿੱਚ ਸਰਕਲ ਪਟਿਆਲਾ ਦੇ ਆਗੂ ਸਾਥੀ ਸੁਖਦੇਵ ਸਿੰਘ, ਡਵੀਜ਼ਨ ਰਾਜਪੁਰਾ ਦੇ ਆਗੂ ਸਾਥੀ ਬਲਜੀਤ ਸਿੰਘ, ਸਾਥੀ ਜੀਵਨ ਸਿੰਘ, ਸਾਥੀ ਦੇਵੀ ਪ੍ਰਸ਼ਾਦ ਅਤੇ ਹੋਰ ਪੈਨਸ਼ਨਰ ਤੇ ਮੌਜੂਦਾ ਆਗੂਆਂ ਅਤੇ ਵਰਕਰਾਂ ਨੇ ਹਿੱਸਾ ਲਿਆ। ਅੰਤ ਵਿੱਚ ਆਏ ਸਾਥੀਆਂ ਦਾ ਧੰਨਵਾਦ ਸਰਕਲ ਪਟਿਆਲਾ ਦੇ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਨੇ ਕੀਤਾ ਅਤੇ ਵਰਕਰਾਂ ਨੂੰ ਆਉਣ ਵਾਲੇ ਸੰਘਰਸ਼ਾਂ ਲਈ ਤਿਆਰ ਰਹਿਣ ਲਈ ਕਿਹਾ।

## ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਮੋਹਣਜੀਤ 'ਤੇ ਪੁਲਸ ਤਸ਼ੱਦਦ ਨਿੰਦਣਯੋਗ : ਕੌਮੀ ਇਨਸਾਫ਼ ਮੋਰਚਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿੰਡ ਸ਼ੇਰੋਂ ਵਿਖੇ ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਨੌਜਵਾਨ ਮੋਹਨਜੀਤ ਸਿੰਘ 'ਤੇ ਪੁਲਸ ਵੱਲੋਂ ਕੀਤੇ ਗਏ ਬੇਰਹਿਮ ਤਸ਼ੱਦਦ ਤੋਂ ਬਾਅਦ, ਕੌਮੀ ਇਨਸਾਫ਼ ਮੋਰਚੇ ਨੇ ਗੰਭੀਰ ਨੋਟਿਸ ਲਿਆ ਹੈ। ਕੌਮੀ ਇਨਸਾਫ਼ ਮੋਰਚੇ ਦੇ ਕਨਵੀਨਰ ਤੇ ਭਾਈ ਜਗਤਾਰ ਸਿੰਘ ਹਵਾਰਾ ਦੇ ਧਰਮੀ ਪਿਤਾ ਬਾਪੂ ਗੁਰਚਰਨ ਸਿੰਘ ਸਰਕਾਰੀ ਰਾਜਿੰਦਰਾ ਹਸਪਤਾਲ ਪਹੁੰਚੇ।ਉਨ੍ਹਾਂ ਐਮਰਜੈਂਸੀ ਵਾਰਡ ਵਿੱਚ ਦਾਖ਼ਲ ਨੌਜਵਾਨ ਦਾ ਹਾਲ-ਚਾਲ ਜਾਣਿਆ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ ਲੋਕਤੰਤਰ ਵਿੱਚ ਸਰਕਾਰ ਨੂੰ ਸਵਾਲ ਪੁੱਛਣਾ ਤੇ ਸ਼ਾਂਤਮਈ ਰੋਸ਼ ਪ੍ਰਦਰਸ਼ਨ ਕਰਨਾ ਹਰ ਨਾਗਰਿਕ ਦਾ ਸੰਵਿਧਾਨਿਕ ਅਧਿਕਾਰ ਹੈ, ਪ੍ਰੰਤੂ ਪਿੰਡ ਸ਼ੇਰੋ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 'ਲੋਕ ਮਿਲਣੀ' ਦੌਰਾਨ ਨਸ਼ਿਆਂ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਮੋਹਨਜੀਤ ਸਿੰਘ ਨਾਲ ਪੁਲਿਸ ਪ੍ਰਸ਼ਾਸਨ ਨੇ ਜੋ ਵਤੀਰਾ ਕੀਤਾ, ਉਹ ਬੇਹੱਦ ਸ਼ਰਮਨਾਕ ਤੇ ਨਿੰਦਣਯੋਗ ਹੈ।ਪੁਲਸ ਨੇ ਮੋਹਨਜੀਤ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਉਸ ਦੇ ਕੇਸਾਂ ਦੀ ਬੇਅਦਬੀ ਕੀਤੀ ਅਤੇ ਕੁੱਟ ਕੇ ਕੰਨ ਦਾ ਪਰਦਾ ਤੱਕ ਪਾੜ ਦਿੱਤਾ।ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਸੰਗਰੂਰ ਤੋਂ ਪਟਿਆਲਾ ਦੇ ਰਾਜਿੰਦਰ ਹਸਪਤਾਲ ਰੈਫ਼ਰ ਕਰਨਾ ਪਿਆ! ਅੰਤ ਵਿੱਚ ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੋਹਨਜੀਤ ਸਿੰਘ ਦਾ ਕੋਈ ਵੀ ਜਾਨੀ-ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਪੂਰੀ ਜ਼ਿੰਮੇਵਾਰੀ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਪੁਲਿਸ ਦੀ ਹੋਵੇਗੀ।

## ਖੇਤੀਬਾੜੀ ਅਧਿਕਾਰੀਆਂ ਵੱਲੋਂ ਨਰਮੇ ਦੇ ਖੇਤਾਂ ਦਾ ਦੌਰਾ, ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਖੇਤੀਬਾੜੀ ਅਫ਼ਸਰ ਹਰਪ੍ਰੀਤਪਾਲ ਕੌਰ ਤੇ ਜ਼ਿਲ੍ਹਾ ਟ੍ਰੇਨਿੰਗ ਅਫ਼ਸਰ ਪ੍ਰਭਜੋਤ ਕੌਰ ਵੱਲੋਂ ਖੇਤੀਬਾੜੀ ਵਿਭਾਗ ਦੀ ਟੀਮ ਸਮੇਤ ਬਲਾਕ ਸੰਗਤ ਦੇ ਵੱਖ-ਵੱਖ ਪਿੰਡਾਂ ਵਿੱਚ ਨਰਮੇ ਦੀ ਫ਼ਸਲ ਦਾ ਜਾਇਜ਼ਾ ਲੈਣ ਲਈ ਖੇਤਾਂ ਦਾ ਵਿਸ਼ੇਸ਼ ਦੌਰਾ ਕੀਤਾ ਗਿਆ।ਦੌਰੇ ਦਾ ਮੁੱਖ ਮੰਤਵ ਫ਼ਸਲ ਦੀ ਮੌਜੂਦਾ ਸਥਿਤੀ ਦਾ ਨਿਰੀਖਣ ਕਰਨਾ ਤੇ ਕਿਸਾਨਾਂ ਨੂੰ ਗੁਲਾਬੀ ਸੁੰਡੀ, ਚਿੱਟੀ ਮੱਖੀ ਤੇ ਹੋਰ ਬਿਮਾਰੀਆਂ/ਕੀੜਿਆਂ ਦੇ ਹਮਲੇ ਤੋਂ ਬਚਾਅ ਲਈ ਤਕਨੀਕੀ ਜਾਣਕਾਰੀ ਦੇਣਾ ਸੀ। ਨਿਰੀਖਣ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਫ਼ਸਲ ਉੱਤੇ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ ਦਾ ਨਿਯਮਿਤ ਸਰਵੇਖਣ ਕਰਨ ਤੇ ਕਿਸੇ ਵੀ ਕੀੜੇ ਜਾਂ ਬਿਮਾਰੀ ਦੇ ਲੱਛਣ ਦਿਸਣ 'ਤੇ ਘਬਰਾਉਣ ਦੀ ਬਜਾਏ ਖੇਤੀਬਾੜੀ ਮਾਹਰਾਂ ਦੀ ਸਲਾਹ ਲੈਣ।ਇਸ ਮੌਕੇ ਕਿਸਾਨ ਸ. ਭਗਵਾਨ ਸਿੰਘ ਪੁੱਤਰ ਗੁਰਮੇਲ ਸਿੰਘ ਪਿੰਡ ਗਹਿਰੀ ਬੁੱਟਰ ਦੇ ਖੇਤ ਦਾ ਦੌਰਾ ਕੀਤਾ ਗਿਆ ਤਾਂ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ ਨਰਮੇ ਦੀ ਪਹਿਲੀ ਚੁਗਾਈ ਕੀਤੀ ਜਾ ਚੁੱਕੀ ਹੈ, ਜਿਸ ਦਾ ਔਸਤਨ ਝਾੜ 6-7 ਮਨ ਪ੍ਰਤੀ ਏਕੜ ਨਿਕਲਿਆ ਹੈ। ਕਿਸਾਨ ਅੰਮ੍ਰਿਤਪਾਲ ਸਿੰਘ ਪਿੰਡ ਗਹਿਰੀ ਬੁੱਟਰ ਨੇ ਦੇਸੀ ਕਪਾਹ ਕਿਸਮ ਪੀ.ਬੀ.ਡੀ. 88 ਦੀ ਬਿਜਾਈ ਕੀਤੀ ਸੀ, ਜਿਸ ਦਾ ਪਹਿਲੀ ਚੁਗਾਈ ਦਾ ਝਾੜ ਵੀ ਬਹੁਤ ਚੰਗਾ ਰਿਹਾ ਹੈ।ਇਸ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਕਿਸਾਨਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਨਿਯਮਿਤ ਨਿਗਰਾਨੀ ਕਰਦਿਆਂ ਉਹ ਰੋਜ਼ਾਨਾ ਸਵੇਰੇ ਜਾਂ ਸ਼ਾਮ ਵੇਲੇ ਆਪਣੇ ਨਰਮੇ ਦੇ ਖੇਤਾਂ ਦਾ ਜਾਇਜ਼ਾ ਜ਼ਰੂਰ ਲੈਣ।ਉਨ੍ਹਾਂ ਕਿਹਾ ਕਿ ਕਿਸੇ ਵੀ ਸਮੱਸਿਆ ਦੀ ਸਥਿਤੀ ਵਿੱਚ ਖੇਤੀ ਮਾਹਰਾਂ ਤੋਂ ਇਲਾਵਾ ਤੁਰੰਤ ਬਲਾਕ ਖੇਤੀਬਾੜੀ ਦਫ਼ਤਰ ਜਾਂ ਨੇੜਲਾ ਖੇਤੀਬਾੜੀ ਵਿਕਾਸ ਅਫ਼ਸਰ ਨਾਲ ਵੀ ਰਾਬਤਾ ਕੀਤਾ ਜਾ ਸਕਦਾ ਹੈ।ਇਸ ਮੌਕੇ ਦੌਰਾਨ ਬਲਾਕ ਸੰਗਤ ਦੇ ਖੇਤੀਬਾੜੀ ਅਫ਼ਸਰ ਸ੍ਰੀ ਮਨੋਜ ਕੁਮਾਰ ਤੇ ਉਨ੍ਹਾਂ ਦੀ ਟੀਮ ਵੀ ਹਾਜ਼ਰ ਸੀ।

## ਨਾਨਕਸਰ ਠਾਠ ਵਿਖੇ 61ਵਾਂ ਸਾਲਾਨਾ ਸੰਤ ਸਮਾਗਮ 11 ਤੋਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਤੇ ਪ੍ਰਕਾਸ਼ ਦਿਵਸ 'ਤੇ ਨਾਨਕਸਰ ਸੰਪਰਦਾਇ ਦੇ ਬਾਨੀ ਬਾਬਾ ਨੰਦ ਸਿੰਘ ਜੀ, ਬਾਬਾ ਈਸ਼ਰ ਸਿੰਘ ਜੀ, ਬਾਬਾ ਹਰਨਾਮ ਸਿੰਘ ਦੀ ਨਿੱਘੀ ਮਿੱਠੀ ਯਾਦ ਨੂੰ ਸਮਰਪਿਤ 13ਵੇਂ ਠਾਠ ਨਾਨਕਸਰ ਵਿਖੇ 61ਵਾਂ ਸਾਲਾਨਾ ਸੰਤ ਸਮਾਗਮ 11 ਤੋਂ 17 ਸਤੰਬਰ ਤੱਕ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਨੇ ਦੱਸਿਆ ਕਿ 11 ਤੋਂ 15 ਸਤੰਬਰ ਤੱਕ ਰੋਜ਼ਾਨਾ ਸਵੇਰੇ 10 ਤੋਂ ਦੁਪਹਿਰ 1 ਵਜੇ ਤੱਕ ਰੂਹਾਨੀ ਦੀਵਾਨ ਸਜਣਗੇ, ਜਿਸ ਵਿੱਚ ਸੰਤ-ਮਹਾਂਪੁਰਸ਼ ਹਾਜ਼ਰੀ ਭਰਨਗੇ, ਜਦਕਿ 16 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ।17 ਸਤੰਬਰ ਨੂੰ ਸਵੇਰੇ 10 ਵਜੇ ਸ੍ਰੀ ਸੰਪਟ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਜਿਸ ਉਪਰੰਤ ਸਜਣ ਵਾਲੇ ਵਿਸ਼ਾਲ ਕੀਰਤਨ ਦਰਬਾਰ ਦੌਰਾਨ ਨਾਨਕਸਰ ਸੰਪਰਦਾਇ ਦੇ ਮਹਾਂਪੁਰਖ, ਉੱਘੇ ਰਾਗੀ ਜਥੇ ਅਤੇ ਸਿੱਖ ਕੌਮ ਦੇ ਪ੍ਰਚਾਰਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਕਥਾ-ਵਿਚਾਰਾਂ ਰਾਹੀਂ ਨਿਹਾਲ ਕਰਨਗੇ।

## ਬਾਬਾ ਬੁੱਢੇ ਸ਼ਾਹ ਦਾ ਸਾਲਾਨਾ ਜੋੜ ਮੇਲਾ ਸ਼ਰਧਾ ਪੂਰਵਕ ਮਨਾਇਆ

### ਸੂਫੀ ਦਰਬਾਰਾਂ ਦੇ ਮੇਲੇ ਸਾਡੀ ਭਾਈਚਾਰਕ ਸਾਂਝ ਦਾ ਪ੍ਰਤੀਕ : ਵਿਧਾਇਕ ਬਲਕਾਰ ਸਿੰਘ





**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-ਕਿਸ਼ਨਗੜ੍ਹ-ਕਰਤਾਰਪੁਰ ਰੋਡ ਤੇ ਸਥਿਤ ਪਿੰਡ ਫਰੀਦਪੁਰ ਵਿਖੇ ਸੂਫ਼ੀ ਦਰਬਾਰ ਪੀਰ ਬਾਬਾ ਬੁੱਢੇ ਸ਼ਾਹ ਦਾ ਸਾਲਾਨਾ ਦੋ ਰੋਜ਼ਾ ਜੋੜ ਮੇਲਾ ਪ੍ਰਬੰਧਕ ਕਮੇਟੀ, ਸਮੂਹ ਇਲਾਕਾ ਨਿਵਾਸੀਆਂ ਤੇ ਗ੍ਰਾਮ ਪੰਚਾਇਤ ਫਰੀਦਪੁਰ ਦੇ ਸਾਂਝੇ ਸਹਿਯੋਗ ਨਾਲ ਮਨਾਇਆ ਗਿਆ।ਮੇਲੇ ਦੇ ਪਹਿਲੇ ਦਿਨ ਪ੍ਰਬੰਧਕਾਂ ਵੱਲੋਂ ਝੰਡੇ ਤੇ ਚਾਦਰ ਪੋਸ਼ੀ ਦੀ ਰਸਮ ਅਦਾ ਕੀਤੀ ਗਈ। ਉਪਰੰਤ ਗਾਇਕ ਕਲੇਰ ਅਜੇ ਵੱਲੋਂ ਧਾਰਮਿਕ ਗੀਤਾਂ ਰਾਹੀਂ ਹਾਜ਼ਰੀ ਲਗਵਾਈ ਗਈ ਤੇ ਸ਼ਾਮ ਨੂੰ ਪ੍ਰਸਿੱਧ ਕਵਾਲ ਰਣਵੀਰ ਅਲੀ ਐਂਡ ਪਾਰਟੀ ਵੱਲੋਂ ਸੂਫੀਆਨਾ ਕਵਾਲੀਆਂ ਪੇਸ਼ ਕੀਤੀਆਂ ਗਈਆਂ।ਦੂਸਰੇ ਦਿਨ ਸਾਹਿਬ ਹੀਰ ਮਿਊਜ਼ਿਕਲ ਗਰੁੱਪ ਵੱਲੋਂ ਪ੍ਰੋਗਰਾਮ ਪੇਸ਼ ਕੀਤਾ ਗਿਆ।ਉਪਰੰਤ ਪੰਮੀ ਨਕਾਲ ਐਂਡ ਪਾਰਟੀ ਦੇ ਕਲਾਕਾਰਾਂ ਵੱਲੋਂ ਸੂਫੀ ਤੇ ਸੱਭਿਆਚਾਰਕ ਗੀਤਾਂ ਦੀ ਬਿਹਤਰੀਨ ਪੇਸ਼ਕਾਰੀ ਨਾਲ ਸੰਗਤਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਤੇ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਬਲਕਾਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਹਨਾਂ ਫਰੀਦਪੁਰ ਨੂੰ ਵਿਕਾਸ ਕਾਰਜਾਂ ਲਈ 10 ਲੱਖ ਰੁਪਏ ਤੇ 2 ਲੱਖ ਰੁਪਏ ਦਰਬਾਰ ਦੀ ਪ੍ਰਬੰਧਕ ਕਮੇਟੀ ਨੂੰ ਦੇਣ ਦਾ ਐਲਾਨ ਕੀਤਾ।ਉਨ੍ਹਾ ਕਿਹਾ ਕਿ ਅਜਿਹੇ ਪੁਰਾਤਨ ਸੂਫੀ ਮੇਲੇ ਸਾਡੀ ਭਾਈਚਾਰਕ ਨੂੰ ਵਧੇਰੇ ਮਜ਼ਬੂਤ ਬਣਾਉਂਦੇ ਹਨ। ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਕਲਾਕਾਰਾਂ, ਦਾਨੀ ਸੱਜਣਾਂ ਤੇ ਪਤਵੰਤਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤੇ ਪ੍ਰਧਾਨ ਕਮਲਜੀਤ ਮੰਗਾ, ਸਰਪੰਚ ਗੁਰਦੀਪ ਕੌਰ, ਗੁਰਬਖਸ਼ ਕੌਰ, ਭੁਪਿੰਦਰ ਕੁਮਾਰ, ਕੁਲਵਿੰਦਰ ਕੌਰ, ਸਤਨਾਮ ਚੰਦ (ਸਾਰੇ ਪੰਚ) ਆਪ ਆਗੂ ਰਾਜਾ ਫਰੀਦਪੁਰੀ, ਸੁਖਜਿੰਦਰ ਸਿੰਘ ਮੰਡ, ਸਾਬਕਾ ਸਰਪੰਚ ਮਾ. ਕੁੰਦਨ ਲਾਲ, ਸਾਬਕਾ ਪੰਚ ਵਰਿੰਦਰ (ਵਿੱਕੀ), ਨੰਬਰਦਾਰ ਜਸਵਿੰਦਰ ਸਿੰਘ, ਪਾਖਰ ਚੰਦ, ਜੋਗਿੰਦਰ ਸਿੰਘ, ਗੁਰਨਾਮ ਸਿੰਘ, ਅਸ਼ੋਕ ਕੁਮਾਰ, ਸਾਬਕਾ ਸਰਪੰਚ ਪਰਮਜੀਤ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਪ੍ਰਬੰਧਕਾਂ ਵੱਲੋਂ ਆਏ ਹੋਏ ਗਾਇਕ ਕਲਾਕਾਰਾਂ, ਦਾਨੀ ਸੱਜਣਾਂ ਤੇ ਸੇਵਾਦਾਰਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

## ਨਸ਼ਿਆਂ ਦਾ ਕਹਿਰ, ਮਹੀਨੇ 'ਚ ਚਾਰ ਮੌਤਾਂ, ਸਰਕਾਰ ਤੇ ਪ੍ਰਸ਼ਾਸਨ ਖਾਮੋਸ਼



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਕਾਂਗਰਸ ਦੀ ਆਗੂ ਹਲਕਾ ਸ਼ੁਤਰਾਣਾ ਤੋਂ ਸੰਭਾਵੀ ਉਮੀਦਵਾਰ ਬੀਬੀ ਪਲਵਿੰਦਰ ਕੌਰ ਹਰਿਆਊ ਨੇ ਕਿਹਾ ਕਿ ਪਿੰਡਾਂ ਵਿੱਚ ਮਾਰੂ ਨਸ਼ਿਆਂ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਬੜਾ ਚਿੰਤਾ ਦਾ ਵਿਸ਼ਾ ਹੈ।ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਕਹਿੰਦੇ ਸੀ ਕਿ ਉਨ੍ਹਾਂ ਸਰਕਾਰ ਬਣਨ 'ਤੇ ਨਸ਼ਿਆਂ ਦੇ ਰੁਝਾਨ ਨੂੰ ਜੜ੍ਹੋਂ ਖ਼ਤਮ ਕਰ ਦੇਵਾਂਗੇ, ਹੁਣ ਚੁੱਲਿਆਂ 'ਚ ਘਾਹ ਨਹੀਂ ਉੱਗੇਗਾ, ਘਰਾਂ ਵਿੱਚ ਸੱਥਰ ਨਹੀਂ ਵਿਛਣਗੇ, ਪਰ ਅਫਸੋਸ ਹੈ ਕਿ ਆਮ ਆਦਮੀ ਪਾਰਟੀ ਦੇ ਚਾਰ ਸਾਲ ਦੇ ਕਾਰਜਕਾਲ ਨਸ਼ਿਆਂ ਦਾ ਪ੍ਰਕੋਪ ਸਿਖਰਾਂ ਤੇ ਪਹੁੰਚ ਚੁੱਕਿਆ ਹੈ।ਉਨ੍ਹਾਂ ਪਿੰਡ ਚੁਨਾਗਰਾ, ਪਾਤੜਾਂ, ਦੁਗਾਲ ਤੇ ਪਿੰਡ ਦੇਧਨਾ 'ਚ ਨਸ਼ਿਆਂ ਨਾਲ ਨੌਜਵਾਨਾਂ ਦੀਆਂ ਹੋਈਆਂ ਮੌਤਾਂ ਤੇ ਮਗਰੋਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟ ਕੀਤਾ।ਉਨ੍ਹਾਂ ਕਿਹਾ ਕਿ ਹਲਕਾ ਸ਼ੁਕਰਾਣਾ ਵਿੱਚ ਨਸ਼ਿਆਂ ਦਾ ਬੋਲਬਾਲਾ ਏਨਾ ਵਧ ਚੁੱਕਾ ਹੈ ਕਿ ਇੱਕ ਮਹੀਨੇ ਵਿੱਚ ਇਲਾਕੇ ਦੇ ਚਾਰ ਪਿੰਡਾਂ ਵਿੱਚ ਨਸ਼ਿਆਂ ਨਾਲ ਮੌਤਾਂ ਹੋ ਗਈਆਂ ਹਨ, ਪੰਜਾਬ ਸਰਕਾਰ ਤੇ ਪ੍ਰਸ਼ਾਸਨ ਕੰਮ ਕਰਨ ਦੀ ਨੀਂਦ ਸੁੱਤਾ ਹੈ, ਪਿੰਡ ਦੇਧਨਾ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖੇਡ ਸਟੇਡੀਅਮ ਉਦਘਾਟਨ ਕਰਨ ਤੋਂ ਪਹਿਲਾਂ ਪਿੰਡ ਬੂਟਾ ਸਿੰਘ ਵਾਲੇ ਦੇ ਨੌਜਵਾਨ ਦੀ ਨਸ਼ੇ ਕਾਰਨ ਮੌਤ ਹੋ ਗਈ ਸੀ।ਮੁੱਖ ਮੰਤਰੀ ਨੇ ਘੱਗਾ ਦੀ ਰੈਲੀ 'ਚ ਦੋ ਸ਼ਬਦ ਨਹੀਂ ਬੋਲੇ।ਉਨ੍ਹਾਂ ਕਿਹਾ ਹੈ ਕਿ ਜੇਕਰ ਨਸ਼ਿਆਂ ਦੀ ਰੋਕਥਾਮ ਲਈ ਜ਼ਮੀਨੀ ਪੱਧਰ 'ਤੇ ਸਖ਼ਤ ਤੇ ਪ੍ਰਭਾਵਸ਼ਾਲੀ ਕਾਰਵਾਈ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਹਾਲਾਤ ਹੋਰ ਵੀ ਚਿੰਤਾਜਨਕ ਹੋ ਸਕਦੇ ਹਨ।

## ਬਾਰ ਐਸੋਸੀਏਸ਼ਨ ਦੀਆਂ ਚੋਣਾਂ ਲਈ ਗੋਲਣ ਦੇ ਹੱਕ 'ਚ ਸਮਰਥਨ ਦੀ ਅਪੀਲ



**ਸਮਾਣਾ (ਇਕਬਾਲ ਸਿੰਘ ਢੱਲ)**-ਬਾਰ ਐਸੋਸੀਏਸ਼ਨ ਦੀਆਂ 11 ਸਤੰਬਰ ਨੂੰ ਹੋਣ ਜਾ ਰਹੀਆਂ ਸਾਲਾਨਾ ਚੋਣਾਂ ਨੂੰ ਲੈ ਕੇ ਵਕੀਲ ਭਾਈਚਾਰੇ ਵਿੱਚ ਸਰਗਰਮੀਆਂ ਤੇਜ਼ ਹੋ ਗਈਆਂ ਹਨ।ਪ੍ਰਧਾਨਗੀ ਦੇ ਉਮੀਦਵਾਰ ਨੌਜਵਾਨ ਐਡਵੋਕੇਟ ਗੁਰਵਿੰਦਰ ਸਿੰਘ ਗੋਲਣ ਦੇ ਸਮਰਥਨ ਵਿੱਚ ਸਾਬਕਾ ਪ੍ਰਧਾਨ ਐਡਵੋਕੇਟ ਬਲਬੀਰ ਸਿੰਘ ਧਨੋਆ ਨੇ ਸਮੁੱਚੇ ਵਕੀਲ ਭਾਈਚਾਰੇ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ ਹੈ।ਐਡਵੋਕੇਟ ਬਲਬੀਰ ਸਿੰਘ ਧਨੋਆ ਨੇ ਕਿਹਾ ਕਿ ਗੁਰਵਿੰਦਰ ਸਿੰਘ ਗੋਲਣ ਇੱਕ ਨੌਜਵਾਨ, ਮਿਹਨਤੀ, ਮਿਲਣਸਾਰ ਤੇ ਨਿੱਘੇ ਸੁਭਾਅ ਵਾਲੇ ਐਡਵੋਕੇਟ ਹਨ।ਉਹ ਨਵੇਂ ਪ੍ਰੈਕਟਿਸ ਵਿੱਚ ਆਏ ਨੌਜਵਾਨ ਵਕੀਲਾਂ ਦੀਆਂ ਮੁਸ਼ਕਲਾਂ ਨੂੰ ਚੰਗੀ-ਭਾਂਤ ਸਮਝਦੇ ਹਨ ਅਤੇ ਉਨ੍ਹਾਂ ਨੂੰ ਹੱਲ ਕਰਾਉਣ ਲਈ ਹਮੇਸ਼ਾ ਪਹਿਲ ਕਦਮੀ ਕਰਦੇ ਹਨ।ਉਹ ਸਾਰੇ ਵਕੀਲ ਭਾਈਚਾਰੇ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਵਾਲੇ ਆਗੂ ਹਨ।ਧਨੋਆ ਨੇ ਕਿਹਾ ਕਿ ਜੇਕਰ ਗੁਰਵਿੰਦਰ ਸਿੰਘ ਗੋਲਣ ਨੂੰ ਬਾਰ ਐਸੋਸੀਏਸ਼ਨ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਮਿਲਦੀ ਹੈ ਤਾਂ ਉਹ ਬਾਰ ਦੀ ਭਲਾਈ ਅਤੇ ਵਕੀਲਾਂ ਦੇ ਹਿੱਤਾਂ ਲਈ ਹਰ ਸੰਭਵ ਕਦਮ ਚੁੱਕਣਗੇ।ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਗਰੁੱਪ ਵੱਲੋਂ ਸਕੱਤਰ ਦੇ ਅਹੁਦੇ ਲਈ ਐਡਵੋਕੇਟ ਅਸ਼ੋਕ ਖਾਨ ਤੇ ਕੈਸ਼ੀਅਰ ਦੇ ਅਹੁਦੇ ਲਈ ਐਡਵੋਕੇਟ ਕੁਲਦੀਪ ਸਿੰਘ ਵੀ ਚੋਣ ਮੈਦਾਨ ਵਿੱਚ ਹਨ, ਜਿਨ੍ਹਾਂ ਨੂੰ ਵੀ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਬਣਾਇਆ ਜਾਵੇ।ਫੋਟੋ ਕੈਪਸ਼ਨ: ਬਾਰ ਚੋਣਾਂ ਸਬੰਧੀ ਵਿਚਾਰ-ਵਟਾਂਦਰਾ ਕਰਦੇ ਹੋਏ ਸਾਬਕਾ ਪ੍ਰਧਾਨ ਬਲਬੀਰ ਸਿੰਘ ਧਨੋਆ, ਪ੍ਰਧਾਨਗੀ ਉਮੀਦਵਾਰ ਗੁਰਵਿੰਦਰ ਸਿੰਘ ਗੋਲਣ ਤੇ ਹੋਰ ਵਕੀਲ ਸਾਹਿਬਾਨ।

## ਸਫਾ 1 ਦੇ ਬਾਕੀ...

### ਕਾਂਗਰਸੀਆਂ 'ਤੇ ਪਾਣੀ...

ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਵਿਚਕਾਰ ਗੁਪਤ ਸਮਝੌਤਾ ਹੋਇਆ ਹੈ। ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਚਾਹੁੰਦੀ ਹੈ ਕਿ 'ਆਪ' ਗੁਜਰਾਤ ਵਿੱਚ ਭਾਜਪਾ ਵਿਰੋਧੀ ਵੋਟਾਂ ਵੰਡ ਕੇ ਉਸ ਦੀ ਮਦਦ ਕਰੇ ਅਤੇ ਇਸ ਬਦਲੇ ਭਾਜਪਾ ਪੰਜਾਬ ਵਿੱਚ 'ਆਪ' ਦੀ ਮਦਦ ਕਰੇਗੀ। ਇਸੇ ਕਾਰਨ ਐਨਫੋਰਸਮੈਂਟ ਡਾਇਰੈਕਟੋਰੇਟ ਭ੍ਰਿਸ਼ਟਾਚਾਰ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਪੁਲਸ ਨਾਲ ਮਿਲ ਕੇ ਫਿਕਸ ਮੈਚ ਖੇਡ ਰਹੀ ਹੈ। ਉਨ੍ਹਾ ਸਵਾਲ ਕੀਤਾ ਕਿ ਈ ਡੀ ਨੇ ਜਿਵੇਂ ਕਾਂਗਰਸੀ ਆਗੂ ਸਾਧੂ ਸਿੰਘ ਧਰਮਸੋਤ ਦੇ ਮਾਮਲੇ ਵਿੱਚ ਤੁਰੰਤ ਗ੍ਰਿਫ਼ਤਾਰੀ ਕੀਤੀ ਸੀ, ਉਵੇਂ ਇੱਥੇ ਕਿਉਂ ਨਹੀਂ ਕਰ ਰਹੀ ? ਉਨ੍ਹਾ ਕਿਹਾ ਕਿ ਉਸ ਮਾਮਲੇ ਵਿੱਚ ਈ ਡੀ ਨੇ ਪੰਜਾਬ ਪੁਲਸ ਨੂੰ ਐਫ ਆਈ ਆਰ ਦਰਜ ਕਰਨ ਲਈ ਨਹੀਂ ਕਿਹਾ, ਪਰ 'ਆਪ' ਆਗੂਆਂ ਦੇ ਮਾਮਲੇ ਵਿੱਚ ਜਾਣਬੁੱਝ ਕੇ ਢਿੱਲਮੱਠ ਕੀਤੀ ਜਾ ਰਹੀ ਹੈ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਰਾਣਾ ਕੇ ਪੀ ਸਿੰਘ, ਅਮਿਤ ਵਿੱਜ, ਬਲਬੀਰ ਸਿੰਘ ਸਿੱਧੂ, ਬ੍ਰਹਮ ਮਹਿੰਦਰਾ, ਕੁਲਜੀਤ ਸਿੰਘ ਨਾਗਰਾ, ਸ਼ਮਸ਼ੇਰ ਸਿੰਘ ਦੂਲੋ, ਗੁਰਜੀਤ ਔਜਲਾ, ਦਲਵੀਰ ਗੋਲਡੀ, ਡਾ. ਰਾਜ ਕੁਮਾਰ ਵੇਰਕਾ, ਹਰਦਿਆਲ ਕੰਬੋਜ, ਕੈਪਟਨ ਸੰਦੀਪ ਸੰਧੂ, ਸਾਧੂ ਸਿੰਘ ਧਰਮਸੋਤ, ਨਿਸ਼ਾਤ ਅਖ਼ਤਰ, ਸੁਖਵਿੰਦਰ ਡੈਨੀ, ਹਰੀ ਖਾਈ, ਲਖਵੀਰ ਲੱਖਾ, ਸ਼ਾਮ ਸੁੰਦਰ ਅਰੋੜਾ, ਮਮਤਾ ਦੱਤਾ, ਕੁਲਬੀਰ ਸਿੰਘ ਜ਼ੀਰਾ, ਰਾਕੇਸ਼ ਪਾਂਡੇ, ਪਵਨ ਦੀਵਾਨ, ਸੁਨੀਲ ਦੱਤੀ, ਪਵਨ ਆਦੀਆ, ਮੋਹਿਤ ਮਹਿੰਦਰਾ ਅਤੇ ਹੋਰ ਹਾਜ਼ਰ ਸਨ।

### ਦੇਸ਼ 'ਚ ਵਧ ਰਹੀ...

ਪਰਵਾਰ ਨਾਲ ਸੰਵੇਦਨਾ ਵੀ ਪ੍ਰਗਟ ਕੀਤੀ ਹੈ।

ਚੋਂਗਥਮ ਵਿਕਰਮ ਸਿੰਘ ਦੀ ਦਰਦਨਾਕ ਘਟਨਾ ਨੇ ਉੱਤਰ-ਪੂਰਬੀ ਭਾਈਚਾਰੇ ਅਤੇ ਸੰਗੀਤ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੁਲਸ ਅਨੁਸਾਰ ਵਿਕਰਮ ਸਿੰਘ ਨੇ ਆਪਣੇ ਘਰ ਦੇ ਸਾਹਮਣੇ ਡਲੀਵਰੀ ਬੁਆਏਜ਼ ਅਤੇ ਢਾਬੇ ਦੇ ਸਟਾਫ਼ ਵੱਲੋਂ ਕੀਤੀ ਜਾ ਰਹੀ ਹੂਟਿੰਗ ਤੇ ਰੌਲੇ 'ਤੇ ਇਤਰਾਜ਼ ਜਤਾਇਆ ਸੀ। ਜਦੋਂ ਉਹ ਹੇਠਾਂ ਆ ਕੇ ਉਨ੍ਹਾਂ ਨੂੰ ਰੋਕਣ ਲੱਗੇ ਤਾਂ ਮੁਲਜ਼ਮਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਵਿਕਰਮ ਨੂੰ ਉਨ੍ਹਾਂ ਦੇ ਪੁੱਤਰ ਯਾਇਫਾਬਾ ਵੱਲੋਂ ਇਲਾਜ ਲਈ ਹੋਲੀ ਫੈਮਿਲੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਕਾਂਗਰਸ ਦੇ ਰਾਜ ਸਭਾ ਮੈਂਬਰ ਪਵਨ ਖੇੜਾ ਨੇ ਕੇਂਦਰ ਅਤੇ ਦਿੱਲੀ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਸਰਕਾਰ ਨੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਛੋਟ ਦੇ ਕੇ ਇੱਕ 'ਬੇਖੌਫ ਮਾਹੌਲ' ਸਿਰਜ ਦਿੱਤਾ ਹੈ, ਜਿਸ ਦਾ ਨਤੀਜਾ ਅਜਿਹੀਆਂ ਘਟਨਾਵਾਂ ਵਜੋਂ ਸਾਹਮਣੇ ਆ ਰਿਹਾ ਹੈ। ਦਿੱਲੀ ਪੁਲਸ ਨੇ ਸਨਲਾਈਟ ਕਾਲੋਨੀ ਥਾਣੇ ਵਿੱਚ ਕਤਲ ਦੀ ਧਾਰਾ ਹੇਠ ਕੇਸ ਦਰਜ ਕਰ ਲਿਆ ਹੈ। ਪੁਲਸ ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਵਿੱਚ ਸ਼ਾਮਲ ਨਾਬਾਲਗ ਸਮੇਤ ਸਾਰੇ 8 ਦੋਸ਼ੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

### ਪਾਸ਼ ਦੇ ਜਨਮ ਦਿਹਾੜੇ ...

ਵੱਖ-ਵੱਖ ਵਰਗਾਂ ਦੇ ਲੋਕ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਨੂੰ ਪੰਜਾਬ ਸਰਕਾਰ ਵੱਲੋਂ ਬਕਾਇਦਾ ਯਾਦਗਾਰ ਵਜੋਂ ਮਾਨਤਾ ਦੇਣ ਦੀ ਮੰਗ ਕਰਨਗੇ। ਉਹਨਾਂ ਦੱਸਿਆ ਕਿ ਬੀਤੇ ਦਿਨੀਂ 'ਆਪ' ਦੇ ਸਥਾਨਕ ਸਰਪੰਚ ਤੇ ਉਸ ਦੇ ਹਮਾਇਤੀਆਂ ਵੱਲੋਂ ਪ੍ਰਬੰਧਕੀ ਕੰਮਾਂ ਲਈ ਆਏ ਵਲੰਟੀਅਰਾਂ ਤੇ ਮਜ਼ਦੂਰ ਆਗੂ ਹਰਮੇਸ਼ ਮਾਲੜੀ ਨਾਲ ਬਦਸਲੂਕੀ ਕਰਨ ਤੇ ਜਾਤੀਸੂਚਕ ਸ਼ਬਦ ਵਰਤ ਕੇ ਸਮਾਗਮ ਵਿੱਚ ਵਿਘਨ ਪਾਉਣ ਦੇ ਯਤਨਾਂ ਨੂੰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਅਸਫ਼ਲ ਬਣਾ ਕੇ ਵਿਸ਼ਾਲ ਸਮਾਗਮ ਦੀਆਂ ਤਿਆਰੀਆਂ ਸਭਨਾਂ ਪੱਖਾਂ ਤੋਂ ਮੁਕੰਮਲ ਕਰ ਲਈਆਂ ਹਨ।

### ਆਰੀ ਆਰੀ ਆਰੀ...

ਦਾ ਕੀ ਬਣੇਗਾ, ਪਰ ਦੇਸ਼ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਸਾਮਾਨ ਪਹੁੰਚਾਉਣ ਲਈ ਅਜਿਹੀ ਕਨੈਕਟੀਵਿਟੀ ਜ਼ਰੂਰੀ ਹੈ। ਕੌਰੀਡੋਰ ਦਾ ਵਿਚਾਰ 2004 ਵਿੱਚ ਸ਼ੁਰੂ ਹੋਇਆ ਸੀ ਅਤੇ 2006 ਵਿੱਚ ਇੱਕ ਵਿਸ਼ੇਸ਼ ਕੰਪਨੀ ਬਣਾਈ ਗਈ ਸੀ, ਪਰ ਫਾਈਲਾਂ 2014 ਤੱਕ ਇੱਕ ਮੇਜ਼ ਤੋਂ ਦੂਜੀ ਮੇਜ਼ 'ਤੇ ਚੱਲਦੀਆਂ ਰਹੀਆਂ। 2014 ਤੋਂ ਬਾਅਦ ਉਨ੍ਹਾ ਦੀ ਸਰਕਾਰ ਨੇ ਪ੍ਰੋਜੈਕਟ ਨੂੰ ਤੇਜ਼ ਕੀਤਾ ਅਤੇ ਲੱਗਭੱਗ 2,000 ਕਿੱਲੋਮੀਟਰ ਕੌਰੀਡੋਰ ਦਾ ਕੰਮ ਪੂਰਾ ਕੀਤਾ। ਪਹਿਲਾਂ ਯਾਤਰੀ ਅਤੇ ਮਾਲ ਗੱਡੀਆਂ ਇੱਕੋ ਟਰੈਕ 'ਤੇ ਚੱਲਦੀਆਂ ਸਨ, ਜਿਸ ਨਾਲ ਦੋਵਾਂ ਦੀ ਗਤੀ ਪ੍ਰਭਾਵਤ ਹੁੰਦੀ ਸੀ। ਹੁਣ ਮਾਲ ਕੌਰੀਡੋਰ 'ਤੇ ਰੋਜ਼ਾਨਾ ਲੱਗਭੱਗ 430 ਮਾਲ ਗੱਡੀਆਂ ਚੱਲਦੀਆਂ ਹਨ। ਟਰੱਕ ਨਾਲ ਮਾਲ ਦੀ ਢੋਆ-ਢੁਆਈ ਵਿੱਚ ਲੱਗਭੱਗ 30 ਘੰਟੇ ਲੱਗਦੇ ਹਨ, ਜਦੋਂ ਕਿ ਕੌਰੀਡੋਰ ਰਾਹੀਂ ਲੱਗਭੱਗ 10 ਘੰਟਿਆਂ ਵਿੱਚ ਮਾਲ ਮੰਜ਼ਲਾਂ 'ਤੇ ਪਹੁੰਚ ਸਕਦਾ ਹੈ। ਪਿਛਲੇ ਦਹਾਕੇ ਵਿੱਚ ਭਾਰਤ ਮੈਟਰੋ ਕੋਚਾਂ ਅਤੇ ਰੇਲਵੇ ਇੰਜਣਾਂ ਦਾ ਇੱਕ ਵੱਡਾ ਨਿਰਮਾਤਾ ਬਣ ਗਿਆ ਹੈ। ਜੇ ਭਾਰਤ ਏ ਆਈ ਸੁਪਰਪਾਵਰ ਬਣਨਾ ਚਾਹੁੰਦਾ ਹੈ, ਤਾਂ ਇਸ ਨੂੰ ਇੱਕ ਸੰਪੂਰਨ ਈਕੋ-ਸਿਸਟਮ ਵਿਕਸਤ ਕਰਨ ਦੀ ਜ਼ਰੂਰਤ ਹੋਏਗੀ। ਇਸ ਨੂੰ ਪ੍ਰਾਪਤ ਕਰਨ ਲਈ ਯੂਰੇਨੀਅਮ ਅਤੇ ਦੁਰਲੱਭ ਖਣਿਜ ਸਮੱਗਰੀ ਦੀ ਉਪਲੱਬਧਤਾ ਵਧਾਉਣ ਦੇ ਨਾਲ-ਨਾਲ ਨੌਜਵਾਨਾਂ ਦੇ ਹੁਨਰਾਂ ਨੂੰ ਸਿਖਲਾਈ ਅਤੇ ਅੱਪਗ੍ਰੇਡ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਧਿਆਨ ਸਿਰਫ ਡਿਗਰੀਆਂ 'ਤੇ ਨਹੀਂ, ਹੁਨਰਾਂ 'ਤੇ ਹੈ।

### ਡਾ. ਅੰਬੇਡਕਰ ਦੇ ...

ਅਧਿਕਾਰੀ ਅਤੇ ਥਾਣਾ ਸਲੇਮ ਟਾਬਰੀ ਦੀ ਪੁਲਸ ਟੀਮ ਵੀ ਪਹੁੰਚ ਗਈ। ਲੋਕਾਂ ਨੇ ਸਖਤ ਕਾਰਵਾਈ ਦੀ ਮੰਗ ਕਰਦਿਆਂ ਜਲੰਧਰ ਬਾਈਪਾਸ ਚੌਕ 'ਚ ਧਰਨਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਅਤੇ ਬਾਈਪਾਸ ਰੋਡ ਜਾਮ ਕਰ ਦਿੱਤੀ, ਜਿਸ ਨਾਲ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਵਕੀਲ ਨਰਿੰਦਰ ਆਦੀਆ ਨੇ ਦੋਸ਼ ਲਾਇਆ ਕਿ ਪਹਿਲਾਂ ਹੋਈ ਘਟਨਾ ਵੇਲੇ ਪੁਲਸ ਨੇ ਵਾਅਦਾ ਕੀਤਾ ਸੀ ਕਿ ਬਾਬਾ ਸਾਹਿਬ ਦੇ ਬੁੱਤ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕੀਤਾ ਜਾਵੇਗਾ ਅਤੇ ਸੀ ਸੀ ਟੀ ਵੀ ਕੈਮਰੇ ਲਗਾਏ ਜਾਣਗੇ, ਪਰ ਕਾਰਵਾਈ ਦੇ ਨਾਂਅ 'ਤੇ ਸਿਰਫ ਕਾਗਜ਼ੀ ਗੱਲਾਂ ਹੀ ਹੋਈਆਂ। ਉਨ੍ਹਾ ਚੇਤਾਵਨੀ ਦਿੱਤੀ ਕਿ ਜਦੋਂ ਤੱਕ ਮੁਲਜ਼ਮ ਦਾ ਪਤਾ ਨਹੀਂ ਲੱਗਦਾ ਅਤੇ ਸਖਤ ਕਾਰਵਾਈ ਨਹੀਂ ਹੁੰਦੀ, ਉਹ ਧਰਨੇ ਤੋਂ ਨਹੀਂ ਉੱਠਣਗੇ।

### ਸਾਧੂਆਂ ਦੇ ਦੌਰੇ ...

ਉੱਪਰ ਨਹੀਂ । ਸੱਜੇ-ਪੱਖੀ ਨੇਤਾ ਮਰੀਨ ਲੇ ਪੇਨ ਅਤੇ ਸਾਬਕਾ ਪ੍ਰਧਾਨ ਮੰਤਰੀ ਗੈਬਰੀਅਲ ਅਟਲ ਨੇ ਵੀ ਇਸ ਘਟਨਾ ਦੀ ਆਲੋਚਨਾ ਕੀਤੀ। ਅਟਲ ਨੇ ਕਿਹਾ ਕਿ ਔਰਤਾਂ ਨੂੰ ਸੱਭਿਆਚਾਰ, ਵਿਸ਼ਵਾਸ ਜਾਂ ਧਰਮ ਦੇ ਨਾਂਅ 'ਤੇ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਬੀ ਏ ਪੀ ਐੱਸ ਦੇ ਸਾਧੂ ਅਤੇ ਸਵਾਮੀ ਅੱਠ ਤਰ੍ਹਾਂ ਦੇ ਬ੍ਰਹਮਚਾਰੀ ਨਿਯਮਾਂ ਦੀ ਪਾਲਣਾ ਕਰਦੇ ਹਨ। ਇਨ੍ਹਾਂ ਨਿਯਮਾਂ ਦੇ ਤਹਿਤ ਉਹ ਔਰਤਾਂ ਨਾਲ ਗੱਲ ਕਰਨ, ਛੂਹਣ ਜਾਂ ਬਹੁਤ ਨੇੜੇ ਹੋਣ ਤੋਂ ਪਰਹੇਜ਼ ਕਰਦੇ ਹਨ। ਇਸ ਦੇ ਬਹੁਤ ਸਾਰੇ ਮੰਦਰਾਂ ਵਿੱਚ ਮਰਦਾਂ ਅਤੇ ਔਰਤਾਂ ਲਈ ਵੱਖਰੇ ਬੈਠਣ ਦੇ ਪ੍ਰਬੰਧ ਵੀ ਹੁੰਦੇ ਹਨ। ਸੰਗਠਨ ਦਾ ਕਹਿਣਾ ਹੈ ਕਿ ਇਹ ਭਿਖਸ਼ੂਆਂ ਦੇ ਧਾਰਮਕ ਨਿਯਮਾਂ ਅਤੇ ਅਭਿਆਸ ਦਾ ਹਿੱਸਾ ਹੈ। ਹਾਲਾਂਕਿ ਕਿ ਆਈਫਲ ਟਾਵਰ 'ਤੇ ਮਹਿਲਾ ਕਰਮਚਾਰੀਆਂ ਨੂੰ ਹਟਾਉਣ ਦਾ ਫੈਸਲਾ ਇਸ ਧਾਰਮਕ ਨਿਯਮਾਂ ਦੇ ਅਧਾਰ 'ਤੇ ਸੀ ਜਾਂ ਸਥਾਨਕ ਪ੍ਰਬੰਧ ਦੇ ਅਧਾਰ 'ਤੇ, ਇਸ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ।

ਉਧਰ, ਸ਼ਿਵ ਸੈਨਾ (ਯੂ ਬੀ ਟੀ) ਦੀ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ ਕਿ ਜੇ ਇਹ ਬੀ ਏ ਪੀ ਐੱਸ ਦੇ ਧਾਰਮਕ ਭਾਈਚਾਰੇ, ਸੰਪਰਦਾ ਅਤੇ ਸਮਾਜ ਵਿੱਚ ਅਪਣਾਇਆ ਜਾਣ ਵਾਲਾ ਅਭਿਆਸ ਹੈ, ਤਾਂ ਇਸ ਨੂੰ ਆਪਣੇ ਸੀਮਤ ਖੇਤਰਾਂ ਤੱਕ ਸੀਮਤ ਰੱਖਣਾ ਚਾਹੀਦਾ ਹੈ। ਕਿਰਪਾ ਕਰਕੇ ਦੁਨੀਆ ਤੋਂ ਇਹ ਉਮੀਦ ਨਾ ਕਰੋ ਕਿ ਉਹ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰੇਗੀ। ਇਸੇ ਦੌਰਾਨ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, 'ਅਸੀਂ ਪੈਰਿਸ ਖੇਤਰ ਵਿੱਚ ਬੀ ਏ ਪੀ ਐੱਸ ਸੰਸਥਾ ਦੇ ਮੰਦਰ ਦੇ ਉਦਘਾਟਨ ਬਾਰੇ ਜਾਣੂ ਸਾਂ, ਪਰ ਟਾਵਰ ਦਾ ਮੁੱਦਾ ਸੰਬੰਧਤ ਸੰਸਥਾਵਾਂ ਵਿਚਕਾਰਲਾ ਮਾਮਲਾ ਹੈ। ਮੰਦਰ ਦੇ ਉਦਘਾਟਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਬਾਰੇ ਇੱਕ ਪੱਤਰਕਾਰ ਦੇ ਸਵਾਲ 'ਤੇ ਜੈਸਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਲਈ ਅਜਿਹੇ ਮੌਕਿਆਂ 'ਤੇ ਆਪਣੀਆਂ ਸ਼ੁਭਕਾਮਨਾਵਾਂ ਦੇਣਾ ਇੱਕ ਆਮ ਅਭਿਆਸ ਹੈ। ਇਸ ਮਾਮਲੇ ਵਿੱਚ ਇਹ ਵਰਚੁਅਲੀ ਕੀਤਾ ਗਿਆ ਸੀ। ਇਸ ਸੰਬੰਧ ਵਿੱਚ ਕਿਸੇ ਵੀ ਟਿੱਪਣੀ ਦਾ ਕੋਈ ਕਾਰਨ ਨਹੀਂ ਹੈ।'

## ਹਰਭਜਨ ਸਿੰਘ ਈ ਟੀ ਓ ਵੱਲੋਂ ਰੇਲਿੰਗ ਦਾ ਕੰਮ 2 ਦਿਨਾਂ 'ਚ ਮੁਕੰਮਲ ਕਰਨ ਦੇ ਨਿਰਦੇਸ਼



**ਜਗਰਾਉਂ (ਅਮਿਤ ਖੰਨਾ)**-ਝਾਂਸੀ ਰਾਣੀ ਚੌਕ ਨੇੜੇ ਸਥਿਤ ਰੇਲਵੇ ਪੁਲ ਦੀ ਸੁਰੱਖਿਆ ਰੇਲਿੰਗ ਦਾ ਮਾਮਲਾ ਹੁਣ ਗੰਭੀਰ ਰੂਪ ਧਾਰਨ ਕਰਦਾ ਜਾ ਰਿਹਾ ਹੈ।ਕਰੀਬ ਚਾਰ ਮਹੀਨੇ ਪਹਿਲਾਂ ਹਟਾਈ ਗਈ ਰੇਲਿੰਗ ਮੁੜ ਨਾ ਲੱਗਣ ਕਾਰਨ ਜਿੱਥੇ ਲੋਕਾਂ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਹੋ ਰਹੇ ਹਨ, ਉੱਥੇ ਹੀ ਮਾਮਲੇ ਨੂੰ ਲੈ ਕੇ ਲੋਕਾਂ ਵਿੱਚ ਪ੍ਰਸ਼ਾਸਨ ਪ੍ਰਤੀ ਰੋਸ ਵੀ ਲਗਾਤਾਰ ਵਧਦਾ ਜਾ ਰਿਹਾ ਹੈ।ਮਾਮਲਾ ਪੰਜਾਬ ਦੇ ਪੀ.ਡਬਲਯੂ.ਡੀ. ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਧਿਆਨ ਵਿੱਚ ਆਉਂਦੇ ਹੀ ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਦੋ ਦਿਨਾਂ ਦੇ ਅੰਦਰ ਰੇਲਿੰਗ ਲਗਾਉਣ ਤੇ ਇਸ ਦੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।ਮੰਤਰੀ ਦੇ ਸਖ਼ਤ ਰੁਖ਼ ਤੋਂ ਬਾਅਦ ਹੁਣ ਵਿਭਾਗੀ ਅਧਿਕਾਰੀਆਂ ਵਿੱਚ ਵੀ ਹਲਚਲ ਤੇਜ਼ ਹੋ ਗਈ ਹੈ।ਇਸੇ ਦੌਰਾਨ ਪੀ.ਡਬਲਯੂ.ਡੀ. ਦੇ ਐੱਸ.ਸੀ. ਇੰਦਰਜੀਤ ਸਿੰਘ ਨੂੰ ਵੀ ਮਾਮਲੇ ਸਬੰਧੀ ਹਦਾਇਤਾਂ ਦਿੱਤੀਆਂ ਗਈਆਂ ਹਨ। ਦੂਜੇ ਪਾਸੇ ਪੀ.ਡਬਲਯੂ.ਡੀ. ਦੇ ਐਕਸੀਅਨ ਕਮਲਜੀਤ ਸਿੰਘ ਵੱਲੋਂ ਜਗਰਾਉਂ ਦੇ ਐੱਸ.ਡੀ.ਐੱਮ. ਬਾਦਲ ਦੀਨ ਨੂੰ ਪੱਤਰ ਲਿਖ ਕੇ ਦੱਸਿਆ ਗਿਆ ਕਿ ਰੇਲਿੰਗ ਲਗਾਉਣ ਸਮੇਂ ਕੁਝ ਦੁਕਾਨਦਾਰਾਂ ਵੱਲੋਂ ਕਥਿਤ ਤੌਰ 'ਤੇ ਰੁਕਾਵਟ ਪੈਦਾ ਕੀਤੀ ਗਈ, ਜਿਸ ਕਾਰਨ ਵਿਭਾਗ ਵੱਲੋਂ ਪੁਲਿਸ ਸਹਾਇਤਾ ਦੀ ਮੰਗ ਕੀਤੀ ਗਈ ਹੈ।ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਐੱਸ.ਡੀ.ਐੱਮ. ਬਾਦਲ ਦੀਨ ਅੱਜ ਖੁਦ ਮੌਕੇ 'ਤੇ ਪਹੁੰਚੇ ਤੇ ਰੇਲਵੇ ਪੁਲ ਦਾ ਜਾਇਜ਼ਾ ਲਿਆ।ਉਨ੍ਹਾਂ ਸਬੰਧਤ ਅਧਿਕਾਰੀਆਂ ਤੋਂ ਰੇਲਿੰਗ ਲਗਾਉਣ ਸਬੰਧੀ ਪੂਰੀ ਜਾਣਕਾਰੀ ਵੀ ਹਾਸਲ ਕੀਤੀ।ਐੱਸ.ਡੀ.ਐੱਮ. ਨੇ ਸਪੱਸ਼ਟ ਕੀਤਾ ਕਿ ਸਰਕਾਰੀ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਵਿਅਕਤੀ ਵੱਲੋਂ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਜੇਕਰ ਕੋਈ ਦੁਕਾਨਦਾਰ ਜਾਂ ਹੋਰ ਵਿਅਕਤੀ ਸਰਕਾਰੀ ਕੰਮ ਵਿੱਚ ਵਿਘਨ ਪਾਉਂਦਾ ਹੈ ਤਾਂ ਉਸ ਖ਼ਿਲਾਫ਼ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਖੇਡਾਂ ਵਤਨ ਪੰਜਾਬ ਦੀਆਂ ਦਾ ਨਹਿਰੂ ਸਟੇਡੀਅਮ ਫ਼ਰੀਦਕੋਟ ਤੋਂ ਸੇਖੋਂ ਵੱਲੋਂ ਆਗਾਜ਼



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026, ਸੀਜ਼ਨ-4' ਤਹਿਤ ਅੱਜ ਬਲਾਕ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਸਥਾਨਕ ਨਹਿਰੂ ਸਟੇਡੀਅਮ ਫ਼ਰੀਦਕੋਟ ਤੋਂ ਹੋਈ, ਜਿਸ ਵਿੱਚ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ' ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ, ਉਨ੍ਹਾਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨਾ ਤੇ ਸਿਹਤਮੰਦ ਤੇ ਖੇਡ ਭਾਵਨਾ ਨਾਲ ਭਰਪੂਰ ਮਾਹੌਲ ਤਿਆਰ ਕਰਨਾ ਹੈ।ਉਨ੍ਹਾਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਇਸ ਉਪਰਾਲੇ ਨਾਲ ਹਰ ਉਮਰ ਵਰਗ ਦਾ ਵਿਅਕਤੀ ਇਨ੍ਹਾਂ ਖੇਡਾਂ ਵਿੱਚ ਭਾਗ ਲੈ ਸਕਦਾ ਹੈ।ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਦਾਦਾ-ਪੋਤਾ ਇਕੱਠੇ ਗਰਾਉਂਡਾਂ ਵਿੱਚ ਖੇਡ ਰਹੇ ਹਨ ਤੇ ਉਨ੍ਹਾਂ ਨੂੰ ਦੇਖ ਕੇ ਨਵੇ ਬੱਚੇ ਸਿੱਖ ਰਹੇ ਹਨ ਤੇ ਉਨ੍ਹਾਂ ਤੋਂ ਤਜਰਬਾ ਪ੍ਰਾਪਤ ਕਰ ਰਹੇ ਹਨ।ਉਨ੍ਹਾਂ ਅਪੀਲ ਕੀਤੀ ਕਿ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲਿਆ ਜਾਵੇ ਤੇ ਤੰਦਰੁਸਤ ਰਿਹਾ ਜਾਵੇ।ਉਨ੍ਹਾਂ ਕਿਹਾ ਕਿ ਇਸ ਵਾਰ ਪੇਂਡੂ ਖੇਡਾਂ ਨੂੰ ਵੀ ਇਨ੍ਹਾਂ ਵਿੱਚ ਸ਼ਾਮਲ ਕੀਤਾ ਗਿਆ ਹੈ।ਜ਼ਿਲ੍ਹਾ ਖੇਡ ਅਫਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਅੱਜ ਬਲਾਕ ਪੱਧਰੀ ਖੇਡਾਂ ਨਹਿਰੂ ਸਟੇਡੀਅਮ ਤੇ ਸੁੱਖਣਵਾਲਾ ਵਿਖੇ ਕਰਵਾਈਆਂ ਜਾ ਰਹੀਆਂ ਹਨ, ਜਿਸ ਵਿੱਚ ਅੰਡਰ 14 ਅੰਡਰ 17 ਤੋਂ ਇਲਾਵਾ ਵੱਖ-ਵੱਖ ਉਮਰ ਵਰਗ ਦੇ ਖਿਡਾਰੀ ਹੋਰ ਵੱਖ-ਵੱਖ ਕੈਟੇਗਰੀਆਂ ਵਿੱਚ ਭਾਗ ਲੈਣਗੇ।ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਸ. ਗਗਨਦੀਪ ਸਿੰਘ ਧਾਲੀਵਾਲ, ਚੇਅਰਮੈਨ ਮਾਰਕੀਟ ਕਮੇਟੀ ਅਮਨਦੀਪ ਬਾਬਾ, ਰਮਨਦੀਪ ਮੁਮਾਰਾ, ਅਮਰਜੀਤ ਪਰਮਾਰ ਤੋਂ ਇਲਾਵਾ ਇਲਾਕਾ ਨਿਵਾਸੀ ਹਾਜ਼ਰ ਸਨ।

## ਜੋਲੀਆਂ, ਭੱਟੀਵਾਲ ਖੁਰਦ ਤੇ ਭੱਟੀਵਾਲ ਕਲਾਂ 'ਚ 67 ਲੱਖ ਦੇ ਵਿਕਾਸ ਕਾਰਜ ਸ਼ੁਰੂ



**ਭਵਾਨੀਗੜ੍ਹ (ਰਾਜ ਕੁਮਾਰ)**-ਵਿਧਾਨ ਸਭਾ ਹਲਕਾ ਸੰਗਰੂਰ ਦੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਾਉਣ ਦੀ ਕੜੀ ਤਹਿਤ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪਿੰਡ ਜੋਲੀਆਂ, ਭੱਟੀਵਾਲ ਖੁਰਦ ਤੇ ਭੱਟੀਵਾਲ ਕਲਾਂ ਵਿਖੇ ਕਰੀਬ 67 ਲੱਖ ਰੁਪਏ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਨ੍ਹਾਂ ਵਿੱਚ ਪਬਲਿਕ ਸ਼ੈੱਡ, ਵਾਲੀਬਾਲ ਗਰਾਊਂਡ ਤੇ ਗਲੀਆਂ ਦੇ ਵਿਕਾਸ ਨਾਲ ਸਬੰਧਤ ਕੰਮ ਪ੍ਰਮੁੱਖ ਹਨ।ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪਿੰਡਾਂ ਦਾ ਵਿਕਾਸ ਸਿਰਫ਼ ਨਵੇਂ ਨਿਰਮਾਣ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਸਗੋਂ ਲੋਕਾਂ ਦੀਆਂ ਰੋਜ਼ਾਨਾ ਲੋੜਾਂ ਤੇ ਸਾਂਝੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪਬਲਿਕ ਸ਼ੈੱਡ ਪਿੰਡ ਵਾਸੀਆਂ ਲਈ ਸਮਾਜਿਕ ਤੇ ਸਾਂਝੇ ਸਮਾਗਮਾਂ ਵਾਸਤੇ ਲਾਭਦਾਇਕ ਸਾਬਤ ਹੋਵੇਗਾ, ਜਦਕਿ ਵਾਲੀਬਾਲ ਗਰਾਊਂਡ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਏਗਾ।ਉਨ੍ਹਾਂ ਕਿਹਾ ਕਿ ਗਲੀਆਂ ਦੇ ਨਿਰਮਾਣ ਤੇ ਸੁਧਾਰ ਨਾਲ ਪਿੰਡਾਂ ਦੇ ਬੁਨਿਆਦੀ ਢਾਂਚੇ ਵਿੱਚ ਹੋਰ ਸੁਧਾਰ ਆਵੇਗਾ ਅਤੇ ਲੋਕਾਂ ਨੂੰ ਆਉਣ-ਜਾਣ ਵਿੱਚ ਸਹੂਲਤ ਮਿਲੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਪਿੰਡਾਂ ਦੀਆਂ ਲੋੜਾਂ ਨੂੰ ਤਰਜੀਹ ਦੇ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਵਿਧਾਇਕ ਭਰਾਜ ਨੇ ਕਿਹਾ ਕਿ ਪੰਚਾਇਤਾਂ ਅਤੇ ਪਿੰਡ ਵਾਸੀਆਂ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਨ੍ਹਾਂ ਦੀਆਂ ਲੋੜਾਂ ਦੀ ਪਛਾਣ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਪਿੰਡਾਂ ਦੀ ਨੁਹਾਰ ਬਦਲਣ ਦਾ ਕੰਮ ਲਗਾਤਾਰ ਜਾਰੀ ਰਹੇਗਾ।

## ਸਿੱਧੂ ਬਰਾੜ ਵੈੱਲਫੇਅਰ ਸੁਸਾਇਟੀ ਮਹਿਰਾਜ ਦੀ ਮੀਟਿੰਗ ਹੋਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬਾਹੀਏ ਦੇ ਮੋਢੀ ਪਿੰਡ ਮਹਿਰਾਜ ਦੇ 400 ਸਾਲਾ ਮੋਹੜੀ ਗੱਡ ਦਿਹਾੜੇ ਨੂੰ ਇਤਿਹਾਸਕ ਤੇ ਯਾਦਗਾਰ ਢੰਗ ਨਾਲ ਮਨਾਉਣ ਲਈ ਸਿੱਧੂ-ਬਰਾੜ ਵਿਸ਼ਵ ਭਾਈਚਾਰਾ ਵੈਲਫੇਅਰ ਸੁਸਾਇਟੀ ਮਹਿਰਾਜ (ਬਠਿੰਡਾ) ਵੱਲੋਂ ਗੁਰਦੁਆਰਾ ਬਾਬਾ ਸਿੱਧ ਤਿਲਕ ਰਾਏ ਸਾਹਿਬ ਮਹਿਰਾਜ ਵਿਖੇ ਅਹਿਮ ਮੀਟਿੰਗ ਕੀਤੀ ਗਈ।ਸਿੱਧੂ-ਬਰਾੜ ਭਾਈਚਾਰੇ ਦੇ ਪਤਵੰਤੇ, ਪੰਚ-ਸਰਪੰਚ ਤੇ ਮੋਹਤਬਰ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਕਲਿਆਣ, ਦਿਆਲਪੁਰਾ ਮਿਰਜ਼ਾ, ਨਥਾਣਾ, ਪੂਹਲੀ, ਪੂਹਲਾ, ਸੇਮਾ, ਹਮੀਰਗੜ੍ਹ, ਗੁਰੂਸਰ, ਮਲੂਆਣਾ, ਰਾਮਪੁਰਾ, ਲਹਿਰਾ ਧੂੰਆ, ਲਹਿਰਾ ਬੇਗਾ, ਲਹਿਰਾ ਧੂਰਕੋਟ, ਲਹਿਰਾ ਖਾਨਾ, ਲਹਿਰਾ ਮੁਹੱਬਤ ਤੇ ਮਹਿਰਾਜ ਆਦਿ ਪਿੰਡਾਂ ਤੋਂ ਆਏ ਨੁਮਾਇੰਦਿਆਂ ਨੇ ਸਮਾਗਮ ਸਬੰਧੀ ਆਪਣੇ ਵਿਚਾਰ ਸਾਂਝੇ ਕਰਦਿਆਂ ਸਰਪੰਚ ਸੁਖਪ੍ਰੀਤ ਕੌਰ ਪੂਹਲਾ, ਸੇਵਾ ਮੁਕਤ ਤਹਿਸੀਲਦਾਰ ਹੰਸਰਾਜ, ਰੂਪ ਸਿੰਘ, ਸਰਪੰਚ ਰਵੇਲ ਸਿੰਘ, ਗੁਰਜੀਵਨ ਸਿੰਘ ਸਿੱਧੂ ਬਲਾਕ ਸੰਮਤੀ, ਸੇਵਾਮੁਕਤ ਅਧਿਆਪਕ ਗੁਰਨਾਮ ਸਿੰਘ ਕਲਿਆਣ ਸੱਲੂਕਾ, ਬਲਵੀਰ ਸਿੰਘ ਹਮੀਰਗੜ੍ਹ, ਤੀਰਥ ਸਿੰਘ ਦਿਆਲਪੁਰਾ ਮਿਰਜ਼ਾ ਤੇ ਦਰਸ਼ਨ ਸਿੰਘ ਨੰਬਰਦਾਰ ਨਥਾਣਾ ਨੇ ਸਮੁੱਚੇ ਭਾਈਚਾਰੇ ਨੂੰ ਇਕਜੁਟ ਹੋ ਕੇ 400 ਸਾਲਾ ਇਤਿਹਾਸਿਕ ਦਿਹਾੜੇ ਨੂੰ ਯਾਦਗਾਰੀ ਬਣਾਉਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਇਸ ਇਤਿਹਾਸਿਕ ਸਮਾਗਮ 'ਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਯਕੀਨੀ ਬਣਾਈ ਜਾਵੇ।ਇਸ ਸਬੰਧੀ ਪਿੰਡ-ਪਿੰਡ ਜਾ ਕੇ ਰਾਬਤਾ ਕਾਇਮ ਕਰਨ ਉਪਰੰਤ ਸਮੁੱਚੇ ਬਾਹੀਆ ਭਾਈਚਾਰੇ ਨਾਲ ਸਬੰਧਤ ਉੱਚ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਤੇ ਸੇਵਾਮੁਕਤ ਹੋ ਚੁੱਕੇ ਵਿਅਕਤੀਆਂ ਤੋਂ ਇਲਾਵਾ ਵੱਖ-ਵੱਖ ਵਿਦੇਸ਼ਾਂ ਵਿੱਚ ਵੱਸਦੇ ਸਿੱਧੂ-ਬਰਾੜ ਭਾਈਚਾਰੇ ਦੇ ਲੋਕਾਂ ਨਾਲ ਵੀ ਸੰਪਰਕ ਕੀਤਾ ਜਾਵੇਗਾ, ਤਾਂ ਜੁ ਉਨ੍ਹਾਂ ਨੂੰ ਇਸ ਇਤਿਹਾਸਿਕ ਸਮਾਗਮ ਨਾਲ ਜੋੜਿਆ ਜਾ ਸਕੇ। ਉਨ੍ਹਾ ਕਿਹਾ ਕਿ 400 ਸਾਲਾ ਮੋਹੜੀ ਗੱਡ ਦਿਹਾੜਾ ਸਮੁੱਚੇ ਭਾਈਚਾਰੇ ਲਈ ਮਾਣ ਵਾਲਾ ਇਤਿਹਾਸਿਕ ਮੌਕਾ ਹੈ।ਅਜਿਹੇ ਇਤਿਹਾਸਿਕ ਅਤੇ ਯਾਦਗਾਰੀ ਸਮਾਗਮ ਜ਼ਿੰਦਗੀ ਵਿੱਚ ਕਰਮਾਂ ਵਾਲਿਆਂ ਨੂੰ ਹੀ ਨਸੀਬ ਹੁੰਦੇ ਹਨ।ਉਨ੍ਹਾਂ ਦੱਸਿਆ ਕਿ 15 ਮਾਰਚ 2027 ਨੂੰ ਅਖੰਡ ਪਾਠ ਸਾਹਿਬ ਆਰੰਭ ਕਰਾਇਆ ਜਾਵੇਗਾ ਅਤੇ 17 ਮਾਰਚ 2027 ਨੂੰ ਭੋਗ ਪਾਏ ਜਾਣਗੇ।ਮੁਹਾਲੀ ਤੋਂ ਪਹੁੰਚੇ ਰਜਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਜਿਹੜੀ ਵੀ ਸੇਵਾ ਸੌਂਪੀ ਜਾਵੇਗੀ, ਉਹ ਤਨਦੇਹੀ ਨਾਲ ਨਿਭਾਉਣਗੇ।ਮੀਟਿੰਗ ਦੀ ਜ਼ਿੰਮੇਵਾਰੀ ਗੁਰਮੀਤ ਸਿੰਘ ਨੇ ਨਿਭਾਈ।

## ਚੰਡੀਗੜ੍ਹ ਮੋਰਚਾ ਜਿੱਤ ਕੇ ਵਾਪਸ ਪਰਤੇ ਭਾਕਿਯੂ ਕਾਦੀਆਂ ਦੇ ਅਹੁਦੇਦਾਰ ਤੇ ਮੈਂਬਰ ਸਨਮਾਨਤ



**ਜ਼ੀਰਾ (ਨਰਿੰਦਰ ਅਨੇਜਾ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕਿਸਾਨੀ ਤੇ ਹੋਰ ਮੰਗਾਂ ਲਈ ਚੰਡੀਗੜ੍ਹ ਦੀਆਂ ਬਰੂਹਾਂ 'ਤੇ 1 ਤੋਂ 7 ਸਤੰਬਰ ਤੱਕ ਮੋਰਚਾ ਲੱਗਾ ਕੇ ਬੈਠੀਆਂ ਕਿਸਾਨ ਜਥੇਬੰਦੀਆਂ ਦੀਆਂ ਪੰਜਾਬ ਸਰਕਾਰ ਵੱਲੋਂ ਮੰਗਾਂ ਮੰਨਣ ਦੇ ਦਿੱਤੇ ਗਏ ਲਿਖਤੀ ਭਰੋਸੇ ਤੋਂ ਬਾਅਦ ਧਰਨਾ ਖਤਮ ਕਰਕੇ ਵਾਪਸ ਪਰਤੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਸਨੇਰ ਵਿਖੇ ਸਮੂਹ ਨਗਰ ਨਿਵਾਸੀਆਂ ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਸਿਰੋਪੇ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਬਲਾਕ ਜ਼ੀਰਾ ਦੇ ਪ੍ਰਧਾਨ ਸੁਖਦੇਵ ਸਿੰਘ ਸਨੇਰ, ਸੂਬਾ ਕਾਰਜਕਾਰੀ ਮੈਂਬਰ ਦਰਸ਼ਨ ਸਿੰਘ ਮੀਹਾਂ ਸਿੰਘ ਵਾਲਾ ਤੇ ਪ੍ਰੀਤਮ ਸਿੰਘ ਮੀਹਾਂ ਵਾਲਾ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਖੇਤੀਬਾੜੀ ਮੰਤਰੀ ਪੰਜਾਬ ਗੁਰਮੀਤ ਸਿੰਘ ਖੁਡੀਆਂ ਨੇ ਧਰਨੇ ਵਾਲੀ ਥਾਂ 'ਤੇ ਪਹੁੰਚ ਕੇ ਕਿਸਾਨਾਂ ਨੂੰ ਲਿਖਤੀ ਮੰਗ ਪੱਤਰ ਪ੍ਰਵਾਨਗੀ ਪੱਤਰ ਵਿੱਚ ਪੰਜਾਬ ਸਰਕਾਰ ਨੇ ਭਰੋਸਾ ਦਿੱਤਾ ਕਿ ਇੱਕ ਮਹੀਨੇ ਦੇ ਅੰਦਰ-ਅੰਦਰ ਵਿਧਾਨ ਸਭਾ ਦਾ ਵਿਸ਼ੇਸ਼ ਅਜਲਾਸ ਬੁਲਾਇਆ ਜਾਵੇਗਾ।ਪੰਜਾਬ ਦੇ ਨਹਿਰੀ ਪਾਣੀਆਂ ਨਾਲ ਸੰਬੰਧਿਤ ਪੁਰਾਣੇ ਅਸੰਵਿਧਾਨਕ ਸਮਝੌਤਿਆਂ ਨੂੰ ਰੱਦ/ਪੁਨਰ ਵਿਚਾਰਨ ਲਈ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਜਾਵੇਗਾ।ਪੰਜਾਬ ਪੁਨਰਗਠਨ ਐਕਟ 1966 ਦੀਆਂ ਧਾਰਾਵਾਂ 78, 79, 80 ਤੇ 'ਡੈਮ ਸੇਫਟੀ ਐਕਟ' ਨੂੰ ਰੱਦ ਕਰਨ ਬਾਰੇ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾਣਗੇ।ਸਰਕਾਰੀ ਤੇ ਸਹਿਕਾਰੀ ਬੈਂਕਾਂ ਦੇ ਕਰਜ਼ਿਆਂ ਦੇ ਨਿਪਟਾਰੇ ਲਈ ਇੱਕ 'ਵਨ ਟਾਈਮ ਸੈਟਲਮੈਂਟ' ਨੀਤੀ ਤਿਆਰ ਕੀਤੀ ਜਾਵੇਗੀ।ਇਸ ਲਈ ਸਰਕਾਰ ਸਾਰੇ ਰਾਜਨੀਤਕ ਦਲਾਂ ਤੇ ਕਿਸਾਨਾਂ ਦੀ ਇੱਕ ਸਾਂਝੀ ਕਮੇਟੀ ਬਣਾਏਗੀ।ਉਨ੍ਹਾਂ ਹੋਰ ਦੱਸਿਆ ਕਿ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਹੋਰ ਲਟਕਦੀਆਂ ਮੰਗਾਂ ਦੇ ਹੱਲ ਲਈ ਕਿਸਾਨ ਆਗੂਆਂ ਤੇ ਸਰਕਾਰੀ ਅਧਿਕਾਰੀਆਂ ਦੀ ਇੱਕ ਸਾਂਝੀ ਉੱਚ ਪੱਧਰੀ ਕਮੇਟੀ ਗਠਿਤ ਕਰਨ ਦਾ ਐਲਾਨ ਕੀਤਾ ਗਿਆ।ਇਸ ਉਪਰੰਤ ਕਿਸਾਨ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 15 ਪਿਸਤੌਲ ਤੇ 5 ਕਿਲੋਗ੍ਰਾਮ ਹੈਰੋਇਨ ਸਮੇਤ ਦੋ ਕਾਬੂ

**ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)**- ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਥਾਣਾ ਘਰਿੰਡਾ ਦੇ ਇਲਾਕੇ ਵਿਚੋਂ ਦੋ ਵਿਅਕਤੀਆਂ ਨੂੰ 15 ਪਿਸਤੌਲਾਂ ਤੇ 5 ਕਿਲੋਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ।



ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਆਈ.ਜੀ. ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਤੇ ਐੱਸ.ਐੱਸ.ਪੀ. ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਐਤਵਾਰ ਸ਼ਾਮ ਕਰੀਬ 7 ਵਜੇ ਥਾਣਾ ਘਰਿੰਡਾ ਪੁਲਸ ਨੂੰ ਇਤਲਾਹ ਮਿਲੀ ਕਿ ਦੀਪਕ ਸਿੰਘ ਵਾਸੀ ਪਿੰਡ ਰੋੜਾਂਵਾਲਾ ਖੁਰਦ ਤੇ ਸ਼ੁੱਭਪ੍ਰੀਤ ਸਿੰਘ ਉਰਫ਼ ਸ਼ੁੱਭ ਵਾਸੀ ਵੇਰਕਾ-ਮਜੀਠਾ ਬਾਈਪਾਸ ਅੰਮ੍ਰਿਤਸਰ, ਜੋ ਨਾਜ਼ਾਇਜ਼ ਪਿਸਤੌਲਾਂ ਤੇ ਹੈਰੋਇਨ ਦਾ ਧੰਦਾ ਕਰਦੇ ਹਨ, ਅਟਾਰੀ ਇਲਾਕੇ ਵਿਚ ਘੁੰਮ ਰਹੇ ਹਨ।

ਇਸ 'ਤੇ ਥਾਣਾ ਘਰਿੰਡਾ ਪੁਲਸ ਪਾਰਟੀ ਨੇ ਧੁੱਸੀ ਬੰਨ੍ਹ ਟੀ-ਪੁਆਇੰਟ ਅਟਾਰੀ ਝਬਾਲ ਰੋਡ 'ਤੇ ਨਾਕਾਬੰਦੀ ਕਰਕੇ ਚੈਕਿੰਗ ਸ਼ੁਰੂ ਕਰ ਦਿੱਤੀ। ਚੈਕਿੰਗ ਦੌਰਾਨ ਐਕਟਿਵਾ ਚਾਲਕ ਸ਼ੁੱਭਪ੍ਰੀਤ ਸਿੰਘ ਤੇ ਪਿੱਛੇ ਬੈਠੇ ਦੀਪਕ ਸਿੰਘ ਕੋਲੋਂ ਤਲਾਸ਼ੀ ਲੈਣ 'ਤੇ 15 ਪਿਸਤੌਲ ਤੇ 5 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਇਸ ਸੰਬੰਧ ਵਿਚ ਥਾਣਾ ਘਰਿੰਡਾ ਵਿਚ ਮਾਮਲਾ ਦਰਜ ਕਰ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਦੀਪਕ ਸਿੰਘ ਵੈਲਡਿੰਗ ਦਾ ਕੰਮ ਕਰਦਾ ਹੈ, ਜੋ ਪਾਕਿਸਤਾਨੀ ਸਮੱਗਲਰ ਦੇ ਸੰਪਰਕ ਵਿਚ ਸੀ।

ਉਨ੍ਹਾਂ ਦੱਸਿਆ ਕਿ ਸ਼ੁੱਭਪ੍ਰੀਤ ਸਿੰਘ ਉਰਫ਼ ਸ਼ੁੱਭ ਦੀ ਹਾਲ ਗੇਟ ਅੰਮ੍ਰਿਤਸਰ ਵਿਚ ਮੋਬਾਈਲ ਰਿਪੇਅਰ ਦੀ ਦੁਕਾਨ ਹੈ। ਦੋਵੇਂ ਮੁਲਜ਼ਮਾਂ ਕੋਲੋਂ ਪੁੱਛਗਿੱਛ ਕਰਨ 'ਤੇ ਦੋ ਹੋਰ ਮੁਲਜ਼ਮਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੋਈ ਹੈ।

# ਕਾਂਗਰਸ ਪਾਰਟੀ ਅੱਜ ਥਾਣਾ ਅਜਨਾਲੇ ਮੂਹਰੇ ਲਗਾਏਗੀ ਧਰਨਾ : ਅਜਨਾਲਾ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਬੀਤੇ ਦਿਨੀ ਜਗਦੇਵ ਖੁਰਦ ਵਿਖੇ ਰਾਤ ਸਮੇਂ ਹਲਕਾ ਅਜਨਾਲਾ ਦੇ ਸਰਗਰਮ ਕਾਂਗਰਸੀ ਆਗੂ ਗੁਰਦੀਪ ਸਿੰਘ ਸਿਰਸਾ 'ਤੇ ਹੋਏ ਹਮਲੇ ਖਿਲਾਫ ਮੁੱਕਦਮਾ ਦਰਜ ਕੀਤੇ ਜਾਣ ਅਤੇ ਕਥਿਤ ਦੋਸ਼ੀਆਂ ਨੂੰ ਹੁਣ ਤੱਕ ਗ੍ਰਿਫਤਾਰ ਨਾ ਕਰਨ ਦੇ ਵਿਰੋਧ 'ਚ ਕਾਂਗਰਸ ਪਾਰਟੀ ਵੱਲੋਂ 9 ਸਤੰਬਰ ਨੂੰ ਥਾਣਾ ਅਜਨਾਲਾ ਮੋਹਰੇ ਧਰਨਾ ਲਗਾਇਆ ਜਾਵੇਗਾ। ਇਸ ਸੰਬੰਧੀ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਦੱਸਿਆ ਕਿ 4 ਸਤੰਬਰ ਨੂੰ ਕਾਂਗਰਸ ਪਾਰਟੀ ਦੇ ਆਗੂ ਗੁਰਦੀਪ ਸਿਰਸਾ ਅਤੇ ਸੱਤਾ ਧਿਰ ਨਾਲ ਸੰਬੰਧਤ ਕੁਝ ਵਿਅਕਤੀਆਂ 'ਤੇ ਮਾਰ ਦੇਣ ਦੀ ਨੀਅਤ ਨਾਲ ਸਿੱਧੀ ਗੋਲੀ ਚਲਾਈ ਸੀ ਜਿਸ ਵਿੱਚ ਉਹਨਾਂ ਦੀ ਜਾਨ ਵਾਲ ਵਾਲ ਬੱਚੀ। ਉਹਨਾਂ ਦੱਸਿਆ ਕਿ ਗੁਰਦੀਪ ਸਿੰਘ ਸਿਰਸਾ ਮਾਮਲੇ 'ਚ ਮੁਕੱਦਮਾ ਦਰਜ ਕਰਨ ਤੋਂ ਬਾਅਦ ਪੁਲਸ ਵੱਲੋਂ ਸਿਆਸੀ ਸ਼ਹਿ 'ਤੇ ਗੁਰਦੀਪ ਸਿੰਘ ਨਾਲ ਰਹਿਣ ਵਾਲੇ ਨੌਜਵਾਨ ਹੁਸਨ, ਗੁਰਪ੍ਰੀਤ ਸਿੰਘ ਗੋਰਾ ਸਮੇਤ ਹੋਰਨਾਂ ਖਿਲਾਫ ਵੀ ਸੋਨੇ ਦਾ ਕੜਾ ਤੇ ਪੈਸੇ ਲੈਣ ਦੇਣ ਦਾ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ ਤੇ ਹੁਣ ਗੁਰਦੀਪ ਸਿੰਘ ਸਿਰਸਾ ਤੇ ਹੋਰਨਾਂ ਖਿਲਾਫ ਕਰਾਸ ਮੁੱਕਦਮਾ ਦਰਜ ਕਰਨ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਅਜਨਾਲਾ ਨੇ ਦੱਸਿਆ ਕਿ ਗੁਰਦੀਪ ਸਿੰਘ ਸਿਰਸਾ 'ਤੇ ਗੋਲੀ ਚਲਾਉਣ ਵਾਲੇ ਮੁਲਜ਼ਮਾ ਨੂੰ ਪੁਲਸ ਵੱਲੋਂ ਹੁਣ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਉਹ ਸ਼ਰੇਆਮ ਘੁੰਮ ਰਹੇ ਹਨ। ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਪੁਲਸ ਪ੍ਰਸ਼ਾਸਨ ਨੂੰ ਸਖਤ ਸ਼ਬਦਾਂ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਗੁਰਦੀਪ ਸਿੰਘ ਸਿਰਸਾ ਜਾਂ ਕਿਸੇ ਵੀ ਸਾਥੀ ਦੇ ਗਲਤ ਝੂਠੀ ਕਾਨੂੰਨੀ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਾਂਗਰਸ ਪਾਰਟੀ ਵੱਲੋਂ ਅਣਮਿੱਥੇ ਸਮੇਂ ਲਈ ਸੰਘਰਸ਼ ਵਿੱਢਿਆ ਜਾਵੇਗਾ। ਜਿਸ ਦੀ ਸ਼ੁਰੂਆਤ ਅੱਜ ਪੁਲਸ ਥਾਣਾ ਅਜਨਾਲੇ ਮੂਹਰੇ ਧਰਨਾ ਲਗਾ ਕੇ ਕੀਤੀ ਜਾਵੇਗੀ।



# ਵਿਆਹ ਪੁਰਬ ਸੰਬੰਧੀ ਐੱਸ ਐੱਸ ਪੀ ਡਾ. ਮਹਿਤਾਬ ਸਿੰਘ ਨਾਲ ਮੁਲਾਕਾਤ

**ਧਾਰੀਵਾਲ (ਮਨਦੀਪ ਵਿੱਕੀ)**- ਜਗਤ ਗੁਰੂ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜਗਤ ਮਾਤਾ ਸੁਲੱਖਣੀ ਜੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ, ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਗੁਰਦੁਆਰਾ ਮਾਤਾ ਸੁਲੱਖਣੀ ਜੀ ਸਤਿਕਰਤਾਰੀਆਂ ਸਾਹਿਬ ਵਿਖੇ 18 ਸਤੰਬਰ ਨੂੰ ਮਨਾਏ ਜਾ ਰਹੇ 539ਵੇਂ ਵਿਆਹ ਪੁਰਬ ਸਬੰਧੀ ਤਿਆਰੀਆਂ ਜ਼ੋਰ ਸ਼ੋਰ ਨਾਲ ਜਾਰੀ ਹਨ। ਇਸ ਸਬੰਧ ਵਿੱਚ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਗੁਰਨਾਮ ਸਿੰਘ ਜੱਸਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਜਗਦੀਪ ਸਿੰਘ ਧਾਰੀਵਾਲੀ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ, ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ ਦੇ ਵਫ਼ਦ ਨੇ ਡਾਕਟਰ ਮਹਿਤਾਬ ਸਿੰਘ ਐਸ ਐਸ ਪੀ ਬਟਾਲਾ ਦੇ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੌਕੇ ਜਥੇਦਾਰ ਗੋਰਾ ਅਤੇ ਜਥੇਦਾਰ ਜੱਸਲ ਨੇ ਡਾਕਟਰ ਮਹਿਤਾਬ ਸਿੰਘ ਐਸ ਐਸ ਪੀ ਬਟਾਲਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਅਤੇ ਵਿਆਹ ਪੁਰਬ ਨੂੰ ਸਮਰਪਤ 16 ਸਤੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਆਰੰਭ ਹੋ ਕੇ 17 ਸਤੰਬਰ ਦੀ ਸ਼ਾਮ ਨੂੰ ਬਟਾਲਾ ਵਿਖੇ ਆ ਰਹੇ ਮਹਾਨ ਨਗਰ ਕੀਰਤਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਵਾਲੇ ਦਿਨ 18 ਸਤੰਬਰ ਨੂੰ ਸਵੇਰੇ 7 ਵਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਹੁਰਾ ਘਰ ਇਤਿਹਾਸਕ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਬਟਾਲਾ ਤੋਂ ਸਜਾਏ ਜਾਣ ਵਾਲੇ ਮਹਾਨ ਨਗਰ ਕੀਰਤਨ ਦੇ ਸਮੁੱਚੇ ਰੂਟ ਬਾਰੇ ਜਾਣਕਾਰੀ ਦਿੰਦਿਆਂ ਜਥੇਦਾਰ ਗੋਰਾ ਤੇ ਜਥੇਦਾਰ ਜੱਸਲ ਨੇ ਵਿਆਹ ਪੁਰਬ ਮੌਕੇ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ, ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਅਤੇ ਦੋਨਾਂ ਮਹਾਨ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ ਵੱਡੀ ਤਦਾਦ ਵਿੱਚ ਲੱਖਾਂ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਅਤੇ ਟਰੈਫਿਕ ਦਾ ਵਿਸ਼ੇਸ਼ ਪ੍ਰਬੰਧ ਕਰਨ ਲਈ ਲਿਖਤੀ ਰੂਪ ਵਿੱਚ ਮੰਗ ਕੀਤੀ।ਇਸ ਮੌਕੇ ਐਸ ਐਸ ਪੀ ਬਟਾਲਾ ਡਾ. ਮਹਿਤਾਬ ਸਿੰਘ ਨੇ ਜਥੇਦਾਰ ਗੋਰਾ, ਜਥੇਦਾਰ ਗੁਰਨਾਮ ਸਿੰਘ ਜੱਸਲ ਅਤੇ ਜਗਦੀਪ ਸਿੰਘ ਧਾਰੀਵਾਲੀ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ ਸਮੇਤ ਵਫ਼ਦ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਅਤੇ ਵਿਆਹ ਪੁਰਬ ਨੂੰ ਸਮਰਪਤ ਦੋਹਾਂ ਮਹਾਨ ਨਗਰ ਕੀਰਤਨ ਮੌਕੇ ਸੰਗਤਾਂ ਦੀ ਸਹੂਲਤ, ਟ੍ਰੈਫਿਕ ਅਤੇ ਸਮੁੱਚੇ ਪ੍ਰਬੰਧ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਤੇ ਜਥੇਦਾਰ ਗੋਰਾ ਤੇ ਜਥੇਦਾਰ ਜੱਸਲ ਨੇ ਡਾਕਟਰ ਮਹਿਤਾਬ ਸਿੰਘ ਐਸ ਐਸ ਪੀ ਬਟਾਲਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਪਰਿਵਾਰ ਸਮੇਤ ਮਹਾਨ ਨਗਰ ਕੀਰਤਨ ਅਤੇ ਵਿਆਹ ਪੁਰਬ ਤੇ ਗੁਰੂ ਘਰ ਵਿਖੇ ਸ਼ਾਮਲ ਹੋਣ ਦੀ ਬੇਨਤੀ ਕੀਤੀ।ਇਸ ਮੌਕੇ ਤੇ ਬਲਕਾਰ ਸਿੰਘ ਪੰਜਗਰਾਈਂ ਹਾਜ਼ਰ ਸਨ।



# 13 ਦੀ ਸ਼੍ਰੋਮਣੀ ਅਕਾਲੀ ਦਲ ਰੈਲੀ ਨੂੰ ਲੈ ਕੇ ਨੌਜਵਾਨਾਂ 'ਚ ਭਾਰੀ ਉਤਸ਼ਾਹ : ਰਾਹੁਲ ਧੀਰ

**ਚੋਹਲਾ ਸਾਹਿਬ (ਰਮਨ ਚੱਢਾ)**- ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ 13 ਸਤੰਬਰ ਨੂੰ ਪਵਿੱਤਰ ਧਰਤੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬੀਬਾ ਗਮਦੀਪ ਕੌਰ ਖਹਿਰਾ ਅਤੇ ਅਵਤਾਰ ਸਿੰਘ ਗਿੱਲ ਸ਼ੇਰੋਂ ਦੀ ਅਗਵਾਈ ਹੇਠ ਕਰਵਾਈ ਜਾ ਰਹੀ ਵਿਸ਼ਾਲ ਕਾਨਫਰੰਸ/ਰੈਲੀ ਨੂੰ ਲੈ ਕੇ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਯੂਥ ਅਕਾਲੀ ਆਗੂ ਰਾਹੁਲ ਧੀਰ ਚੋਹਲਾ ਸਾਹਿਬ ਨੇ ਕਿਹਾ ਕਿ ਇਹ ਇਕੱਠ ਇਲਾਕੇ ਦੇ ਸਿਆਸੀ ਇਤਿਹਾਸ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਤ ਹੋਵੇਗਾ।



ਰਾਹੁਲ ਧੀਰ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਹੇਠ ਹਲਕਾ ਖਡੂਰ ਸਾਹਿਬ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਤਿਆਰੀਆਂ ਜੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਪਿੰਡ-ਪਿੰਡ ਅਤੇ ਘਰ-ਘਰ ਜਾ ਕੇ ਵਰਕਰਾਂ ਅਤੇ ਆਮ ਲੋਕਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਤੋਂ ਤੰਗ ਆ ਚੁੱਕੇ ਪੰਜਾਬ ਦੇ ਲੋਕ ਹੁਣ ਮੁੜ ਸ਼੍ਰੋਮਣੀ ਅਕਾਲੀ ਦਲ ਵੱਲ ਉਮੀਦ ਦੀ ਨਿਗਾਹ ਨਾਲ ਦੇਖ ਰਹੇ ਹਨ।ਹਲਕੇ ਦੇ ਹਰ ਪਿੰਡ ਤੋਂ ਵੱਡੀ ਗਿਣਤੀ ਵਿੱਚ ਕਾਫ਼ਲੇ ਗੋਇੰਦਵਾਲ ਸਾਹਿਬ ਲਈ ਰਵਾਨਾ ਹੋਣਗੇ। ਯੂਥ ਅਕਾਲੀ ਦਲ ਵੱਲੋਂ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਜੋੜਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।ਪੰਜਾਬ ਦੇ ਮੌਜੂਦਾ ਹਾਲਾਤ, ਕਿਸਾਨੀ ਮੁੱਦਿਆਂ ਅਤੇ ਖੇਤਰ ਦੇ ਵਿਕਾਸ 'ਤੇ ਪਾਰਟੀ ਲੀਡਰਸ਼ਿਪ ਵੱਲੋਂ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।ਯੂਥ ਆਗੂ ਰਾਹੁਲ ਧੀਰ ਨੇ ਸਮੂਹ ਇਲਾਕਾ ਵਾਸੀਆਂ ਅਤੇ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ 13 ਸਤੰਬਰ ਨੂੰ ਵੱਡੀ ਗਿਣਤੀ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਪਹੁੰਚ ਕੇ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਮਜ਼ਬੂਤ ਕਰਨ।

# ਹਰਮੇਸ਼ ਕੌਰ ਜੋਧੇ ਦੀ ਪੁਸਤਕ 'ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ' ਸੰਗਤਾਂ ਨੂੰ ਅਰਪਿਤ

**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)**- ਇੱਥੇ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਹੈੱਡਕੁਆਟਰ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਬਾ ਬਕਾਲਾ ਸਾਹਿਬ ਵਿਖੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਕ ਵਿਸ਼ੇਸ਼ ਉਪਰਾਲੇ ਤਹਿਤ ਕਰਵਾਏ ਗਏ ਇਕ ਸਮਾਗਮ ਦੌਰਾਨ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ 16ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਨੇ ਪ੍ਰੋ: ਹਰਮੇਸ਼ ਕੌਰ ਜੋਧੇ (ਸਾ: ਜ਼ਿਲ੍ਹਾ ਭਾਸ਼ਾ ਅਫਸਰ) ਦੀ ਲਿਖੀ ਧਾਰਮਿਕ ਪੁਸਤਕ 'ਸ਼੍ਰੋਮਣੀ ਪੰਥ ਅਕਾਲੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ' ਸੰਗਤਾਂ ਨੂੰ ਅਰਪਿਤ ਕੀਤੀ । ਗਿਆਨੀ ਗੁਰਵਿੰਦਰ ਸਿੰਘ ਨੰਗਲੀ (ਟਕਸਾਲ ਭਾਈ ਨੰਦ ਲਾਲ ਜੀ) ਦੇ ਵਿਸ਼ੇਸ਼ ਸਹਿਯੋਗ ਸਦਕਾ ਪ੍ਰਕਾਸ਼ਿਤ ਇਸ ਪੁਸਤਕ ਨੂੰ ਸੰਗਤਾਂ ਦੇ ਅਰਪਿਤ ਕਰਦਿਆਂ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਵਿੱਚ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਦਾ ਬੜਾ ਸ਼ਾਨਾਮੱਤਾ ਇਤਿਹਾਸ ਹੈ ਅਤੇ ਨਿਹੰਗ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖਿਆ ਜਾਵੇਗਾ । ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਮੀਤ ਪ੍ਰਧਾਨ ਡਾ: ਕੁਲਵੰਤ ਸਿੰਘ ਬਾਠ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਅਜੀਤ ਸਿੰਘ ਸਠਿਆਲਵੀ, ਸਰਬਜੀਤ ਸਿੰਘ ਪੱਡਾ, ਬਲਵਿੰਦਰ ਸਿੰਘ ਅਠੌਲਾ, ਸੰਤੋਖ ਸਿੰਘ ਪੰਨੂੰ, ਮਹਿਲਾ ਵਿੰਗ ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਮੀਤ ਪ੍ਰਧਾਨ ਹਰਵਿੰਦਰਜੀਤ ਕੌਰ ਬਾਠ ਤੋਂ ਇਲਾਵਾ ਤਰਨਾ ਦਲ ਦੇ ਬਾਬਾ ਸੁੱਖਾ ਸਿੰਘ, ਬਾਬਾ ਬਲਰਾਜ ਸਿੰਘ (ਗੁ: ਗੋਬਿੰਦਗੜ੍ਹ ਸਾਹਿਬ), ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ (ਸਾਰੇ ਨੀਡਜ਼ ਹੋਲਸੇਲ), ਜ: ਜਰਨੈਲ ਸਿੰਘ ਚੀਮਾਂਬਾਠ, ਬਲਬੀਰ ਸਿੰਘ ਬਾਊ ਅਤੇ ਹੋਰ ਹਾਜ਼ਰ ਸਨ ।



# ਸਾਬਕਾ ਸੈਨਿਕ ਸਰਬ-ਸਾਂਝੀ ਕਮੇਟੀ ਪੰਜਾਬ ਨੇ ਈ ਟੀ ਓ ਨੂੰ ਸੌਂਪਿਆ ਮੰਗ ਪੱਤਰ

**ਜੈਂਤੀਪੁਰ (ਸੁਖਬੀਰ ਸਿੱਧੂ)** ਸਾਬਕਾ ਸੈਨਿਕ ਸਰਬ ਸਾਂਝੀ ਕਮੇਟੀ ਪੰਜਾਬ ਕੈਬਨਟ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਮੰਗ ਪੱਤਰ ਸੌਂਪਿਆ। ਮੰਤਰੀ ਨੇ ਭਰੋਸਾ ਦਿੱਤਾ ਕਿ ਇਸ ਦੇ ਪੈਸੇ ਪਾਸ ਹੋ ਚੁੱਕੇ ਹਨ 100 ਕਰੋੜ 40 ਲੱਖ ਰੁਪਿਆ ਤੇ ਜਲਦੀ ਹੀ ਕੰਮ ਸ਼ੁਰੂ ਕੀਤਾ ਜਾਵੇਗਾ। ਮੰਗ ਪੱਤਰ ਦਿੰਦੇ ਹੋਏ ਚੇਅਰਮੈਨ ਪਿਆਰਾ ਸਿੰਘ, ਸੂਬਾ ਪ੍ਰਧਾਨ ਗੁਰਦੀਪ ਸਿੰਘ ਢਾਂਡਾ, ਸੈਨਾ ਮੈਡਲ ਮੀਤ ਪ੍ਰਧਾਨ ਮਲਕੀਤ ਸਿੰਘ, ਜਨਰਲ ਸੈਕਟਰੀ ਜਗਜੀਤ ਸਿੰਘ, ਸਲਾਹਕਾਰ ਨਿਰਮਲ ਸਿੰਘ, ਜ਼ਿਲ੍ਹਾ ਗੁਰਦਾਸਪੁਰ ਪ੍ਰਧਾਨ ਪ੍ਰਿਥਵੀ ਸਿੰਘ, ਅੰਮ੍ਰਿਤਸਰ ਪ੍ਰਧਾਨ ਬੂਟਾ ਸਿੰਘ ਜਲਾਲ ਉਸਮਾ ਤੇ ਹੋਰ ਵੀ ਕਾਫੀ ਮੈਂਬਰ ਸਾਹਿਬ ਹਾਜ਼ਰ ਰਹੇ। ਅਸੀਂ ਇਹ ਪ੍ਰਤੀਨਿਧਤਾ ਸਾਬਕਾ ਸੈਨਿਕ ਸਰਬ ਸਾਂਝੀ ਕਮੇਟੀ, ਪੰਜਾਬ (ਰਜਿਸਟਰਡ) ਵੱਲੋਂ ਲਿਖ ਰਹੇ ਹਾਂ, ਜੋ ਕਿ ਭਾਰਤ ਦੇ ਕਾਨੂੰਨੀ ਅਤੇ ਸੰਵਿਧਾਨਕ ਢਾਂਚੇ ਦੇ ਅੰਦਰ ਫੌਜੀ ਸਾਬਕਾ ਸੈਨਿਕਾਂ, ਸ਼ਹੀਦਾਂ ਦੇ ਪਰਵਾਰਾਂ ਅਤੇ ਸਰਹੱਦੀ ਖੇਤਰਾਂ ਦੇ ਸੰਪੂਰਨ ਵਿਕਾਸ ਲਈ ਸਮਰਪਿਤ ਇੱਕ ਸੰਗਠਨ ਹੈ। ਪੰਜ ਰਣਨੀਤਕ ਸਰਹੱਦੀ ਪਿੰਡਾਂ ਤੂਰ, ਭਰਿਆਲ, ਰਾਜਪੁਰ, ਚਿਬ ਅਤੇ ਮਾਮੀ ਚੱਕਰੰਗਾ ਦੇ ਵਸਨੀਕਾਂ ਨੂੰ ਦਰਪੇਸ਼ ਗੰਭੀਰ, ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਮੁਸ਼ਕਲਾਂ ਵੱਲ ਧਿਆਨ ਦਿਵਾਉਂਦੇ ਹਾਂ ਜੋ ਰਾਵੀ ਨਦੀ ਦੇ ਦੂਜੇ ਪਾਸੇ (ਬਾਹਰਲੇ ਕੰਢੇ) ਸਥਿਤ ਹਨ। ਆਜ਼ਾਦੀ ਤੋਂ ਦਹਾਕਿਆਂ ਬਾਅਦ ਵੀ, ਇਨ੍ਹਾਂ ਪਿੰਡਾਂ ਵਿੱਚ ਅਜੇ ਵੀ ਸਥਾਈ ਕੰਕਰੀਟ ਸੰਪਰਕ ਪੁਲ ਦੀ ਘਾਟ ਹੈ। ਇਹ ਵੀ ਦੱਸਿਆ ਕਿ ਇਸ ਖਾਸ ਸਰਹੱਦੀ ਖੇਤਰ ਦੇ ਵਸਨੀਕ 1947 ਤੋਂ ਲੈ ਕੇ ਅੱਜ ਤੱਕ ਇਨ੍ਹਾਂ ਮਹੱਤਵਪੂਰਨ ਅਤੇ ਜਾਨਲੇਵਾ ਸੰਪਰਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਪਿਛਲੇ 79 ਸਾਲਾਂ ਤੋਂ, ਇਨ੍ਹਾਂ ਪਿੰਡਾਂ ਦੀ ਬੁਨਿਆਦੀ ਢਾਂਚਾਗਤ ਸਥਿਤੀ ਬਿਲਕੁਲ ਉਸੇ ਤਰ੍ਹਾਂ ਖੜ੍ਹੀ ਹੈ ਜਿਵੇਂ 1947 ਵਿੱਚ ਸੀ, ਦੇਸ਼ ਦੀ ਤਰੱਕੀ ਦੀ ਯਾਤਰਾ ਵਿੱਚ ਪੂਰੀ ਤਰ੍ਹਾਂ ਪਿੱਛੇ ਰਹਿ ਗਈ ਹੈ। ਮਾਨਸੂਨ ਦੇ ਮੌਸਮ ਦੌਰਾਨ, ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਖ਼ਤਰਨਾਕ ਢੰਗ ਨਾਲ ਵਧ ਜਾਂਦਾ ਹੈ, ਜਿਸ ਨਾਲ ਇਨ੍ਹਾਂ ਪੰਜ ਪਿੰਡਾਂ ਨੂੰ ਬਾਕੀ ਪੰਜਾਬ ਅਤੇ ਮੁੱਖ ਭੂਮੀ ਤੋਂ ਪੂਰੀ ਤਰ੍ਹਾਂ ਕੱਟ ਦਿੱਤਾ ਜਾਂਦਾ ਹੈ। ਸਕੂਲ ਅਤੇ ਕਾਲਜ ਜਾਣ ਵਾਲੇ ਬੱਚੇ ਹਫ਼ਤਿਆਂ ਤੱਕ ਆਪਣੇ ਵਿਦਿਅਕ ਅਦਾਰਿਆਂ ਤੱਕ ਪੂਰੀ ਤਰ੍ਹਾਂ ਪਹੁੰਚਣ ਤੋਂ ਅਸਮਰੱਥ ਹਨ।ਐਮਰਜੈਂਸੀ ਦੌਰਾਨ ਹਸਪਤਾਲਾਂ ਨਾਲ ਸੰਪਰਕ ਦੀ ਪੂਰੀ ਘਾਟ ਕਾਰਨ ਗਰਭਵਤੀ ਔਰਤਾਂ, ਬੱਚੇ ਅਤੇ ਬਜ਼ੁਰਗ ਨਾਗਰਿਕ ਜਾਨਲੇਵਾ ਸਥਿਤੀਆਂ ਦਾ ਸਾਹਮਣਾ ਕਰਦੇ ਹਨ।ਸਥਾਨਕ ਕਿਸਾਨਾਂ ਨੂੰ ਤਬਾਹਕੁੰਨ ਵਿੱਤੀ ਨੁਕਸਾਨ ਝੱਲਣਾ ਪੈਂਦਾ ਹੈ ਕਿਉਂਕਿ ਉਹ ਆਪਣੀਆਂ ਕਟਾਈ ਵਾਲੀਆਂ ਫਸਲਾਂ ਨੂੰ ਦਰਿਆ ਪਾਰ ਕਰਕੇ ਨੇੜਲੇ ਅਨਾਜ ਮੰਡੀਆਂ (ਮੰਡੀਆਂ) ਵਿੱਚ ਨਹੀਂ ਪਹੁੰਚਾ ਸਕਦੇ। ਇਨ੍ਹਾਂ ਖਾਸ ਸਰਹੱਦੀ ਪਿੰਡਾਂ ਦੇ ਨੌਜਵਾਨ ਅਤੇ ਸਾਬਕਾ ਸੈਨਿਕਾਂ ਦੀ ਇੱਕ ਵੱਡੀ ਗਿਣਤੀ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਸਨਮਾਨ ਨਾਲ ਸੇਵਾ ਕਰਦੇ ਹਨ ਪਰ ਉਨ੍ਹਾਂ ਦੇ ਆਪਣੇ ਪਰਵਾਰ ਬੁਨਿਆਦੀ ਢਾਂਚਾਗਤ ਸਹੂਲਤਾਂ ਤੋਂ ਵਾਂਝੇ ਰਹਿੰਦੇ ਹਨ।ਅਸੀਂ ਨਿਮਰਤਾ ਨਾਲ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਮੁੱਖ ਮੰਤਰੀ, ਰਾਜਪਾਲ ਅਤੇ ਲੋਕ ਨਿਰਮਾਣ ਵਿਭਾਗ ਦੀ ਸਾਂਝੀ ਅਗਵਾਈ ਹੇਠ ਇਨ੍ਹਾਂ ਪਿੰਡਾਂ ਲਈ ਰਾਵੀ ਦਰਿਆ 'ਤੇ ਇੱਕ ਸਥਾਈ ਕੰਕਰੀਟ ਪੁਲ ਦੇ ਨਿਰਮਾਣ ਲਈ ਤੁਰੰਤ ਬਜਟ ਅਤੇ ਯੋਜਨਾ ਨੂੰ ਮਨਜ਼ੂਰੀ ਦੇਵੇ। ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਰਣਨੀਤਕ ਸਥਾਨ ਨੂੰ ਦੇਖਦੇ ਹੋਏ, ਇਹ ਬੁਨਿਆਦੀ ਢਾਂਚਾ ਨਾ ਸਿਰਫ਼ ਨਾਗਰਿਕਾਂ ਦੇ ਬਚਾਅ ਲਈ, ਸਗੋਂ ਰਾਸ਼ਟਰੀ ਸੁਰੱਖਿਆ ਅਤੇ ਰੱਖਿਆ ਲੌਜਿਸਟਿਕਸ ਲਈ ਵੀ ਮਹੱਤਵਪੂਰਨ ਹੈ।



# ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)** ਕੈਪਟਨ ਅਜੀਤ ਸਿੰਘ ਮਾਤਾ ਦਾ ਮੰਦਰ ਵੈਲਫੇਅਰ ਸੋਸਾਇਟੀ ਪਿੰਡ ਨਿਆਮਤਾ ਦੀ ਮੰਦਰ ਕਮੇਟੀ ਵਲੋਂ ਮਾਤਾ ਦੇ ਮੰਦਰ ਵਿਚ ਭਗਵਾਨ ਸ਼੍ਰੀ ਕ੍ਰਿਸ਼ਨ ਜਨਮਅਸ਼ਟਮੀ ਦਾ ਪਵਿੱਤਰ ਤਿਉਹਾਰ ਬਹੁਤ ਸ਼ਰਧਾਪੂਰਵਕ ਤੇ ਧੂਮਧਾਮ ਨਾਲ ਮਨਾਇਆ ਗਿਆ।ਮੰਦਰ ਨੂੰ ਰੰਗ ਵਰੰਗੀਆ ਫੁੱਲਾਂ ਦੀਆਂ ਲੜੀਆਂ ਨਾਲ ਸਜਾਇਆ ਗਿਆ।ਜਨਰਲ ਸਕੱਤਰ ਸ਼੍ਰੀਮਤੀ ਭਜਨ ਕੌਰ ਅਤੇ ਪਿੰਡ ਦੀ ਸਰਪੰਚ ਸ਼੍ਰੀਮਤੀ ਵਿਜੇ ਲਕਸ਼ਮੀ ਨੇ ਪਿੰਡ ਵਾਸੀਆਂ ਨਾਲ ਮੰਦਰ ਵਿਚ ਭਜਨ ਕੀਰਤਨ ਅਤੇ ਸਤਸੰਗ ਕੀਤਾ।ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਮੰਦਰ ਦੀ ਪ੍ਰਧਾਨ ਸ਼੍ਰੀਮਤੀ ਗੁਲਸ਼ਨ ਸੈਨੀ ਵੱਲੋਂ ਬੱਚਿਆਂ ਲਈ 'ਮਟਕੀ ਫੋੜ' ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਗਿਆ ਬੱਚਿਆਂ ਨੇ ਇਸ ਪ੍ਰੋਗਰਾਮ ਵਿਚ ਹਿੱਸਾ ਲਿਆ।ਮਨਾਸ ਸੈਨੀ ਅਤੇ ਮੀਤ ਵਲੋਂ ਮਟਕੀ ਫੋੜੀ ਗਈ ਬੱਚਿਆਂ ਨੇ ਖੂਬ ਆਨੰਦ ਮਾਣਿਆ।ਭਗਵਾਨ ਕ੍ਰਿਸ਼ਨ ਜੀ ਆਰਤੀ ਤੋਂ ਬਾਅਦ ਪ੍ਰਸ਼ਾਦ ਵੰਡਿਆ ਗਿਆ।ਮੰਦਰ ਵੈਲਫੇਅਰ ਸੋਸਾਇਟੀ ਦੀ ਜਨਰਲ ਸਕੱਤਰ ਸ਼੍ਰੀਮਤੀ ਭਜਨ ਕੌਰ ਅਤੇ ਪ੍ਰਧਾਨ ਗੁਲਸ਼ਨ ਸੈਨੀ ਵਲੋਂ ਪਿੰਡ ਦੀ ਸਰਪੰਚ ਸ਼੍ਰੀਮਤੀ ਵਿਜੇ ਲਕਸ਼ਮੀ ਅਤੇ ਪਿੰਡ ਵਾਸੀਆਂ ਨੂੰ ਪ੍ਰੋਗਰਾਮ ਸਫਲ ਬਣਾਉਣ ਲਈ ਧੰਨਵਾਦ ਕੀਤਾ।

# ਵੱਖ-ਵੱਖ ਟੀਮਾਂ ਨੇ ਡੇਂਗੂ ਸੰਬੰਧੀ ਲਾਰਵੇ ਦੀ ਜਾਂਚ ਕੀਤੀ

**ਬਟਾਲਾ (ਤਰਲੋਕ ਬੱਗਾ, ਡਾ. ਮਲਵਿੰਦਰ ਸਿੰਘ)**- ਹਰੇਕ ਸੋਮਵਾਰ ਡੇਂਗੂ 'ਤੇ ਵਾਰ ਤਹਿਤ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾਕਟਰ ਤੇਜਿੰਦਰ ਕੌਰ ਡੀ.ਐਫ.ਓ ਜ਼ਿਲ੍ਹਾ ਗੁਰਦਾਸਪੁਰ, ਡਾਕਟਰ ਮਨਿੰਦਰਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਬਟਾਲਾ ਦੀ ਯੋਗ ਅਗਵਾਈ ਹੇਠ ਅਤੇ ਡਾਕਟਰ ਕੁਲਵਿੰਦਰ ਕੌਰ, ਡਾਕਟਰ ਗੁਰਵਿੰਦਰ ਸਿੰਘ ਸਿਵਲ ਹਸਪਤਾਲ ਬਟਾਲਾ ਅਤੇ ਪ੍ਰਿਤਪਾਲ ਸਿੰਘ ਸਹਾਇਕ ਮਲੇਰੀਆ ਅਫਸਰ ਦੇ ਸਹਿਯੋਗ ਨਾਲ ਵੱਖ ਵੱਖ ਟੀਮਾਂ ਦੁਆਰਾ ਬਟਾਲਾ ਸ਼ਹਿਰ ਅਧੀਨ ਪੈਂਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਵਿੱਚ ਜਾ ਕੇ ਡੇਂਗੂ ਸਬੰਧੀ ਲਾਰਵੇ ਦੀ ਜਾਂਚ ਕੀਤੀ ਗਈ ਅਤੇ ਜਿੱਥੇ ਕਿਤੇ ਵੀ ਲਾਰਵਾ ਪਾਇਆ ਗਿਆ ਉਸ ਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ ਅਤੇ ਲੋਕਾਂ ਨੂੰ ਡੇਂਗੂ ਬੁਖਾਰ ਤੇ ਚਿਕਨ ਗੁਨੀਆਂ ਬੁਖਾਰ ਬਾਰੇ ਜਾਣਕਾਰੀ ਦਿੱਤੀ ਗਈ ਕੇ ਇਹ ਬੁਖਾਰ ਕਿਵੇਂ ਹੁੰਦਾ ਹੈ ਅਤੇ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਪ੍ਰਿਤਪਾਲ ਸਿੰਘ ਸਹਾਇਕ ਮਲੇਰੀਆ ਅਫਸਰ ਨੇ ਲੋਕਾਂ ਨੂੰ ਦੱਸਿਆ ਕਿ ਕੋਈ ਵੀ ਬੁਖਾਰ ਹੋਣ ਦੇ ਸੂਰਤ ਵਿੱਚ ਸਰਕਾਰੀ ਹਸਪਤਾਲ ਵਿੱਚ ਜਾ ਕੇ ਟੈਸਟ ਜ਼ਰੂਰ ਕਰਵਾਇਆ ਜਾਵੇ। ਹਰੇਕ ਸਰਕਾਰੀ ਹਸਪਤਾਲ ਵਿੱਚ ਡੇਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਫਰੀ ਹੁੰਦਾ ਹੈ। ਇਸ ਮੌਕੇ ਲਖਬੀਰ ਸਿੰਘ ਹੈਲਥ ਇੰਸਪੈਕਟਰ ਅਤੇ ਸੁਰਿੰਦਰ ਪਾਲ ਹੈਲਥ ਇੰਸਪੈਕਟਰ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਅਤੇ ਬਰੀਡਿੰਗ ਚੈੱਕਰ ਹਾਜ਼ਰ ਸਨ।



# ਹਲਕਾ ਮਜੀਠਾ 'ਚ ਵਿਕਾਸ ਦੀ ਹਨੇਰੀ ਨੇ ਵਿਰੋਧੀਆਂ ਦੀ ਸਿਆਸੀ ਜ਼ਮੀਨ ਹਿਲਾਈ : ਡਾਹਰੀਕੇ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਹਲਕਾ ਮਜੀਠਾ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਹੋ ਰਹੇ ਲਗਾਤਾਰ ਵਿਕਾਸ ਕਾਰਜਾਂ ਨੇ ਹਲਕੇ ਦੀ ਤਸਵੀਰ ਬਦਲਣੀ ਸ਼ੁਰੂ ਕਰ ਦਿੱਤੀ ਹੈ। ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜ ਇਸ ਗੱਲ ਦਾ ਸਪੱਸ਼ਟ ਸਬੂਤ ਹਨ ਕਿ ਹੁਣ ਹਲਕਾ ਮਜੀਠਾ ਵਿੱਚ ਵਿਕਾਸ ਸਿਰਫ਼ ਐਲਾਨਾਂ ਤੱਕ ਸੀਮਤ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਨਜ਼ਰ ਆ ਰਿਹਾ ਹੈ।ਇਹ ਪ੍ਰਗਟਾਵਾ ਐੱਸ.ਸੀ. ਵਿੰਗ ਦੇ ਬਲਾਕ ਪ੍ਰਧਾਨ ਅਮਰਬੀਰ ਸਿੰਘ ਡਾਹਰੀਕੇ ਨੇ ਪਿੰਡ ਡਾਹਰੀਕੇ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਸੰਬੰਧੀ ਕੀਤਾ। ਉਨ੍ਹਾਂ ਕਿਹਾ ਕਿ ਤਲਬੀਰ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਹੋਈ ਹੈ ਅਤੇ ਪਿੰਡ ਡਾਹਰੀਕੇ ਵਿੱਚ ਵੀ ਬਾਜ਼ਾਰਾਂ ਦੇ ਰਸਤੇ ਨੂੰ ਬਿਹਤਰ ਬਣਾਉਣ ਲਈ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਡਾਹਰੀਕੇ ਨੇ ਕਿਹਾ ਕਿ ਲੰਮੇ ਸਮੇਂ ਤੋਂ ਵਿਕਾਸ ਦੀ ਉਡੀਕ ਕਰ ਰਹੇ ਇਲਾਕਿਆਂ ਵਿੱਚ ਹੁਣ ਕੰਮ ਹੁੰਦਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਤਲਬੀਰ ਸਿੰਘ ਗਿੱਲ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਦੇ ਨਾਲ-ਨਾਲ ਉਨ੍ਹਾਂ ਦੇ ਹੱਲ ਲਈ ਮੌਕੇ 'ਤੇ ਹੀ ਉਪਰਾਲੇ ਕੀਤੇ ਜਾ ਰਹੇ ਹਨ। ਵਿਕਾਸ ਦੀ ਇਹ ਰਫ਼ਤਾਰ ਆਉਣ ਵਾਲੇ ਸਮੇਂ ਵਿੱਚ ਹਲਕਾ ਮਜੀਠਾ ਦੀ ਨਵੀਂ ਤਸਵੀਰ ਪੇਸ਼ ਕਰੇਗੀ।ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸਾਲਾਂ ਤੋਂ ਵਿਕਾਸ ਦੇ ਨਾਂ 'ਤੇ ਲੋਕਾਂ ਨੂੰ ਸਿਰਫ਼ ਵਾਅਦੇ ਦਿੰਦੇ ਰਹੇ, ਉਹ ਹੁਣ ਜ਼ਮੀਨੀ ਪੱਧਰ 'ਤੇ ਹੋ ਰਹੇ ਕੰਮਾਂ ਨੂੰ ਦੇਖ ਕੇ ਬੇਚੈਨ ਹਨ। ਲੋਕਾਂ ਨੂੰ ਹੁਣ ਸਿਆਸੀ ਬਿਆਨਾਂ ਦੀ ਨਹੀਂ, ਸਗੋਂ ਵਿਕਾਸ ਦੇ ਨਤੀਜਿਆਂ ਦੀ ਲੋੜ ਹੈ ਅਤੇ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਇਹ ਨਤੀਜੇ ਲੋਕਾਂ ਦੇ ਸਾਹਮਣੇ ਹਨ।ਇਸ ਮੌਕੇ ਪਿੰਡ ਵਾਸੀਆਂ ਨੇ ਵਿਕਾਸ ਕਾਰਜ ਸ਼ੁਰੂ ਕਰਵਾਉਣ ਲਈ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕੀਤਾ। ਇਸ ਮੌਕੇ ਅਮਰਬੀਰ ਸਿੰਘ ਡਾਹਰੀਕੇ, ਮੁਖਤਾਰ ਸਿੰਘ ਅਤੇ ਆਕਾਸ਼ਦੀਪ ਸਿੰਘ ਸਮੇਤ ਹੋਰ ਪਿੰਡ ਵਾਸੀ ਹਾਜ਼ਰ ਸਨ।



# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਵਿਖੇ ਮਨਾਇਆ ਅਧਿਆਪਕ ਦਿਵਸ




**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਜਿਸ ਦਾ ਮਕਸਦ ਵਿਦਿਆਰਥੀਆਂ ਅੰਦਰ ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਦੇ ਭਾਵਾਂ ਨੂੰ ਮਜ਼ਬੂਤ ਕਰਨਾ ਅਤੇ ਡਾ. ਰਾਧਾਕ੍ਰਿਸ਼ਨਨ ਦੀ ਮਹਾਨ ਸ਼ਖ਼ਸੀਅਤ ਤੋਂ ਜਾਣੂ ਕਰਵਾਉਣਾ ਸੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਅਧਿਆਪਕ ਦਿਵਸ ਨਾਲ ਸੰਬੰਧਤ ਔਰਕੈਸਟਰਾ ਦੀ ਪੇਸ਼ਕਾਰੀ, ਭਾਸ਼ਣ, ਗੀਤ, ਡਾਂਸ, ਭੰਗੜਾ, ਨਾਟਕ ਆਦਿ ਪੇਸ਼ ਕੀਤੇ ਗਏ। ਅਧਿਆਪਕ ਦਿਵਸ ਦੇ ਮੌਕੇ 'ਤੇ ਅਧਿਆਪਕਾਂ ਵਿੱਚ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਅਧਿਆਪਕਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਹਰੇਕ ਅਧਿਆਪਕ ਨੂੰ ਉਹਨਾਂ ਦੇ ਵਿਸ਼ੇਸ਼ ਯੋਗਦਾਨ ਲਈ ਸਕੂਲ ਦੀ ਮੈਨੇਜਮੈਂਟ ਵੱਲੋਂ ਸਨਮਾਨਤ ਕੀਤਾ ਗਿਆ ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਸਭ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਧਿਆਪਕਾਂ ਦੀ ਸੱਚੀ ਲਗਨ ਅਤੇ ਮਿਹਨਤ ਕਰਕੇ ਹੀ ਵਿਦਿਆਰਥੀ ਆਪਣੀ ਜ਼ਿੰਦਗੀ ਵਿੱਚ ਸਫ਼ਲ ਹੁੰਦੇ ਹਨ। ਇਸ ਲਈ ਹਰੇਕ ਵਿਦਿਆਰਥੀ ਨੂੰ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਫੁੱਟਬਾਲ ਟੀਮ ਅੰਡਰ 14 ਲੜਕੇ ਨੂੰ ਪਹਿਲਾ ਸਥਾਨ ਹਾਸਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਖੇਡਾਂ ਵਤਨ ਪੰਜਾਬ ਦੇ ਹੋ ਰਹੇ ਖੇਡ ਮੁਕਾਬਲਿਆਂ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਦੀ ਫੁੱਟਬਾਲ ਟੀਮ ਅੰਡਰ 14 ਲੜਕੇ ਨੇ ਹਿੱਸਾ ਲਿਆ ਜਿਸ ਉਹਨਾਂ ਨੇ ਹੋਰਨਾਂ ਟੀਮਾਂ ਨੂੰ ਹਰਾ ਕੇ ਪਹਿਲਾ ਸਥਾਨ ਹਾਸਿਲ ਕੀਤਾ। ਸਕੂਲ ਪ੍ਰਿੰਸੀਪਲ ਮੁਕਤਾ ਤਰੇ ਵੱਲੋਂ ਸਕੂਲ ਦੇ ਫੁੱਟਬਾਲ ਟੀਮ ਦੇ ਕੋਚ ਰਜੀਵ ਕੁਮਾਰ ਅਤੇ ਰਜਿੰਦਰ ਸਿੰਘ ਨੂੰ ਵਧਾਈ ਦਿੰਦੇ ਹੋਏ ਫੁੱਟਬਾਲ ਟੀਮ ਦੇ ਮੈਂਬਰਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਮੈਨੇਜਿੰਗ ਕਮੇਟੀ ਦੇ ਮੈਂਬਰ ਇੰਚਾਰਜ ਦਰਸ਼ਨ ਸਿੰਘ ਨਿੱਜਰ, ਐਡਵੋਕੇਟ ਇੰਦਰਜੀਤ ਸਿੰਘ ਅੜੀ, ਗੁਰਭੇਜ ਸਿੰਘ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ ਅਤੇ ਉੱਚ ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।



# ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਇਟਲੀ ਵਿਖੇ ਪੁੱਜੇ ਬਾਬਾ ਬਲਬੀਰ ਸਿੰਘ 96 ਕਰੋੜੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਯੂਰਪ ਦੌਰੇ ਦੌਰਾਨ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਬਲਬੀਰ ਸਿੰਘ 96 ਕਰੋੜੀ ਪਾਵਨ ਹਾਜ਼ਰੀ ਵਿੱਚ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ, ਇਟਲੀ ਵਿਖੇ ਸ਼ਸਤਰ ਦਰਸ਼ਨ ਸਮਾਗਮ ਬੜੀ ਸ਼ਰਧਾ, ਉਤਸ਼ਾਹ ਅਤੇ ਚੜ੍ਹਦੀ ਕਲਾ ਨਾਲ ਸੰਪੰਨ ਹੋਇਆ। ਇਸ ਇਤਿਹਾਸਕ ਮੌਕੇ ਇਟਲੀ ਦੇ ਵੱਖ-ਵੱਖ ਸ਼ਹਿਰਾਂ ਅਤੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਹੁੰਚ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ ਜੀ, ਅਕਾਲੀ ਬਾਬਾ ਫੂਲਾ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਨਾਲ ਸੰਬੰਧਤ ਪਾਵਨ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕੀਤੇ। ਇਸ ਮੌਕੇ ਉਨ੍ਹਾਂ ਦੇ ਨਾਲ ਜਥੇਦਾਰ ਗੁਰਚਰਨ ਸਿੰਘ ਸ੍ਰੀ ਅਨੰਦਪੁਰ ਸਾਹਿਬ, ਬਾਬਾ ਜਸਵਿੰਦਰ ਸਿੰਘ ਯੂ.ਐਸ.ਏ, ਯੂਰਪ ਦੀ ਪ੍ਰਮੁੱਖ ਸਿੱਖ ਸ਼ਖ਼ਸੀਅਤ ਭਾਈ ਰਣਜੀਤ ਸਿੰਘ ਮਸੂਤਾ ਸਵਿਟਜ਼ਰਲੈਂਡ, ਸਿੱਖ ਯੂਥ ਸਵਿਟਜ਼ਰਲੈਂਡ ਦੇ ਫਾਊਂਡਰ ਭਾਈ ਕਰਨਵੀਰ ਸਿੰਘ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਵਿਲੱਖਣ ਸਮਾਗਮ ਨੇ ਇਟਲੀ ਦੀਆਂ ਸੰਗਤਾਂ ਨੂੰ ਸਿੱਖ ਕੌਮ ਦੀ ਅਮੋਲਕ ਇਤਿਹਾਸਕ ਵਿਰਾਸਤ ਨਾਲ ਜੁੜਨ ਅਤੇ ਪਾਵਨ ਸ਼ਸਤਰਾਂ ਦੇ ਦਰਸ਼ਨ ਕਰਨ ਦਾ ਅਨਮੋਲ ਸੁਭਾਗ ਪ੍ਰਦਾਨ ਕੀਤਾ।

# ਜੀ ਐੱਨ ਡੀ ਯੂ ਦੀ ਮਹਿਲਾ ਟੀਮ ਨੇ ਐਲ ਪੀ ਯੂ ਟਾਈਗਰਸ ਐੱਫ ਸੀ ਨੂੰ 2-1 ਨਾਲ ਹਰਾਇਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪੰਜਾਬ ਫੁੱਟਬਾਲ ਐਸੋਸੀਏਸ਼ਨ ਵੱਲੋਂ 9ਵੀਂ ਪੰਜਾਬ ਵੁਮੈਨ ਫੁੱਟਬਾਲ ਲੀਗ ਦੇ ਮੁਕਾਬਲੇ 5 ਸਤੰਬਰ ਤੋਂ ਸ਼ੁਰੂ ਕਰਵਾਏ ਗਏ ਹਨ। ਇਸ ਲੀਗ ਵਿੱਚ ਪੰਜਾਬ ਦੀਆਂ ਵੱਖ-ਵੱਖ ਫੁੱਟਬਾਲ ਕਲੱਬਾਂ ਦੀਆਂ ਮਹਿਲਾ ਟੀਮਾਂ ਹਿੱਸਾ ਲੈ ਰਹੀਆਂ ਹਨ।ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ ਐਨ ਡੀ ਯੂ) ਦੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਅਤੇ ਡਾਇਰੈਕਟਰ ਸਪੋਰਟਸ ਡਾ. ਕੰਵਰ ਮਨਦੀਪ ਸਿੰਘ ਢਿੱਲੋਂ ਦੀ ਰਹਿਨੁਮਾਈ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਜੀ ਐਨ ਡੀ ਯੂ ਦੀ ਮਹਿਲਾ ਫੁੱਟਬਾਲ ਟੀਮ ਵੱਲੋਂ ਲੀਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਲੀਗ ਦੇ ਪਹਿਲੇ ਪੂਲ ਵਿੱਚ ਜੀ ਐਨ ਡੀ ਯੂ ਫੁੱਟਬਾਲ ਕਲੱਬ ਅਤੇ ਐਲਪੀਯੂ ਟਾਈਗਰਸ ਐਫ ਸੀ ਵਿਚਕਾਰ ਖੇਡੇ ਗਏ ਮੁਕਾਬਲੇ ਵਿੱਚ ਜੀ ਐਨ ਡੀ ਯੂ ਦੀ ਮਹਿਲਾ ਟੀਮ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ 2-1 ਦੇ ਸਕੋਰ ਨਾਲ ਜਿੱਤ ਦਰਜ ਕੀਤੀ। ਦੋਵਾਂ ਟੀਮਾਂ ਵਿਚਕਾਰ ਪੂਰੇ ਮੈਚ ਦੌਰਾਨ ਜ਼ਬਰਦਸਤ ਮੁਕਾਬਲਾ ਦੇਖਣ ਨੂੰ ਮਿਲਿਆ, ਪਰ ਜੀ ਐਨ ਡੀ ਯੂ ਦੀ ਟੀਮ ਨੇ ਬਿਹਤਰ ਤਾਲਮੇਲ ਅਤੇ ਰਣਨੀਤੀ ਨਾਲ ਮੈਚ ਆਪਣੇ ਨਾਮ ਕੀਤਾ।ਜੀ ਐਨ ਡੀ ਯੂ ਫੁੱਟਬਾਲ ਕੋਚ ਪ੍ਰਦੀਪ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੀਗ ਵਿੱਚ ਸੀ ਆਰ ਪੀ ਐਫ ਫੁੱਟਬਾਲ ਕਲੱਬ, ਪੰਜਾਬ ਐਫ ਸੀ, ਸਕਿੱਲਰ ਐਫ ਏ, ਫੂਟੀ ਸਕਿੱਲ, ਜੀ ਐਨ ਡੀ ਯੂ ਫੁੱਟਬਾਲ ਕਲੱਬ ਅਤੇ ਐਲ ਪੀ ਯੂ ਟਾਈਗਰਸ ਐਫ ਸੀ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਲੀਗ ਦੇ ਮੁਕਾਬਲੇ ਸਤੰਬਰ ਤੋਂ ਨਵੰਬਰ ਤੱਕ ਚੱਲਣਗੇ, ਜਦਕਿ ਫਾਈਨਲ ਮੁਕਾਬਲਾ 6 ਨਵੰਬਰ ਨੂੰ ਖੇਡਿਆ ਜਾਵੇਗਾ।ਕੋਚ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਲੀਗ ਦੇ ਪਹਿਲੇ ਸਿੰਗਲ-ਲੀਗ ਪੜਾਅ ਦੇ ਮੁਕਾਬਲੇ 6 ਸਤੰਬਰ ਤੋਂ 26 ਸਤੰਬਰ ਤੱਕ ਖੇਡੇ ਜਾਣੇ ਹਨ। ਇਸ ਪੜਾਅ ਵਿੱਚ ਟੀਮਾਂ ਵੱਲੋਂ ਵਧੀਆ ਪ੍ਰਦਰਸ਼ਨ ਕਰਕੇ ਅਗਲੇ ਪੜਾਅ ਲਈ ਆਪਣੀ ਦਾਅਵੇਦਾਰੀ ਮਜ਼ਬੂਤ ਕੀਤੀ ਜਾਵੇਗੀ। ਇਸ ਮੌਕੇ ਸਵਰਨ ਸਿੰਘ, ਸੀ ਆਈ ਟੀ ਰੇਲਵੇ, ਨਰਿੰਦਰ ਸਿੰਘ ਟੋਨੀ, ਏ ਐਸ ਆਈ, ਭੁਪਿੰਦਰਪਾਲ ਸਿੰਘ, ਰਾਊਂਡ ਗਲਾਸ ਫੁੱਟਬਾਲ ਕੋਚ ਅਤੇ ਪ੍ਰਦੀਪ ਕੁਮਾਰ, ਜੀ ਐਨ ਡੀ ਯੂ ਫੁੱਟਬਾਲ ਕੋਚ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਤੋਂ ਇਲਾਵਾ ਮੁਕੇਸ਼ ਕੁਮਾਰ, ਸਾਬਕਾ ਕੋਚ ਜੀ ਐਨ ਡੀ ਯੂ, ਅਜੈ ਕੋਚ ਐਲ ਪੀ ਯੂ, ਜਸਵੀਰ ਸਿੰਘ ਅਤੇ ਸਤਨਾਮ ਸਿੰਘ ਸਾਬੀ, ਵੈਟਰਨ ਫੁੱਟਬਾਲ ਕੋਚ ਵੀ ਮੌਜੂਦ ਸਨ।



# ਜਨਮ ਅਸ਼ਟਮੀ ਸ਼ਰਧਾ ਨਾਲ ਮਨਾਈ



**ਛੇਹਰਟਾ, (ਮਨੋਜ ਕੁਮਾਰ)** - ਜੁਝਾਰ ਐਵਨਿਊ, ਵਾਰਡ ਨੰਬਰ 2, ਗੁਮਟਾਲਾ ਵਿਚ ਜੁਝਾਰ ਐਵਨਿਊ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਸੰਧੂ ਤੇ ਅਮਨ ਭਨੋਟ ਦੀ ਅਗਵਾਈ ਕ੍ਰਿਸ਼ਨ ਜਨਮ ਅਸ਼ਟਮੀ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਆਮ ਆਦਮੀ ਪਾਰਟੀ ਐਸ.ਸੀ. ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਇੰਦਰਪਾਲ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਕਟਰ ਇੰਦਰਪਾਲ ਨੇ ਕਿਹਾ ਕਿ ਇਥੇ ਹਰ ਧਰਮ ਦੇ ਲੋਕ ਸਾਰੇ ਤਿਓਹਾਰ ਇਕੱਠੇ ਮਨਾਉਂਦੇ ਹਨ। ਇਸ ਮੌਕੇ ਇੰਸਪੈਕਟਰ ਵਿਜੈ ਕੁਮਾਰ, ਵਜ਼ੀਰ ਸਿੰਘ ਗਿੱਲ, ਸੁਰਿੰਦਰ ਕੁਮਾਰ ਬਾਵਾ, ਐਡਵੋਕੇਟ ਨੀਰਜ ਕੁਮਾਰ, ਪ੍ਰਕਾਸ਼ ਸਿੰਘ, ਅਸ਼ਵਨੀ ਕੁਮਾਰ, ਸੋਮਨਾਥ ਆਦਿ ਹਾਜ਼ਰ ਸਨ।

# ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸੰਬੰਧ 'ਚ ਕੀਰਤਨ ਸਮਾਗਮ

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)**- ਵਾਰਡ ਨੰਬਰ 66, ਚੱਕੀ ਵਾਲੀ ਗਲੀ, ਨਿਊ ਦਸ਼ਮੇਸ਼ ਨਗਰ, ਕੋਟ ਖ਼ਾਲਸਾ ਵਿਚ ਦੀਪਕ ਜੌੜਾ ਦੀ ਅਗਵਾਈ ਵਿਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ ਵਿਚ ਕੀਰਤਨ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ਼ਰਧਾਲੂਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਵਿਚ ਭਜਨ ਗਏ। ਭਾਜਪਾ ਸਪੋਰਟਸ ਸੈੱਲ ਪੰਜਾਬ ਦੇ ਕੋ-ਕਨਵੀਨਰ ਅਰੁਣ ਭੱਲਾ ਵਿਸ਼ੇਸ਼ ਤੌਰ 'ਤੇ ਕੀਰਤਨ ਸਮਾਗਮ ਵਿਚ ਸ਼ਾਮਲ ਹੋਏ, ਜਿਨ੍ਹਾਂ ਨੂੰ ਪ੍ਰਬੰਧਕਾਂ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਅਰੁਣ ਭੱਲਾ ਨੇ ਕਿਹਾ ਕਿ ਸਾਨੂੰ ਭਗਵਾਨ ਸ੍ਰੀ ਕ੍ਰਿਸ਼ਨ ਜੀ ਵੱਲੋਂ ਗੀਤਾ ਵਿਚ ਦਿੱਤੇ ਗਏ ਸੰਦੇਸ਼ 'ਤੇ ਅਮਲ ਕਰਕੇ ਆਪਣਾ ਮਨੁੱਖਾ ਜੀਵਨ ਸਫ਼ਲ ਬਣਾਉਣਾ ਚਾਹੀਦਾ ਹੈ। ਇਸ ਮੌਕੇ ਸੰਤੋਖ ਸਿੰਘ, ਚਰਨਜੀਤ ਕੁਮਾਰ, ਸਰਵਨ ਲਾਲ, ਜਗਦੀਸ਼ ਸ਼ਰਮਾ, ਦਿਲਬਾਗ ਸਿੰਘ, ਕੁਲਵਿੰਦਰ ਸਿੰਘ ਸੰਨੀ, ਅੰਕੁਸ਼ ਸ਼ਰਮਾ, ਜਗਜੀਤ ਸਿੰਘ ਆਦਿ ਵੀ ਹਾਜ਼ਰ ਸਨ।



# ਸੰਗਤ ਸਿੰਘ ਅਵਾਖਾ ਦੀ ਬਰਸੀ 15 ਨੂੰ

**ਦੀਨਾਨਗਰ (ਨ ਜ਼ ਸ)** ਕੰਸਟਰਕੰਸ਼ਨ ਵਰਕਰ ਐਂਡ ਲੇਬਰ ਯੂਨੀਅਨ ਏਟਕ ਪੰਜਾਬ, ਖੇਤ ਮਜ਼ਦੂਰ ਸਭਾ ਦੀ ਸਾਂਝੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਭਾਸ਼ ਕੈਰੇ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੈਨਸ਼ਨ ਯੂਨੀਅਨ ਏਟਕ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਵਿੰਦਰ ਸਿੰਘ, ਲੇਬਰ ਯੂਨੀਅਨ ਦੇ ਪ੍ਰਧਾਨ ਦਰਸ਼ਨ ਕੁਮਾਰ ਆਲੂਵਾਲ, ਜ਼ਿਲ੍ਹਾ ਆਗੂ ਸੋਹਨ ਲਾਲ, ਸ਼ਿਵ ਦੱਤ ਦੀਨਾਨਗਰ, ਸੋਨੂੰ ਹਾਜ਼ਰ ਹੋਏ। ਮੀਟਿੰਗ ਦੀ ਕਾਰਵਾਈ ਬਾਰੇ ਦੱਸਿਆ ਕਿ ਏਟਕ ਵੱਲੋਂ 15 ਸਤੰਬਰ ਨੂੰ ਕਾਮਰੇਡ ਸੰਗਤ ਸਿੰਘ ਅਵਾਖਾ ਦੀ ਸਾਲਾਨਾ ਬਰਸੀ ਉਨ੍ਹਾ ਦੇ ਨਿਵਾਸ ਸਥਾਨ ਅਵਾਖਾ ਵਿਖੇ ਮਨਾਈ ਜਾ ਰਹੀ ਹੈ। ਕਾਮਰੇਡ ਸੰਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸੀ ਪੀ ਆਈ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਰਵ ਭਾਰਤ ਨੌਜਵਾਨ ਸਭਾ ਦੇ ਕੁੱਲ ਹਿੰਦ ਪ੍ਰਧਾਨ ਕਾਮਰੇਡ ਸੁਖਜਿੰਦਰ ਸਿੰਘ ਮਹੇਸ਼ਰੀ ਪਹੁੰਚ ਰਹੇ ਹਨ। ਉਨ੍ਹਾ ਕਿਹਾ ਕਿ ਸੂਬਾਈ ਅਤੇ ਜ਼ਿਲ੍ਹਾ ਆਗੂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਸੰਬੰਧੀ ਖੁੱਲ ਕੇ ਵਿਚਾਰ ਚਰਚਾ ਕਰਨਗੇ।



# ਕੁੱਟਮਾਰ ਕਰਨ ਵਾਲੇ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਕੁੱਟਮਾਰ ਕਰਨ ਵਾਲੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਚੈਂਚਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਲਜਾਰ ਮਸੀਹ ਪੁੱਤਰ ਲਤੀਫ ਮਸੀਹ ਵਾਸੀ ਕੋਟ ਭੱਲਾ ਨੇ ਕਿਹਾ ਕਿ 3 ਅਗਸਤ ਨੂੰ ਉਹ ਕੱਚੀਆਂ ਇੱਟਾਂ ਲੋਡ ਕਰ ਰਿਹਾ ਸੀ ਕਿ ਸਵੇਰੇ 10 ਵਜੇ ਦੇ ਕਰੀਬ ਨਰਿੰਦਰ ਮਸੀਹ ਪੁੱਤਰ ਲਾਲ ਮਸੀਹ ਵਾਸੀ ਕੋਟ ਭੱਲਾ ਨੇ ਆ ਕੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਜ਼ਖਮੀ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਪੀੜਤ ਦੇ ਬਿਆਨਾਂ 'ਤੇ ਕੁੱਟਮਾਰ ਕਰਨ ਵਾਲੇ ਨੌਜਵਾਨਾਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਇਸ ਘਟਨਾ ਦੀ ਵਜ੍ਹਾ ਪੁਰਾਣੀ ਰੰਜਿਸ਼ ਦੱਸੀ ਜਾ ਰਹੀ ਹੈ।

# 6 ਅਧਿਆਪਕਾਂ ਨੂੰ ਮਿਲਿਆ ਨੇਸ਼ਨ ਬਿਲਡਰ ਐਵਾਰਡ




**ਅੰਮ੍ਰਿਤਸਰ (ਅਰੋੜਾ)**- ਰੋਟਰੀ ਇੰਟਰਨੈਸ਼ਨਲ ਵੱਲੋਂ ਸ਼ੁਰੂ ਕੀਤੀ ਗਈ ਪ੍ਰਥਾ ਅਨੁਸਾਰ ਹਰੇਕ ਰੋਟਰੀ ਕਲੱਬ ਵੱਲੋਂ ਦੇਸ਼ ਦੇ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਦੇ ਜਨਮ ਦਿਵਸ ਦੇ ਮੌਕੇ ਆਪਣੇ-ਆਪਣੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਇਸੇ ਪ੍ਰਥਾ ਦੇ ਚਲਦਿਆਂ ਰੋਟਰੀ ਕਲੱਬ ਕੈਂਟ ਵੱਲੋਂ ਕਲੱਬ ਦੇ ਪ੍ਰਧਾਨ ਐਡਵੋਕੇਟ ਅੰਕੁਰ ਗੁਪਤਾ, ਮਹਿਲਾ ਸਕੱਤਰ ਮਮਤਾ ਪੁਰੀ ਦੀ ਦੇਖ-ਰੇਖ ਹੇਠ ਰਾਮ ਬਾਗ ਸਥਿਤ ਸਰਵਿਸ ਕਲੱਬ ਦੇ ਕ੍ਰਾਊਨ ਹਾਲ ਵਿਖੇ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਮੁੱਖ ਮਹਿਮਾਨ ਅਤੇ ਯੁਵਾ ਨੇਤਾ ਵਿਕਾਸ ਸੋਨੀ ਤੇ ਰੋਟਰੀ ਦੇ ਆਉਣ ਵਾਲੇ ਗਵਰਨਰ ਐੱਚ. ਐੱਸ. ਯੋਗੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਪ੍ਰਥਾ ਅਨੁਸਾਰ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਤੋਂ ਬਾਅਦ ਰੋਟਰੀ ਕੈਂਟ ਦੇ ਸਾਬਕਾ ਪ੍ਰਧਾਨ ਚਮੜੀ ਰੋਗਾਂ ਦੇ ਮਾਹਰ ਡਾ. ਅਮਰਜੀਤ ਸਿੰਘ ਸਚਦੇਵਾ ਨੇ ਰੋਟਰੀ ਦੇ ਫੋਰ-ਵੇ ਟੈਸਟ ਦਾ ਉਚਾਰਨ ਕਰਵਾਇਆ। ਕਲੱਬ ਦੇ ਪ੍ਰਧਾਨ ਅੰਕੁਰ ਗੁਪਤਾ ਨੇ ਆਪਣੇ ਕਾਰਜਕਾਲ ਵਿੱਚ ਕੀਤੇ ਗਏ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਦੀ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਗੁਰੂ ਦੀ ਨਗਰੀ ਵਿੱਚ ਸਿੱਖਿਆ ਜਗਤ ਵਿੱਚ ਆਪਣੀ ਸ਼ਲਾਘਾਯੋਗ ਭੂਮਿਕਾ ਨਿਭਾਉਣ ਵਾਲੇ 6 ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਪ੍ਰਿੰਸੀਪਲ ਮਨੀਸ਼ਾ ਧਨੋਕਾ, ਮਨਪ੍ਰੀਤ ਭਾਟੀਆ, ਸੁਖਦੀਪ ਕੌਰ, ਡਾ. ਅਰਵਿੰਦ ਦੇਵਗਨ, ਸੰਜੀਵ ਕਾਲੀਆ, ਹਰਸਿਮਰਨ ਜੀਤ ਸਿੰਘ ਦੇ ਨਾਂ ਪ੍ਰਮੁੱਖ ਰਹੇ।ਮੁੱਖ ਮਹਿਮਾਨ ਓਮ ਪ੍ਰਕਾਸ਼ ਸੋਨੀ ਨੇ ਸਾਰੇ ਸਨਮਾਨਿਤ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਧਿਆਪਕਾਂ ਦੁਆਰਾ ਤਿਆਰ ਕੀਤੀ ਗਈ ਯੁਵਾ ਪੀੜ੍ਹੀ ਦੇਸ਼ ਦੀ ਅਸਲ ਤਾਕਤ ਹੈ। ਮੰਚ ਸੰਚਾਲਨ ਦੀ ਭੂਮਿਕਾ ਡੀ. ਡੀ. ਹਾਈ ਸਕੂਲ ਦੀ ਪ੍ਰਿੰਸੀਪਲ ਮੈਡਮ ਰਿਪੁਦਮਨ ਮਲਹੋਤਰਾ ਦੁਆਰਾ ਨਿਭਾਈ ਗਈ। ਇਸ ਮੌਕੇ ਡਾ. ਅਮਰਜੀਤ ਸਿੰਘ ਸਚਦੇਵਾ, ਰੋਟਰੀ ਦੇ ਜ਼ਿਲ੍ਹਾ ਸਕੱਤਰ ਵਿਜੇ ਭਸੀਨ, ਰੋਟਰੀ ਦੇ ਸਹਾਇਕ ਗਵਰਨਰ ਕੇ. ਐੱਸ. ਚੱਠਾ, ਰੋਟਰੀ ਨਾਰਥ ਦੇ ਪ੍ਰਧਾਨ ਪਰਮੀਤ ਸਿੰਘ ਖੇੜਾ, ਉਪਕਾਰ ਸਿੰਘ ਛਾਬੜਾ, ਏ. ਐੱਸ. ਤੁਲੀ, ਰੋਟੇਰੀਅਨ ਮੰਦੀਪ ਆਹੂਜਾ, ਰਵੀ ਹਾਂਡਾ, ਸਹਾਇਕ ਗਵਰਨਰ ਵਰੁਣ ਕੱਕੜ, ਰੋਹਿਤ ਅਰੋੜਾ, ਉਪਿੰਦਰ ਸਿੰਘ, ਗੌਰਵ ਮਦਾਨ, ਕੁਲਵਿੰਦਰ ਸਿੰਘ ਅਰੋੜਾ, ਆਦਿਤਿਆ ਖੰਨਾ, ਪ੍ਰਭਜੋਤ ਕੌਰ ਸੋਖੀ, ਟੀ. ਐੱਸ. ਸੋਖੀ, ਸੰਜੀਵ ਗੁਪਤਾ, ਰਾਧਿਕਾ ਮਹਾਜਨ, ਵਰਦੀਪ ਕੌਰ, ਰੁਪਿੰਦਰ ਕਟਾਰੀਆ, ਰਾਜਬੀਰ ਸਿੰਘ, ਐਡਵੋਕੇਟ ਖਹਿਰਾ, ਐਡਵੋਕੇਟ ਨਰਿੰਦਰ ਸਮੇਤ ਹੋਰ ਰੋਟਰੀ ਕਲੱਬਾਂ ਦੇ ਅਹੁਦੇਦਾਰ ਵੀ ਮੌਜੂਦ ਸਨ। ਸਮਾਗਮ ਦੇ ਅਖੀਰ ਵਿੱਚ ਮੁੱਖ ਮਹਿਮਾਨ ਓਮ ਪ੍ਰਕਾਸ਼ ਸੋਨੀ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਰੋਟਰੀ ਦੇ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

# ਖਾਲਸਾ ਅਕੈਡਮੀ ਮਹਿਤਾ ਵਿਖੇ ਭਲਕ ਤੋਂ ਨੌਰਥ ਜ਼ੋਨ ਹਾਕੀ ਟੂਰਨਾਮੈਂਟ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਅਕੈਡਮੀ ਵਿਖੇ 10 ਸਤੰਬਰ ਤੋਂ ਨੌਰਥ ਜ਼ੋਨ ਹਾਕੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ, ਚੰਡੀਗੜ੍ਹ, ਹਿਮਾਚਲ, ਜੰਮੂ ਕਸ਼ਮੀਰ ਅਤੇ ਹਰਿਆਣਾ ਤੋਂ ਵੱਖ-ਵੱਖ ਸੀ.ਬੀ.ਐੱਸ.ਈ ਸਕੂਲਾਂ ਦੇ ਖਿਡਾਰੀ ਭਾਗ ਲੈਣਗੇ। ਟੂਰਨਾਮੈਂਟ ਵਿੱਚ ਅੰਡਰ-14, ਅੰਡਰ-17 ਅਤੇ ਅੰਡਰ-19 ਵਰਗਾਂ ਦੇ ਮੁਕਾਬਲੇ ਕਰਵਾਏ ਜਾਣਗੇ ਅਤੇ ਹਰ ਉਮਰ ਵਰਗ ਵਿੱਚ ਲਗਭਗ 25-25 ਲੜਕਿਆਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ।ਇਸ ਸਬੰਧੀ ਖਾਲਸਾ ਅਕੈਡਮੀ ਦੇ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ ਨੇ ਦੱਸਿਆ ਕਿ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਵੱਖ-ਵੱਖ ਰਾਜਾਂ ਤੋਂ ਆਉਣ ਵਾਲੇ ਖਿਡਾਰੀਆਂ ਲਈ ਅਕੈਡਮੀ ਵੱਲੋਂ ਬਹੁਤ ਹੀ ਸੁਚੱਜੇ ਅਤੇ ਸ਼ਾਨਦਾਰ ਪ੍ਰਬੰਧ ਕੀਤੇ ਗਏ ਹਨ।ਖਿਡਾਰੀਆਂ ਦੇ ਰਹਿਣ-ਸਹਿਣ, ਖਾਣ-ਪੀਣ, ਸਾਫ਼-ਸਫ਼ਾਈ, ਖੇਡ ਮੈਦਾਨ ਅਤੇ ਹੋਰ ਜ਼ਰੂਰੀ ਸਹੂਲਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਅਕੈਡਮੀ ਵੱਲੋਂ ਖਿਡਾਰੀਆਂ ਨੂੰ ਘਰ ਵਰਗਾ ਮਾਹੌਲ ਦੇਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।ਡਾ. ਜਤਿੰਦਰ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਖੇਡਾਂ ਦਾ ਮੁੱਖ ਮੰਤਵ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਉਨ੍ਹਾਂ ਨੂੰ ਖੇਡਾਂ ਨਾਲ ਜੋੜ ਕੇ ਸਹੀ ਦਿਸ਼ਾ ਵੱਲ ਲਿਜਾਣਾ ਹੈ। ਟੂਰਨਾਮੈਂਟ ਦੌਰਾਨ ਵੱਖ-ਵੱਖ ਦਿਨਾਂ 'ਤੇ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਵੀ ਪਹੁੰਚਣਗੀਆਂ, ਜੋ ਖਿਡਾਰੀਆਂ ਦੀ ਹੌਂਸਲਾ-ਅਫ਼ਜ਼ਾਈ ਕਰਨਗੀਆਂ।



# ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਅਧਿਆਪਕ ਦਿਵਸ ਮਨਾਇਆ

**ਪੱਟੀ (ਬਲਦੇਵ ਸਿੰਘ ਸੰਧੂ ਕਿਰਤੋਵਾਲ)**- ਇਲਾਕੇ ਦੀ ਸਭ ਤੋਂ ਪ੍ਰਸਿੱਧ ਸਿੱਖਿਆ ਸੰਸਥਾ ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਵਿਖੇ ਅਧਿਆਪਕ ਦਿਵਸ ਬੜੇ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਅਰਥੀਆ ਵੱਲੋਂ ਆਪਣੇ ਅਧਿਆਪਕ ਪ੍ਰਤੀ ਸਤਿਕਾਰ ਅਤੇ ਧੰਨਵਾਦ ਪ੍ਰਗਟ ਕਰਨ ਲਈ ਵਿਸ਼ੇਸ਼ ਸਮਾਗਮ ਦਾ ਅਯੋਜਨ ਕੀਤਾ ਗਿਆ।ਸਮਾਰੋਹ ਦੀ ਸ਼ੁਰੂਆਤ ਡਾ. ਸਰਵਪੱਲੀ ਰਾਧਾ ਕ੍ਰਿਸ਼ਨ ਨੂੰ ਸ਼ਰਧਾਜਲੀ ਭੇਟ ਕਰਕੇ ਕੀਤੀ ਗਈ।ਵਿਦਿਆਰਥੀਆ ਨੇ ਅਧਿਆਪਕਾ ਦੇ ਸਨਮਾਨ ਵਿੱਚ ਕਵਿਤਾਵਾਂ, ਭਾਸ਼ਣ, ਗੀਤ ਅਤੇ ਨ੍ਰਿਤ ਕੀਤੇ।ਵਿਦਿਆਰਥੀਆਂ ਨੇ ਆਪਣੇ ਅਧਿਆਪਕਾ ਨੂੰ ਫੁੱਲ ਅਤੇ ਗ੍ਰੀਟਿੰਗ ਕਾਰਡ ਭੇਟ ਕਰਕੇ ਆਪਣਾ ਪਿਆਰ ਅਤੇ ਸਤਿਕਾਰ ਪ੍ਰਗਟ ਕੀਤਾ।ਇਸ ਮੌਕੇ ਹਰਬੀਰ ਸਿੰਘ, ਹਰਨੂਰ ਸਿੰਘ, ਮੈਡਮ ਪਰਮਿੰਦਰ ਕੌਰ ਪ੍ਰਿੰਸੀਪਲ ਮੈਡਮ ਰਾਜਬੀਰ ਕੌਰ,ਵਾਇਸ ਪ੍ਰਿੰਸੀਪਲ ਮੈਡਮ ਦਲਬੀਰ ਕੌਰ ਵੱਲੋ ਅਧਿਆਪਰਾ ਨੂੰ ਅਧਿਆਪਕ ਦਿਵਸ ਦੀਆ ਵਧਾਈਆ ਦਿੱਤੀਆ ਗਈਆ ਅਤੇ ਓਹਨਾ ਦੇ ਸਨਮਾਨ-ਵਿਸ਼ੇਸ ਪਾਰਟੀ ਰੱਖੀ ਗਈ।



ਨਵਾਂ ਜ਼ਮਾਨਾ
ਬੁੱਧਵਾਰ, 9 ਸਤੰਬਰ 2026

# ਜੱਜ ਸਾਹਿਬਾਂ ਨੂੰ ਸਬਕ

ਇਲਾਹਾਬਾਦ ਹਾਈ ਕੋਰਟ ਵੱਲੋਂ ਪਿਛਲੇ ਹਫਤੇ ਦਿੱਲੀ ਯੂਨੀਵਰਸਿਟੀ ਦੀ ਕਾਨੂੰਨ ਦੀ ਵਿਦਿਆਰਥਣ ਤੇ ਕਾਰਕੁੰਨ ਆਕ੍ਰਿਤੀ ਚੌਧਰੀ (24) ਦੀ ਕੌਮੀ ਸੁਰੱਖਿਆ ਐਕਟ (ਐੱਨ ਐੱਸ ਏ) ਤਹਿਤ ਹਿਰਾਸਤ ਨੂੰ ਰੱਦ ਕਰਨ ਦੇ ਆਪਣੇ ਫੈਸਲੇ ਵਿੱਚ ਕੀਤੀਆਂ ਗਈਆਂ ਟਿੱਪਣੀਆਂ ਦਰਸਾਉਂਦੀਆਂ ਹਨ ਕਿ ਹੇਠਲੀਆਂ ਅਦਾਲਤਾਂ ਦਾ ਹਾਲ ਕੀ ਹੈ। ਆਕ੍ਰਿਤੀ ਦੀ ਨਜ਼ਰਬੰਦੀ ਦੇ ਹੁਕਮ ਜਾਰੀ ਕਰਨ ਵਾਲੀ ਯੂ ਪੀ ਦੇ ਗੌਤਮ ਬੁੱਧ ਨਗਰ (ਨੋਇਡਾ) ਦੀ ਜ਼ਿਲ੍ਹਾ ਮੈਜਿਸਟ੍ਰੇਟ ਮੇਧਾ ਰੂਪਮ ਦੀ ਸਖਤ ਅਲੋਚਨਾ ਕਰਦਿਆਂ ਜਸਟਿਸ ਅਤੁਲ ਸ੍ਰੀਧਰ ਅਤੇ ਜਸਟਿਸ ਅਚਲ ਸਚਦੇਵਾ ਦੀ ਬੈਂਚ ਨੇ ਕਿਹਾ ਕਿ ਨੌਕਰਸ਼ਾਹੀ ਦਾ ਤਾਨਾਸ਼ਾਹੀ ਰਵੱਈਆ ਜਾਰੀ ਰਿਹਾ ਤੇ ਜੱਜ ਉਸ ਮੁਤਾਬਕ ਚਲਦੇ ਰਹੇ ਤਾਂ ਯੂ ਪੀ ਇੱਕ 'ਓਰਵੇਲੀਅਨ ਡਿਸਟੋਪੀਆ' (ਇੱਕ ਅਜਿਹੀ ਥਾਂ, ਜਿੱਥੇ ਸਰਕਾਰ ਦਾ ਪੂਰਾ ਕੰਟਰੋਲ ਹੁੰਦਾ ਹੈ ਅਤੇ ਲੋਕਾਂ ਨੂੰ ਕੋਈ ਆਜ਼ਾਦੀ ਨਹੀਂ ਹੁੰਦੀ) ਵਿੱਚ ਬਦਲ ਸਕਦਾ ਹੈ। ਬੈਂਚ ਨੇ ਆਕ੍ਰਿਤੀ ਦੀ ਧਾਰਾ 21 ਦੇ ਤਹਿਤ ਨਜ਼ਰਬੰਦੀ ਨੂੰ ਉਸ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੰਦਿਆਂ ਕਿਹਾ ਕਿ ਨਜ਼ਰਬੰਦੀ ਦਾ ਹੁਕਮ ਅਤੇ ਇਸ ਦੇ ਆਧਾਰ ਠੋਸ ਸਬੂਤਾਂ 'ਤੇ ਅਧਾਰਤ ਨਹੀਂ ਸਨ ਅਤੇ ਬਿਨਾਂ ਵਿਚਾਰ ਕੀਤੇ ਜਾਰੀ ਕੀਤੇ ਗਏ। ਬੈਂਚ ਨੇ ਆਕ੍ਰਿਤੀ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਵੀ ਹੁਕਮ ਦਿੱਤਾ ਅਤੇ ਕਿਹਾ ਕਿ ਇਹ ਰਕਮ ਜ਼ਿਲ੍ਹਾ ਮੈਜਿਸਟਰੇਟ ਮੇਧਾ ਰੂਪਮ ਅਤੇ ਘਟਨਾ ਲਈ ਜ਼ਿੰਮੇਵਾਰ ਹੋਰ ਅਧਿਕਾਰੀਆਂ (ਐੱਸ ਐੱਚ ਓ ਤੱਕ) ਦੀਆਂ ਤਨਖਾਹਾਂ ਵਿੱਚੋਂ ਵਸੂਲ ਕੀਤੀ ਜਾਣੀ ਚਾਹੀਦੀ ਹੈ।

ਆਕ੍ਰਿਤੀ ਚੌਧਰੀ (25) ਨੂੰ ਅਪ੍ਰੈਲ 2026 ਵਿੱਚ ਨੋਇਡਾ ਵਿੱਚ ਮਜ਼ਦੂਰਾਂ ਦੇ ਪ੍ਰੋਟੈੱਸਟ ਦੇ ਸੰਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਯੂ ਪੀ ਪੁਲਸ ਨੇ 13 ਮਈ ਨੂੰ ਆਕ੍ਰਿਤੀ ਅਤੇ ਕਾਰਕੁੰਨ/ਪੱਤਰਕਾਰ ਸਤਯਮ ਵਰਮਾ ਵਿਰੁੱਧ ਐੱਨ ਐੱਸ ਏ, 1980 ਮੜ੍ਹ ਦਿੱਤਾ। ਬੈਂਚ ਨੇ ਆਪਣੇ 15 ਪੰਨਿਆਂ ਦੇ ਹੁਕਮ ਵਿੱਚ ਕਿਹਾ ਕਿ ਅਧਿਕਾਰੀਆਂ ਨੂੰ ਕਾਫੀ ਸ਼ਕਤੀਆਂ ਪ੍ਰਾਪਤ ਹਨ, ਕਿਉਂਕਿ ਉਹ ਨਾਗਰਿਕਾਂ ਦੇ ਸੰਵਿਧਾਨਕ ਅਤੇ ਕਾਨੂੰਨੀ ਅਧਿਕਾਰਾਂ, ਮਾਣ, ਸਤਿਕਾਰ ਅਤੇ ਭਲਾਈ ਦੀ ਰੱਖਿਆ ਲਈ ਜ਼ਿੰਮੇਵਾਰ ਹਨ। ਹਾਲਾਂਕਿ ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਵਫਾਦਾਰੀ ਸੰਵਿਧਾਨ ਪ੍ਰਤੀ ਹੈ, ਨਾ ਕਿ ਹਾਕਮਾਂ ਪ੍ਰਤੀ। ਅਧਿਕਾਰੀ ਲੋਕਾਂ ਦੀ ਸੇਵਾ ਕਰਨ ਵਾਲੇ ਸੇਵਕ ਹਨ ਅਤੇ ਲੋਕਤੰਤਰ ਵਿੱਚ ਲੋਕ ਮਾਲਕ ਹੁੰਦੇ ਹਨ। ਜਦੋਂ ਨੌਕਰਸ਼ਾਹ ਅਤੇ ਪੁਲਸ ਅਧਿਕਾਰੀ ਆਪਣੀ ਸਹੁੰ ਨੂੰ ਨਜ਼ਰਅੰਦਾਜ਼ ਕਰਦੇ ਹਨ ਅਤੇ ਇਸ ਦੇ ਉਲਟ ਕੰਮ ਕਰਦੇ ਹਨ ਤਾਂ ਲੋਕ ਉਨ੍ਹਾਂ ਨੂੰ ਜ਼ਾਲਮ ਬ੍ਰਿਟਿਸ਼ ਸ਼ਾਸਨ ਦੀ ਰਹਿੰਦ-ਖੂੰਹਦ ਵਜੋਂ ਦੇਖ ਸਕਦੇ ਹਨ, ਜਿਸ ਨਾਲ ਸਿਵਲ ਅਸ਼ਾਂਤੀ ਹੋ ਸਕਦੀ ਹੈ। ਛੇਤੀ ਹੀ ਉਹ ਸਮਾਂ ਆ ਸਕਦਾ ਹੈ ਜਦੋਂ ਪ੍ਰਸ਼ਾਸਨ ਵਿੱਚ ਗਲਤ ਕੰਮ ਕਰਨ ਵਾਲੇ ਯੂ ਪੀ ਨੂੰ 'ਓਰਵੇਲੀਅਨ ਡਿਸਟੋਪੀਆ' ਵਿੱਚ ਬਦਲ ਦੇਣਗੇ। ਬੈਂਚ ਨੇ ਕਿਹਾ ਕਿ ਜਦੋਂ ਪੁਲਸ ਰਿਪੋਰਟ ਬਿਨਾਂ ਕਿਸੇ ਭਰੋਸੇਯੋਗ ਸਬੂਤ ਦੇ ਸਿਰਫ ਦੋਸ਼ ਲਗਾਉਂਦੀ ਹੈ, ਤਾਂ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਐੱਨ ਐੱਸ ਏ ਵਰਗਾ ਸਖਤ ਕਾਨੂੰਨ ਲਾਗੂ ਕਰਨ ਦਾ ਫੈਸਲਾ ਲੈਣ ਤੋਂ ਪਹਿਲਾਂ ਰਿਕਾਰਡਾਂ ਦੀ ਡੂੰਘੀ ਘੋਖ ਕਰੇ। ਆਕ੍ਰਿਤੀ ਇੱਕ ਮਹਿਲਾ ਵਿਦਿਆਰਥੀ ਕਾਰਕੁੰਨ ਸੀ, ਜਿਸ ਦਾ ਕੋਈ ਪਿਛਲਾ ਅਪਰਾਧਕ ਰਿਕਾਰਡ ਨਹੀਂ ਸੀ ਅਤੇ ਸਬੂਤ ਇਹ ਨਹੀਂ ਦਰਸਾਉਂਦੇ ਕਿ ਉਸ ਨੇ ਹਿੰਸਾ ਭੜਕਾਈ ਸੀ। ਜ਼ਿਲ੍ਹਾ ਮੈਜਿਸਟਰੇਟ ਦਾ ਆਚਰਣ ਨਿੰਦਾ ਦਾ ਹੱਕਦਾਰ ਹੈ। ਹਾਲਾਤ ਦਰਸਾਉਂਦੇ ਹਨ ਕਿ ਜ਼ਿਲ੍ਹਾ ਮੈਜਿਸਟ੍ਰੇਟ ਆਕ੍ਰਿਤੀ ਚੌਧਰੀ ਰਾਹੀਂ ਇੱਕ ਮਿਸਾਲ ਕਾਇਮ ਕਰਨਾ ਚਾਹੁੰਦੀ ਸੀ ਅਤੇ ਦੂਜਿਆਂ ਨੂੰ ਵਰਕਰਾਂ ਦੇ ਸਮਰਥਨ ਵਿੱਚ ਜਨਤਕ ਥਾਵਾਂ 'ਤੇ ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੀ ਵਰਤੋਂ ਕਰਨ ਤੋਂ ਰੋਕਣਾ ਚਾਹੁੰਦੀ ਸੀ। ਬੈਂਚ ਨੇ ਇਹ ਵੀ ਕਿਹਾ ਕਿ ਆਕ੍ਰਿਤੀ ਨੂੰ 11 ਅਪ੍ਰੈਲ ਸ਼ਾਮ 5:30 ਵਜੇ ਦੇ ਕਰੀਬ ਨੋਇਡਾ ਦੇ ਬੋਟੈਨੀਕਲ ਗਾਰਡਨ ਮੈਟਰੋ ਸਟੇਸ਼ਨ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ। ਹਾਲਾਂਕਿ, ਪੁਲਸ ਨੇ ਦਾਅਵਾ ਕੀਤਾ ਕਿ ਉਸ ਨੂੰ 12 ਅਪ੍ਰੈਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪਟੀਸ਼ਨਰ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਸੀ ਅਤੇ ਬੀ ਐੱਨ ਐੱਸ ਐੱਸ ਦੀ ਧਾਰਾ 130 ਦੇ ਤਹਿਤ ਨੋਟਿਸ ਦੇਣ ਦੀ ਪ੍ਰਕਿਰਿਆ ਗ੍ਰਿਫਤਾਰੀ ਤੋਂ ਬਾਅਦ ਕੀਤੀ ਗਈ ਅਤੇ ਇਹ ਸਿਰਫ ਇੱਕ ਦਿਖਾਵਾ ਸੀ। ਜੇਲ੍ਹ ਭੇਜਣ ਦੀ ਅਸਾਧਾਰਨ ਸ਼ਕਤੀ ਨੂੰ 'ਅਟਕਲਾਂ, ਪੱਖਪਾਤ, ਅਨੁਮਾਨਾਂ ਅਤੇ ਵਿਚਾਰਾਂ' ਦੇ ਆਧਾਰ 'ਤੇ ਹਲਕੇ ਢੰਗ ਨਾਲ ਨਹੀਂ ਵਰਤਿਆ ਜਾ ਸਕਦਾ। ਸ਼ਾਂਤੀ ਭੰਗ ਹੋਣ ਦੇ ਡਰੋਂ ਲੋਕਾਂ ਨੂੰ ਜਨਤਕ ਥਾਵਾਂ 'ਤੇ ਇਕੱਠੇ ਹੋਣ ਜਾਂ ਆਪਣੇ ਹੱਕਾਂ ਲਈ ਅੰਦੋਲਨ ਕਰਨ ਤੋਂ ਰੋਕਣਾ 'ਬੱਚੇ ਨੂੰ ਨਹਾਉਣ ਵਾਲੇ ਪਾਣੀ ਨਾਲ ਬਾਹਰ ਸੁੱਟਣ' ਵਰਗਾ ਹੋਵੇਗਾ। ਬੈਂਚ ਨੇ ਇਹ ਨਿਰਦੇਸ਼ ਵੀ ਦਿੱਤਾ ਕਿ ਡੋਜ਼ੀਅਰ ਤਿਆਰ ਕਰਨ ਵਿੱਚ ਸ਼ਾਮਲ ਜ਼ਿਲ੍ਹਾ ਮੈਜਿਸਟਰੇਟ ਅਤੇ ਪੁਲਸ ਅਧਿਕਾਰੀਆਂ ਵਿਰੁੱਧ ਅਦਾਲਤ ਦੀ ਨਾਰਾਜ਼ਗੀ ਉਨ੍ਹਾਂ ਦੇ ਸੇਵਾ ਰਿਕਾਰਡ ਵਿੱਚ ਦਰਜ ਕੀਤੀ ਜਾਵੇ।

ਇਹ ਜਾਣਨਾ ਵੀ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ ਕਿ ਜ਼ਿਲ੍ਹਾ ਮੈਜਿਸਟ੍ਰੇਟ ਰੂਪਮ ਮੇਧਾ ਮੁੱਖ ਚੋਣ ਕਮਿਸ਼ਨਰ ਵਰਗੇ ਉੱਚ ਅਹੁਦੇ 'ਤੇ ਬੈਠੇ ਗਿਆਨੇਸ਼ ਕੁਮਾਰ ਦੀ ਧੀ ਹੈ। ਉਮੀਦ ਕੀਤੀ ਜਾਂਦੀ ਹੈ ਕਿ ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਤੋਂ ਉਹ ਜੱਜ ਸਬਕ ਲੈਣਗੇ, ਜਿਹੜੇ ਹਾਕਮਾਂ ਦੀ ਸੁਰ ਵਿੱਚ ਸੁਰ ਮਿਲਾਉਣ ਲਈ ਕਿਸੇ ਵੀ ਹੱਦ ਤੱਕ ਚਲੇ ਜਾਂਦੇ ਹਨ।

# ਵੋਟ, ਸਰਕਾਰ ਜਾਂ ਨਾਗਰਿਕ : ਕਿਸ ਦੀ ਜ਼ਿੰਮੇਵਾਰੀ



ਗੁਰਮੀਤ ਸਿੰਘ ਪਲਾਹੀ

ਦੇਸ਼ ਵਿੱਚ ਇਸ ਵੇਲੇ ਕੁੱਲ 98 ਕਰੋੜ ਤੋਂ ਵੱਧ (ਲਗਭਗ 97.97 ਕਰੋੜ) ਰਜਿਸਟਰਡ ਵੋਟਰ ਹਨ। ਦੇਸ਼ ਦੇ ਲਗਭਗ ਸਾਰੇ ਸੂਬਿਆਂ ਵਿੱਚ ਐਸ ਆਈ ਆਰ (ਵੋਟਰ ਸੂਚੀ ਦੀ ਸ਼ੁੱਧਤਾ ਪ੍ਰਕਿਰਿਆ) ਪੂਰੀ ਹੋ ਚੁੱਕੀ ਹੈ। ਹੁਣ ਤੱਕ ਦੀਆਂ ਰਿਪੋਰਟਾਂ ਅਨੁਸਾਰ ਇਸ ਪ੍ਰਕਿਰਿਆ ਦੌਰਾਨ ਲਗਭਗ 13 ਕਰੋੜ ਵੋਟਾਂ ਕੱਟੀਆਂ ਜਾ ਚੁੱਕੀਆਂ ਹਨ, ਜੋ ਕਿ ਦੇਸ਼ ਦੀਆਂ ਕੁੱਲ ਵੋਟਾਂ ਦਾ ਲਗਭਗ 14 ਫ਼ੀਸਦੀ ਬਣਦਾ ਹੈ। ਦੇਸ਼ ਦੇ ਚੋਣ ਕਮਿਸ਼ਨ ਅਨੁਸਾਰ ਇਹ ਅਭਿਆਸ ਵੋਟਰ ਸੂਚੀ ਨੂੰ ਸਾਫ਼-ਸੁਥਰਾ ਅਤੇ ਨਿਰਪੱਖ ਬਣਾਉਣ ਲਈ ਕੀਤਾ ਗਿਆ ਸੀ, ਪਰ ਜਿਸ ਤਰੀਕੇ ਨਾਲ ਇਸ ਨੂੰ ਅਮਲ ਵਿੱਚ ਲਿਆਂਦਾ ਗਿਆ ਹੈ, ਉਸ ਨਾਲ ਕੀ ਆਮ ਨਾਗਰਿਕਾਂ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ?

ਦਿੱਲੀ ਵਿੱਚ ਇਸ ਪ੍ਰਕਿਰਿਆ ਦਾ ਸਭ ਤੋਂ ਵੱਡਾ ਅਤੇ ਪ੍ਰਤੱਖ ਪ੍ਰਭਾਵ ਦੇਖਣ ਨੂੰ ਮਿਲਿਆ ਹੈ, ਜਿੱਥੇ ਪਹਿਲਾਂ ਕੁੱਲ ਇੱਕ ਕਰੋੜ ਪੰਜਤਾਲੀ ਲੱਖ ਵੋਟਰ ਸਨ, ਪਰ ਹੁਣ ਇਹ ਗਿਣਤੀ ਘਟ ਕੇ ਕੇਵਲ 99.53 ਲੱਖ ਰਹਿ ਗਈ ਹੈ। ਇਸੇ ਤਰ੍ਹਾਂ ਬਿਹਾਰ ਵਿੱਚ 65 ਲੱਖ ਵੋਟਰਾਂ ਦੇ ਨਾਂਅ ਵੋਟਰ ਸੂਚੀ ਤੋਂ ਬਾਹਰ ਕਰ ਦਿੱਤੇ ਗਏ। ਛੱਤੀਸਗੜ੍ਹ, ਗੋਆ, ਗੁਜਰਾਤ, ਕੇਰਲ, ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਰਿਆਣਾ, ਕਰਨਾਟਕ, ਮਹਾਰਾਸ਼ਟਰ, ਓਡੀਸ਼ਾ, ਉਤਰਾਖੰਡ, ਤੇਲੰਗਾਨਾ, ਝਾਰਖੰਡ, ਹਿਮਾਚਲ ਪ੍ਰਦੇਸ਼, ਅਸਾਮ ਅਤੇ ਪੰਜਾਬ ਵਰਗੇ ਦੇਸ਼ ਦੇ ਸਾਰੇ 28 ਰਾਜਾਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੀ ਵੱਖ-ਵੱਖ ਚਰਨਾਂ ਵਿੱਚ ਐੱਸ ਆਈ ਆਰ ਦੀ ਪ੍ਰਕਿਰਿਆ ਲਾਗੂ ਹੋ ਚੁੱਕੀ ਹੈ, ਜਿੱਥੇ ਲੱਖਾਂ ਹੀ ਨਾਗਰਿਕ ਵੋਟਰ ਸੂਚੀਆਂ ਤੋਂ ਬਾਹਰ ਕਰ ਦਿੱਤੇ ਗਏ ਹਨ। ਇਸ ਪ੍ਰਕਿਰਿਆ ਨਾਲ ਇਹ ਗੰਭੀਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਵੋਟਰ ਸੂਚੀ ਦੀ ਸ਼ੁੱਧਤਾ ਦੇ ਨਾਂਅ 'ਤੇ ਲੋਕਤੰਤਰ ਦੇ ਦਾਇਰੇ ਵਿੱਚੋਂ ਕਰੋੜਾਂ ਅਸਲੀ ਵੋਟਰਾਂ ਨੂੰ ਹਾਸ਼ੀਏ 'ਤੇ ਤਾਂ ਨਹੀਂ ਧੱਕ ਦਿੱਤਾ ਗਿਆ ?

ਇਸ ਸਮੁੱਚੇ ਮਾਮਲੇ ਵਿੱਚ ਇੱਕ ਵੱਡਾ ਸਿਆਸੀ ਵਿਵਾਦ ਇਹ ਖੜ੍ਹਾ ਹੋਇਆ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ 'ਤੇ ਇਹ ਗੰਭੀਰ ਇਲਜ਼ਾਮ ਲੱਗ ਰਿਹਾ ਹੈ ਕਿ ਉਸ ਨੇ ਸੰਵਿਧਾਨਕ ਸੰਸਥਾ ਚੋਣ ਕਮਿਸ਼ਨ ਨੂੰ ਪ੍ਰਭਾਵਤ ਕਰਕੇ ਅਤੇ ਆਪਣੇ ਰਾਜਨੀਤਕ ਲਾਹੇ ਲਈ ਐਸ ਆਈ ਆਰ ਦੀ ਕਵਾਇਦ ਸ਼ੁਰੂ ਕਰਵਾਈ ਹੈ। ਵਿਰੋਧੀ ਧਿਰਾਂ ਦਾ ਇਲਜ਼ਾਮ ਹੈ ਕਿ ਇਸ ਰਾਹੀਂ ਖਾਸ ਭਾਈਚਾਰਿਆਂ ਜਾਂ ਵਿਰੋਧੀ ਧਿਰ ਦੇ ਸਮਰਥਕਾਂ ਦੀਆਂ ਵੋਟਾਂ ਨਿਸ਼ਾਨਾ ਬਣਾ ਕੇ ਕੱਟੀਆਂ ਜਾ ਰਹੀਆਂ ਹਨ।

ਪੰਜਾਬ ਦੇ ਸੰਦਰਭ ਵਿੱਚ ਦੇਖੀਏ ਤਾਂ ਇੱਥੇ ਚੱਲ ਰਹੀ ਐਸ ਆਈ ਆਰ ਪ੍ਰਕਿਰਿਆ ਦਾ ਸਭ ਤੋਂ ਵੱਡਾ ਅਸਰ ਐੱਨ ਆਰ ਆਈ (ਗੈਰ-ਰਿਹਾਇਸ਼ੀ ਭਾਰਤੀ) ਭਾਈਚਾਰੇ ਉਤੇ ਪੈਣ ਦਾ ਖਦਸ਼ਾ ਹੈ। ਪੰਜਾਬ ਦੇ ਲੱਖਾਂ ਲੋਕ ਰੋਜ਼ਗਾਰ ਅਤੇ ਬਿਹਤਰ ਭਵਿੱਖ ਲਈ ਵਿਦੇਸ਼ਾਂ ਵਿੱਚ ਰਹਿੰਦੇ ਹਨ। ਐੱਸ ਆਈ ਆਰ ਅਧੀਨ ਜਦੋਂ ਬੂਥ ਲੈਵਲ ਅਧਿਕਾਰੀ (ਬੀ ਐੱਲ ਓ) ਘਰ-ਘਰ ਜਾਂਚ ਕਰਨ ਪਹੁੰਚਦੇ ਹਨ ਤਾਂ ਜੋ ਐਨ ਆਰ ਆਈ ਲੰਬੇ ਸਮੇਂ ਤੋਂ ਘਰ ਵਿੱਚ ਮੌਜੂਦ ਨਹੀਂ ਹੁੰਦੇ, ਉਨ੍ਹਾਂ ਦੇ ਨਾਂਅ 'ਗੈਰ-ਹਾਜ਼ਰ' ਜਾਂ 'ਸ਼ਿਫਟਿਡ' ਲਿਖ ਕੇ ਵੋਟਰ ਸੂਚੀ ਵਿੱਚੋਂ ਖਾਰਜ ਕੀਤੇ ਜਾਣ ਦਾ ਡਰ ਬਣਿਆ ਹੋਇਆ ਹੈ। ਹਾਲਾਂਕਿ ਕਾਨੂੰਨ ਮੁਤਾਬਕ ਭਾਰਤੀ ਨਾਗਰਿਕਤਾ ਰੱਖਣ ਵਾਲੇ ਐੱਨ ਆਰ ਆਈ ਫਾਰਮ 6-ਏ ਰਾਹੀਂ ਆਪਣੀ ਵੋਟ ਬਣਾ ਸਕਦੇ ਹਨ, ਪਰ ਜਾਣਕਾਰੀ ਦੀ ਘਾਟ ਅਤੇ ਜਟਿਲ ਦਸਤਾਵੇਜ਼ੀ ਪ੍ਰਕਿਰਿਆ ਕਾਰਨ ਲੱਖਾਂ ਐਨ ਆਰ ਆਈ ਪੰਜਾਬੀ ਆਪਣੀ ਵੋਟ ਦੇ ਬੁਨਿਆਦੀ ਅਧਿਕਾਰ ਤੋਂ ਵਾਂਝੇ ਹੋ ਸਕਦੇ ਹਨ।

ਇਸ ਤੋਂ ਇਲਾਵਾ, ਪੰਜਾਬ ਵਿੱਚ ਰਾਜਨੀਤਕ ਤੌਰ 'ਤੇ ਵੀ ਐੱਸ ਆਈ ਆਰ ਪ੍ਰਕਿਰਿਆ ਨੂੰ ਲੈ ਕੇ ਸਰਗਰਮੀ ਵਧ ਗਈ ਹੈ। ਪੰਜਾਬ ਦੀਆਂ ਪ੍ਰਮੁੱਖ ਰਾਜਨੀਤਕ ਧਿਰਾਂ, ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸ਼ਾਮਲ ਹਨ, ਆਪਣੇ ਬੂਥ ਲੈਵਲ ਏਜੰਟਾਂ ਰਾਹੀਂ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਵੋਟਰਾਂ ਦੀ ਵੈਰੀਫਿਕੇਸ਼ਨ 'ਤੇ ਨਜ਼ਰ ਰੱਖ ਰਹੀਆਂ ਹਨ। ਇਨ੍ਹਾਂ ਪਾਰਟੀਆਂ ਦਾ ਮੰਨਣਾ ਹੈ ਕਿ ਪੰਜਾਬ ਦੀ ਖੇਤੀਬਾੜੀ ਅਤੇ ਉਦਯੋਗਿਕ ਆਰਥਿਕਤਾ ਕਾਰਨ ਵੱਡੀ ਗਿਣਤੀ ਵਿੱਚ ਪਰਵਾਸੀ ਮਜ਼ਦੂਰ ਵੀ ਰਾਜ ਵਿੱਚ ਰਹਿੰਦੇ ਹਨ, ਜਿਨ੍ਹਾਂ ਦੀਆਂ ਵੋਟਾਂ ਕੱਟਣ ਜਾਂ ਦੋਹਰੀਆਂ ਵੋਟਾਂ ਦੇ ਮੁੱਦੇ ਸਥਾਨਕ ਚੋਣ ਸਮੀਕਰਨਾਂ ਨੂੰ ਸਿੱਧਾ ਪ੍ਰਭਾਵਤ ਕਰ ਸਕਦੇ ਹਨ। ਇਸ ਲਈ ਪੰਜਾਬ ਵਿੱਚ ਹਰ ਇੱਕ ਪਾਰਟੀ ਵੋਟਰ ਸੂਚੀਆਂ ਦੇ ਸੁਧਾਰ ਨੂੰ ਇੱਕ ਵੱਡਾ ਰਾਜਨੀਤਕ ਹਥਿਆਰ ਮੰਨ ਕੇ ਦੇਖ ਰਹੀ ਹੈ।

ਜੇਕਰ ਅਸੀਂ ਦੁਨੀਆ ਦੇ ਪ੍ਰਮੁੱਖ ਅਤੇ ਸਥਿਰ ਲੋਕਤੰਤਰੀ ਦੇਸ਼ਾਂ ਦੇ ਇਤਿਹਾਸ ਅਤੇ ਪ੍ਰਣਾਲੀ 'ਤੇ ਨਜ਼ਰ ਮਾਰੀਏ ਤਾਂ ਉਥੇ ਵੋਟਰ ਸੂਚੀ ਨੂੰ ਦਰੁਸਤ ਅਤੇ ਅਪਡੇਟ ਰੱਖਣ ਦੀ ਮੁੱਖ ਜ਼ਿੰਮੇਵਾਰੀ ਸਰਕਾਰੀ ਤੰਤਰ ਦੀ ਹੁੰਦੀ ਹੈ, ਨਾ ਕਿ ਆਮ ਨਾਗਰਿਕ 'ਤੇ ਇਸ ਦਾ ਬੋਝ ਪਾਇਆ ਜਾਂਦਾ ਹੈ। ਅਜਿਹੇ ਦੇਸ਼ਾਂ ਵਿੱਚ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਕਿਸੇ ਦਸਤਾਵੇਜ਼ ਦੀ ਮਾਮੂਲੀ ਘਾਟ ਜਾਂ ਰਿਹਾਇਸ਼ੀ ਪਤੇ ਵਿੱਚ ਛੋਟੀ-ਮੋਟੀ ਗੜਬੜੀ ਕਾਰਨ ਕੋਈ ਵੀ ਨਾਗਰਿਕ ਆਪਣੇ ਮੌਲਿਕ ਅਤੇ ਸੰਵਿਧਾਨਕ ਵੋਟ ਅਧਿਕਾਰ ਤੋਂ ਵਾਂਝਾ ਨਾ ਹੋ ਜਾਵੇ।

ਦੁਨੀਆ ਭਰ ਵਿੱਚ ਵੋਟਰ ਰਜਿਸਟ੍ਰੇਸ਼ਨ ਦੇ ਮੁੱਖ ਤੌਰ 'ਤੇ ਦੋ ਮਾਡਲ ਅਪਣਾਏ ਜਾਂਦੇ ਹਨ। ਪਹਿਲਾ ਸਵੈ-ਚਾਲਿਤ (ਆਟੋਮੈਟਿਕ) ਸਰਕਾਰੀ ਮਾਡਲ ਹੈ, ਜੋ ਜਰਮਨੀ, ਸਵੀਡਨ ਅਤੇ ਡੈਨਮਾਰਕ ਵਰਗੇ ਦੇਸ਼ਾਂ ਵਿੱਚ ਲਾਗੂ ਹੈ। ਇਨ੍ਹਾਂ ਦੇਸ਼ਾਂ ਵਿੱਚ ਸਥਾਨਕ ਨਾਗਰਿਕ ਰਜਿਸਟਰੀ ਪਹਿਲਾਂ ਤੋਂ ਹੀ ਮੌਜੂਦ ਹੁੰਦੀ ਹੈ। ਜਿਵੇਂ ਹੀ ਕੋਈ ਨਾਗਰਿਕ 18 ਸਾਲ ਦੀ ਉਮਰ ਪੂਰੀ ਕਰਦਾ ਹੈ, ਚੋਣ ਅਧਿਕਾਰੀ ਆਪਣੇ ਆਪ ਉਸ ਦਾ ਨਾਂਅ ਵੋਟਰ ਸੂਚੀ ਵਿੱਚ ਦਰਜ ਕਰ ਲੈਂਦੇ ਹਨ। ਨਾਗਰਿਕ ਨੂੰ ਵੋਟ ਬਣਾਉਣ ਲਈ ਦਫ਼ਤਰਾਂ ਦੇ ਗੇੜੇ ਨਹੀਂ ਮਾਰਨੇ ਪੈਂਦੇ। ਦੂਜਾ ਮਾਡਲ ਸਵੈ-ਇੱਛੁਕ ਜਾਂ ਨਾਗਰਿਕ ਪਹਿਲ ਵਾਲਾ ਹੈ, ਜੋ ਅਮਰੀਕਾ, ਬਰਤਾਨੀਆ, ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਚਲਦਾ ਹੈ। ਇਸ ਮਾਡਲ ਵਿੱਚ ਨਾਗਰਿਕ ਨੂੰ ਖ਼ੁਦ ਪਹਿਲ ਕਰਕੇ ਵੋਟ ਬਣਾਉਣ ਲਈ ਅਰਜ਼ੀ ਦੇਣੀ ਪੈਂਦੀ ਹੈ, ਪਰ ਇਸ ਜਟਿਲ ਅਤੇ ਨੌਕਰਸ਼ਾਹੀ ਪ੍ਰਕਿਰਿਆ ਦਾ ਨਤੀਜਾ ਇਹ ਨਿਕਲਦਾ ਹੈ ਕਿ ਬਰਤਾਨੀਆ ਵਿੱਚ ਲਗਭਗ 82 ਲੱਖ ਨਾਗਰਿਕ ਵੋਟਾਂ ਬਣਾਉਣ ਤੋਂ ਰਹਿ ਜਾਂਦੇ ਹਨ ਅਤੇ ਅਮਰੀਕਾ ਵਿੱਚ ਵੀ ਲੱਖਾਂ ਯੋਗ ਨਾਗਰਿਕ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਰਹਿ ਜਾਂਦੇ ਹਨ।

ਭਾਰਤ ਵਿੱਚ ਅਪਣਾਈ ਗਈ ਐੱਸ ਆਈ ਆਰ ਪ੍ਰਕਿਰਿਆ ਬਿਲਕੁਲ ਇਸੇ ਜਟਿਲ ਅਤੇ ਦਸਤਾਵੇਜ਼-ਅਧਾਰਤ ਢਾਂਚੇ 'ਤੇ ਟੇਕ ਰੱਖਦੀ ਹੈ। ਇੱਥੇ ਆਪਣੀ ਵੋਟ ਦਾ ਦਾਅਵਾ ਸਿੱਧ ਕਰਨ ਲਈ ਸਾਰਾ ਬੋਝ ਨਾਗਰਿਕਾਂ ਦੇ ਮੋਢਿਆਂ 'ਤੇ ਸੁੱਟ ਦਿੱਤਾ ਗਿਆ ਹੈ। ਭਾਰਤੀ ਚੋਣ ਕਮਿਸ਼ਨ ਇਸ ਪ੍ਰਕਿਰਿਆ ਨੂੰ ਵੋਟਰ ਸੂਚੀ ਦੀ ਸ਼ੁੱਧਤਾ ਲਈ ਜ਼ਰੂਰੀ ਦੱਸਦਾ ਹੈ, ਪਰ ਦੂਜੇ ਪਾਸੇ ਸਮਾਜਿਕ ਅਤੇ ਸਿਆਸੀ ਵਿਸ਼ਲੇਸ਼ਕ ਇਸ ਨੂੰ ਲੱਖਾਂ ਹੀ ਅਸਲੀ ਵੋਟਰਾਂ ਲਈ ਇੱਕ ਨਵੀਂ ਅਤੇ ਮੁਸ਼ਕਲ ਰੁਕਾਵਟ ਕਰਾਰ ਦਿੰਦੇ ਹਨ। ਜਿਸ ਤਰ੍ਹਾਂ ਦੀਆਂ ਸ਼ਰਤਾਂ ਅਤੇ ਰੁਕਾਵਟਾਂ ਪੈਦਾ ਕਰਕੇ ਲੋਕਾਂ ਦੇ ਨਾਂਅ ਵੋਟਰ ਸੂਚੀਆਂ ਵਿੱਚੋਂ ਖ਼ਾਰਜ ਕੀਤੇ ਜਾ ਰਹੇ ਹਨ, ਉਸ ਨਾਲ ਇਹ ਡਰ ਪੈਦਾ ਹੁੰਦਾ ਹੈ ਕਿ ਆਮ ਲੋਕ ਭਾਰਤੀ ਲੋਕਤੰਤਰ ਦੀ ਹਿੱਸੇਦਾਰੀ ਤੋਂ ਹੋਰ ਦੂਰ ਹੋ ਜਾਣਗੇ।

ਭਾਰਤ ਵਿੱਚ ਪਹਿਲਾਂ ਹੀ ਕਈ ਹਾਲਤਾਂ ਕਾਰਨ ਲੋਕ ਵੋਟਿੰਗ ਵਾਲੇ ਦਿਨ ਪੋਲਿੰਗ ਬੂਥਾਂ ਤੱਕ ਨਹੀਂ ਪਹੁੰਚਦੇ। ਇੱਕ ਸਰਵੇਖਣ ਅਨੁਸਾਰ ਦੇਸ਼ ਦੇ ਲਗਭਗ 33 ਫ਼ੀਸਦੀ ਲੋਕ ਪਹਿਲਾਂ ਹੀ ਚੋਣਾਂ ਸਮੇਂ ਆਪਣੀ ਵੋਟ ਦੀ ਵਰਤੋਂ ਨਹੀਂ ਕਰਦੇ। ਜੇਕਰ ਵੋਟਰ ਸੂਚੀ ਵਿੱਚ ਨਾਂਅ ਦਰਜ ਕਰਵਾਉਣਾ ਹੀ ਇੱਕ ਔਖੀ ਪ੍ਰੀਖਿਆ ਬਣ ਜਾਵੇਗਾ, ਤਾਂ ਇਸ ਨਾਲ ਲੋਕਾਂ ਦਾ ਲੋਕਤੰਤਰ ਤੋਂ ਮੋਹ ਹੋਰ ਭੰਗ ਹੋਵੇਗਾ।

ਇਸ ਪ੍ਰਕਿਰਿਆ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਈ ਸੀ। ਉਸ ਸਮੇਂ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਜ਼ਮੀਨੀ ਪੱਧਰ 'ਤੇ ਜਾਂਚ ਦੌਰਾਨ ਬੰਗਲਾਦੇਸ਼ੀ, ਨੇਪਾਲੀ ਅਤੇ ਮਿਆਂਮਾਰ ਦੇ ਨਾਗਰਿਕ ਵੋਟਰ ਸੂਚੀਆਂ ਵਿੱਚ ਸ਼ਾਮਲ ਪਾਏ ਗਏ ਹਨ, ਪਰ ਚੋਣ ਕਮਿਸ਼ਨ ਨੇ ਕਦੇ ਵੀ ਅਜਿਹੇ ਗੈਰ-ਕਾਨੂੰਨੀ ਵੋਟਰਾਂ ਦੇ ਠੋਸ ਅੰਕੜੇ ਜਾਂ ਸਬੂਤ ਜਨਤਕ ਨਹੀਂ ਕੀਤੇ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਘੁਸਪੈਠੀਆਂ ਦਾ ਮੁੱਦਾ ਚੁੱਕਿਆ ਗਿਆ, ਇਸ ਮੁੱਦੇ ਨੇ ਬਿਹਾਰ ਚੋਣਾਂ ਨੂੰ ਪ੍ਰਭਾਵਤ ਕੀਤਾ, ਹਾਲਾਂਕਿ ਸਰਕਾਰ ਕੋਲ ਵੀ ਇਨ੍ਹਾਂ ਦਾ ਕੋਈ ਪੁਖਤਾ ਰਿਕਾਰਡ ਨਹੀਂ ਸੀ।

ਇਸ ਤੋਂ ਬਾਅਦ ਇਹ ਮੁੱਦਾ ਪੱਛਮੀ ਬੰਗਾਲ ਵਿੱਚ ਵੀ ਬਹੁਤ ਗਰਮਾਇਆ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਿਆ। ਪੱਛਮੀ ਬੰਗਾਲ ਵਿੱਚ ਐੱਸ ਆਈ ਆਰ ਵੱਡਾ ਸਿਆਸੀ ਅਤੇ ਕਾਨੂੰਨੀ ਵਿਵਾਦ ਬਣ ਗਿਆ। ਤ੍ਰਿਣਮੂਲ ਕਾਂਗਰਸ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਕਿ 145 ਵਿਧਾਨ ਸਭਾ ਹਲਕਿਆਂ ਵਿੱਚ ਜਿੱਤ-ਹਾਰ ਦਾ ਅੰਤਰ ਬਹੁਤ ਘੱਟ ਸੀ, ਪਰ ਉੱਥੇ ਐੱਸ ਆਈ ਆਰ ਪ੍ਰਕਿਰਿਆ ਰਾਹੀਂ ਹਾਰ ਦੇ ਅੰਤਰ ਨਾਲੋਂ ਕਿਤੇ ਵੱਧ ਵੋਟਾਂ ਕੱਟ ਦਿੱਤੀਆਂ ਗਈਆਂ। ਬੰਗਾਲ ਵਿੱਚ ਇਸ ਦਾ ਸਭ ਤੋਂ ਵੱਡਾ ਬੋਝ ਨਿਆਂ ਪਾਲਿਕਾ 'ਤੇ ਵੀ ਪਿਆ। ਲਗਭਗ 19 ਅਦਾਲਤੀ ਅਪੀਲਾਂ ਬਣਾਈਆਂ ਗਈਆਂ, ਜਿਨ੍ਹਾਂ ਵਿੱਚ ਆਈਆਂ 38.10 ਲੱਖ ਅਪੀਲਾਂ ਵਿੱਚੋਂ ਕੇਵਲ 82,782 ਦਾ ਹੀ ਨਿਪਟਾਰਾ ਹੋ ਸਕਿਆ, ਜਦਕਿ 97.8 ਫ਼ੀਸਦੀ ਅਪੀਲਾਂ ਅਜੇ ਵੀ ਲਟਕ ਰਹੀਆਂ ਹਨ।

ਸਭ ਤੋਂ ਬੁਨਿਆਦੀ ਸਵਾਲ ਇਹ ਹੈ ਕਿ ਕੀ ਐੱਸ ਆਈ ਆਰ ਵਰਗੀ ਪ੍ਰਕਿਰਿਆ ਸਿਰਫ਼ ਫ਼ਰਜ਼ੀ ਜਾਂ ਮਰ ਚੁੱਕੇ ਵੋਟਰਾਂ ਦੇ ਨਾਂ ਹਟਾਉਣ ਤੱਕ ਸੀਮਤ ਹੈ ਜਾਂ ਇਸ ਦਾ ਖ਼ਮਿਆਜ਼ਾ ਉਨ੍ਹਾਂ ਲੱਖਾਂ ਗਰੀਬ ਅਤੇ ਸਾਧਨਹੀਣ ਨਾਗਰਿਕਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਨ੍ਹਾਂ ਕੋਲ ਐਨ ਸਮੇਂ 'ਤੇ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ ਦੀ ਜਾਣਕਾਰੀ ਜਾਂ ਸਾਧਨ ਨਹੀਂ ਸਨ ? ਲੋਕਾਂ ਕੋਲੋਂ ਉਨ੍ਹਾਂ ਦੇ ਮਾਪਿਆਂ ਦੇ ਜਨਮ ਸਰਟੀਫਿਕੇਟ, ਰਿਹਾਇਸ਼ੀ ਸਬੂਤ, ਮੌਤ ਦੇ ਸਰਟੀਫਿਕੇਟ ਅਤੇ ਜਾਤੀ ਸਰਟੀਫਿਕੇਟ ਮੰਗੇ ਜਾ ਰਹੇ ਹਨ। ਇਸ ਪ੍ਰਕਿਰਿਆ ਦੌਰਾਨ ਨਾਗਰਿਕਤਾ ਤੱਕ 'ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ, ਜਿਸ ਨਾਲ ਪ੍ਰਸਿੱਧ ਅਤੇ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਦੀਆਂ ਵੋਟਾਂ ਵੀ ਕੱਟੀਆਂ ਗਈਆਂ ਹਨ।

ਇਸ ਤੋਂ ਇਲਾਵਾ, ਚੋਣ ਪ੍ਰਸ਼ਾਸਨ ਅਤੇ ਸਰਕਾਰੀ ਮਸ਼ੀਨਰੀ ਦੀਆਂ ਤਕਨੀਕੀ ਤੇ ਪ੍ਰਸ਼ਾਸਨਿਕ ਨਾਕਾਮੀਆਂ ਕਾਰਨ ਵੀ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਵਾਰ ਡਿਜੀਟਲ ਪੋਰਟਲਾਂ ਦੇ ਸਹੀ ਢੰਗ ਨਾਲ ਕੰਮ ਨਾ ਕਰਨ ਜਾਂ ਬੂਥ ਲੈਵਲ ਅਧਿਕਾਰੀਆਂ ਕੋਲ ਪੂਰੇ ਸਾਧਨ ਨਾ ਹੋਣ ਕਰਕੇ ਵੀ ਵੋਟਰਾਂ ਦੇ ਫਾਰਮ ਸਮੇਂ ਸਿਰ ਅਪਲੋਡ ਨਹੀਂ ਹੁੰਦੇ। ਇਸ ਦੇ ਨਾਲ ਹੀ, ਆਮ ਨਾਗਰਿਕਾਂ ਵਿੱਚ ਵੋਟ ਨਾਲ ਜੁੜੇ ਵੱਖ-ਵੱਖ ਫਾਰਮਾਂ (ਜਿਵੇਂ ਕਿ ਨਵੇਂ ਵੋਟਰ ਲਈ ਫਾਰਮ 6, ਵੋਟ ਕਟਵਾਉਣ ਲਈ ਫਾਰਮ 7 ਅਤੇ ਵੇਰਵੇ ਬਦਲਣ ਲਈ ਫਾਰਮ 8) ਬਾਰੇ ਜਾਗਰੂਕਤਾ ਦੀ ਭਾਰੀ ਘਾਟ ਹੈ। ਚੋਣ ਕਮਿਸ਼ਨ ਦਾ ਇਹ ਫਰਜ਼ ਬਣਦਾ ਸੀ ਕਿ ਅਜਿਹੇ ਵੱਡੇ ਅਭਿਆਸ ਨੂੰ ਲਾਗੂ ਕਰਨ ਤੋਂ ਪਹਿਲਾਂ ਨਾਗਰਿਕਾਂ ਨੂੰ ਜਾਗਰੂਕ ਕਰਨ ਲਈ ਇੱਕ ਵਿਆਪਕ ਮੁਹਿੰਮ ਚਲਾਈ ਜਾਂਦੀ, ਤਾਂ ਜੋ ਕੋਈ ਵੀ ਯੋਗ ਵੋਟਰ ਦਸਤਾਵੇਜ਼ੀ ਉਲਝਣਾਂ ਕਾਰਨ ਬਾਹਰ ਨਾ ਰਹਿ ਜਾਂਦਾ।

ਸਰਕਾਰ ਅਤੇ ਸੰਵਿਧਾਨਕ ਸੰਸਥਾਵਾਂ ਇਹ ਤਰਕ ਦਿੰਦੀਆਂ ਹਨ ਕਿ ਉਹ ਜੋ ਵੀ ਕਰ ਰਹੀਆਂ ਹਨ, ਉਹ ਕਾਨੂੰਨ ਦੇ ਅਨੁਸਾਰ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਪ੍ਰਕਿਰਿਆ ਨਿਆਂਸੰਗਤ ਹੈ ? ਕੀ ਭਾਰਤ ਵਰਗੇ ਵਿਸ਼ਾਲ, ਗਰੀਬੀ ਅਤੇ ਅਨਪੜ੍ਹਤਾ ਨਾਲ ਜੂਝ ਰਹੇ ਦੇਸ਼ ਵਿੱਚ ਆਮ ਲੋਕਾਂ 'ਤੇ ਅਜਿਹਾ ਦਸਤਾਵੇਜ਼ੀ ਬੋਝ ਪਾਉਣਾ ਵਾਜਬ ਹੈ ? ਅੱਜ ਵਿਧਾਨਿਕ ਸੰਸਥਾਵਾਂ ਨੂੰ ਇਹ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਜੋ ਨਿਯਮ ਉਹ ਬਣਾ ਰਹੇ ਹਨ, ਉਨ੍ਹਾਂ ਨਾਲ ਆਮ ਨਾਗਰਿਕਾਂ 'ਤੇ ਕੀ ਬੀਤ ਰਹੀ ਹੈ।

ਅਸਲ ਵਿੱਚ ਵੋਟ ਬਣਾਉਣ ਅਤੇ ਵੋਟਰ ਸੂਚੀ ਨੂੰ ਦਰੁਸਤ ਰੱਖਣ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਚੋਣ ਪ੍ਰਸ਼ਾਸਨ ਦੀ ਹੋਣੀ ਚਾਹੀਦੀ ਹੈ। ਆਮ ਨਾਗਰਿਕ ਨੂੰ ਇੱਕ-ਇੱਕ ਦਸਤਾਵੇਜ਼ ਲਈ ਦਫ਼ਤਰਾਂ ਦੇ ਚੱਕਰ ਕੱਟਣ, ਗਲੀਆਂ ਦੀ ਖ਼ਾਕ ਛਾਣਨ ਅਤੇ ਖ਼ਵਾਰ ਹੋਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਸੁਪਰੀਮ ਕੋਰਟ ਦੀ ਨਿਗਰਾਨੀ, ਅੰਕੜਿਆਂ ਦੀ ਪਾਰਦਰਸ਼ਤਾ ਅਤੇ ਆਉਣ ਵਾਲੀਆਂ ਚੋਣਾਂ ਦਾ ਦਬਾਅ ਹੀ ਇਹ ਤੈਅ ਕਰੇਗਾ ਕਿ ਭਾਰਤ ਦਾ ਲੋਕਤੰਤਰ ਇਸ ਕਵਾਇਦ ਨਾਲ ਮਜ਼ਬੂਤ ਹੋਵੇਗਾ ਜਾਂ ਆਮ ਨਾਗਰਿਕ ਨੂੰ ਆਪਣੇ ਹੀ ਦੇਸ਼ ਦੇ ਲੋਕਤੰਤਰੀ ਢਾਂਚੇ ਤੋਂ ਦੂਰ ਕਰ ਦੇਵੇਗਾ।

# ਸੰਪਰਕ : 98158-02070

ਜਨਮ ਦਿਨ 'ਤੇ ਵਿਸ਼ੇਸ਼

# ਸੁਪਨਿਆਂ ਦੀ ਮੌਤ ਸਭ ਤੋਂ ਖ਼ਤਰਨਾਕ...

ਰਘਵੀਰ ਸਿੰਘ ਚੰਗਾਲ

ਮਰਨਾ ਵੀ ਮਨੁੱਖ ਦਾ ਦੋ ਤਰ੍ਹਾਂ ਦਾ ਹੁੰਦਾ ਹੈ। ਇੱਕ ਲੋਕ ਉਹ ਹੁੰਦੇ ਹਨ, ਜਿਹੜੇ ਸਮਾਜਿਕ ਤਾਣੇ-ਬਾਣੇ ਵਿੱਚ ਉਲਝ ਕੇ ਆਪਣੇ ਪਰਿਵਾਰ ਨੂੰ ਪਾਲਦੇ-ਪਾਲਦੇ ਮਰ ਜਾਂਦੇ ਹਨ, ਇੱਕ ਉਹ ਲੋਕ ਹੁੰਦੇ ਹਨ, ਜਿਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਲੋਕਾਂ ਲਈ ਜੀਣਾ ਤੇ ਲੋਕਾਂ ਲਈ ਹੀ ਮਰਨਾ ਹੁੰਦਾ ਹੈ। ਇਹਨਾਂ ਦੀ ਮੌਤ ਨੂੰ 'ਪਰਬਤੋਂ ਭਾਰੀ ਮੌਤ' ਮਰਨਾ ਕਿਹਾ ਜਾਂਦਾ ਹੈ। ਅਜਿਹੇ ਲੋਕਾਂ ਦੀ ਲੰਮੀ ਕਤਾਰ 'ਚ ਸ਼ਾਮਿਲ ਸੀ ਇਨਕਲਾਬੀ ਕਵੀ ਅਵਤਾਰ ਪਾਸ਼।


ਪਾਸ਼ ਦਾ ਬਚਪਨ ਦਾ ਨਾਂਅ ਅਵਤਾਰ ਸਿੰਘ ਸੰਧੂ ਸੀ, ਜਿਹੜਾ ਬਾਅਦ ਵਿੱਚ ਪਾਸ਼ ਦੇ ਨਾਂਅ ਨਾਲ ਚਰਚਾ ਵਿੱਚ ਆਇਆ। ਪਾਸ਼ ਦਾ ਜਨਮ 9 ਸਤੰਬਰ, 1950 ਨੂੰ ਜਲੰਧਰ ਜਿਲ੍ਹੇ ਦੇ ਪਿੰਡ ਤਲਵੰਡੀ ਸਲੇਮ ਵਿੱਚ ਇੱਕ ਮੱਧ ਵਰਗੀ ਕਿਸਾਨ ਪਰਵਾਰ ਵਿੱਚ ਹੋਇਆ। ਉਹਨਾ ਦੇ ਪਿਤਾ ਸੋਹਣ ਸਿੰਘ ਸੰਧੂ ਫੌਜ ਵਿੱਚ ਸਨ ਅਤੇ ਸ਼ੌਕ ਵਜੋਂ ਕਵਿਤਾ ਲਿਖਦੇ ਸਨ। ਮਾਤਾ ਜੀ ਦਾ ਛੋਟੀ ਉਮਰ ਵਿਚ ਦਿਹਾਂਤ ਹੋ ਗਿਆ ਸੀ। ਜਦੋਂ ਪੰਜਾਬ ਵਿੱਚ ਹਰੇ ਇਨਕਲਾਬ (ਹਰੀ ਕ੍ਰਾਂਤੀ) ਤੇ ਨਕਸਲਬਾੜੀ ਲਹਿਰ ਦਾ ਦੌਰ ਚੱਲ ਰਿਹਾ ਸੀ ਤਾਂ ਉਸ ਸਮੇਂ ਪਾਸ਼ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰ ਰਿਹਾ ਸੀ। ਬੇਜ਼ਮੀਨੇ ਕਿਸਾਨਾਂ, ਮਜ਼ਦੂਰਾਂ ਉੱਤੇ ਹੋ ਰਹੇ ਜ਼ੁਲਮਾਂ ਨੇ ਪਾਸ਼ ਦੀ ਜਮੀਰ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ। ਉਨ੍ਹਾ ਅੰਦਰ ਪੈਦਾ ਹੋਈ ਇਨਕਲਾਬੀ ਸਪਿਰਟ ਨੇ ਅੱਗ ਉਗਲਦੀ ਕਲਮ ਨੂੰ ਉਹਨਾ ਦੇ ਹੱਥ ਫੜਾ ਦਿੱਤਾ। ਬਹੁਤ ਛੋਟੀ ਉਮਰ ਵਿੱਚ ਪਾਸ਼ ਨੇ ਇਨਕਲਾਬੀ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਮਹਿਜ਼ 18-20 ਸਾਲ ਦੀ ਉਮਰ ਵਿੱਚ ਸਾਲ 1970 ਵਿੱਚ ਉਹਨਾ ਦੀ ਪਹਿਲੀ ਕਾਵਿ-ਪੁਸਤਕ 'ਲੋਹ ਕਥਾ' ਪ੍ਰਕਾਸ਼ਤ ਹੋਈ। ਫਿਰ 1973 ਵਿੱਚ 'ਉਡਦੇ ਬਾਜ਼ਾਂ ਮਗਰ' ਤੇ 1978 ਵਿੱਚ 'ਸਾਡੇ ਸਮਿਆਂ ਵਿੱਚ' ਅਤੇ ਸ਼ਹਾਦਤ ਤੋਂ ਬਾਅਦ 1989 ਵਿੱਚ 'ਖਿਲਰੇ ਹੋਏ ਵਰਕੇ' ਪ੍ਰਕਾਸ਼ਤ ਹੋਈਆਂ। ਉਹ ਰੂਸੀ ਇਨਕਲਾਬੀ ਸਾਹਿਤਕਾਰ ਮੈਕਸਿਮ ਗੋਰਕੀ, ਪਾਬਲੋ ਨੇਰੂਦਾ, ਬਰਤੋਲਤ ਬਰੈਖਤ, ਲੈਨਿਨ, ਟਰਾਟਸਕੀ ਤੋਂ ਬਹੁਤ ਪ੍ਰਭਾਵਿਤ ਸੀ। ਮੈਕਸਿਮ ਗੋਰਕੀ ਦੇ ਨਾਵਲ 'ਮਾਂ' ਦੇ ਮਜ਼ਦੂਰ ਪਾਤਰ 'ਪਾਸ਼ਾ' ਤੋਂ ਉਸ ਨੇ ਆਪਣਾ ਕਲਮੀ ਨਾਂਅ 'ਪਾਸ਼' ਰੱਖ ਲਿਆ ਸੀ। ਪਾਸ਼ ਨੇ 1973 ਵਿੱਚ 'ਪੰਜਾਬੀ ਸਾਹਿਤ ਤੇ ਸੱਭਿਆਚਾਰ ਮੰਚ' ਦੀ ਸਥਾਪਨਾ ਕੀਤੀ। ਉਨ੍ਹਾ ਇਨਕਲਾਬੀ ਮੈਗਜ਼ੀਨ 'ਸਿਆੜ' ਦੀ ਸੰਪਾਦਨਾ ਕਰਨੀ ਸ਼ੁਰੂ ਕੀਤੀ। ਖੱਬੇ ਪੱਖੀ ਤੇ ਬਾਗੀ ਇਨਕਲਾਬੀ ਵਿਚਾਰਾਂ ਕਰਕੇ ਆਪ ਨੂੰ ਦੋ ਸਾਲ ਤੱਕ ਝੂਠੇ ਕਤਲ ਕੇਸ ਵਿੱਚ ਜੇਲ੍ਹ ਵੀ ਕੱਟਣੀ ਪਈ। ਪਾਸ਼ ਦੀ ਮਸ਼ਹੂਰ ਕਵਿਤਾ 'ਸਭ ਤੋਂ ਖਤਰਨਾਕ' ਇਨਕਲਾਬੀ ਸਫਾਂ ਵਿੱਚ ਸਭ ਤੋਂ ਵੱਧ ਹਰਮਨ-ਪਿਆਰੀ ਮੰਨੀ ਜਾਂਦੀ ਹੈ। ਪ੍ਰਸਿੱਧ ਨਾਟਕਕਾਰ ਗੁਰਸ਼ਰਨ ਭਾਅ ਜੀ ਆਪਣੇ ਅਨੇਕਾਂ ਨਾਟਕਾਂ ਵਿੱਚ ਇਸ ਕਵਿਤਾ ਦੀਆਂ ਟੂਕਾਂ ਨੂੰ ਸ਼ੁਮਾਰ ਕਰਦੇ ਸਨ। ਅੱਜ ਵੀ ਪੰਜਾਬ ਦੇ ਹਰ ਅੰਦੋਲਨ ਵਿੱਚ ਇਸ ਕਵਿਤਾ ਨੂੰ ਨਾਅਰੇ ਵਜੋਂ ਸ਼ਾਮਲ ਕੀਤਾ ਜਾਂਦਾ ਹੈ। ਪਾਸ਼ ਲਿਖਦਾ ਹੈ:

ਸਭ ਤੋਂ ਖਤਰਨਾਕ ਹੁੰਦਾ ਹੈ,
ਸਾਡੇ ਸੁਪਨਿਆਂ ਦਾ ਮਰ ਜਾਣਾ।
ਪੁਲਸ ਦੀ ਕੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ,
ਕਿਰਤ ਦੀ ਲੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ,
ਸਭ ਤੋਂ ਖਤਰਨਾਕ ਹੁੰਦਾ ਹੈ,
ਸਾਡੇ ਸੁਪਨਿਆਂ ਦਾ ਮਰ ਜਾਣਾ---------।

'ਉਡਦੇ ਬਾਜ਼ਾਂ ਮਗਰ' ਪੁਸਤਕ ਦੀ ਕਵਿਤਾ ਵੀ ਬੇਹੱਦ ਮਕਬੂਲ ਹੋਈ।

ਉਡ ਗਏ ਹਨ ਬਾਜ਼
ਚੁੰਝਾਂ ਲੈ ਕੇ ਸਾਡੇ ਇੱਕ ਪਲ ਜੀਣ ਦੀ ਖਾਹਿਸ਼
ਹੁਣ ਚੱਲਿਆ ਜਾਵੇ ਉਡਦਿਆਂ ਬਾਜ਼ਾਂ ਮਗਰ

ਪੰਜਾਬ ਵਿੱਚ ਆਏ ਕੱਟੜਪੰਥੀਆਂ ਦੇ ਦੌਰ ਦੌਰਾਨ ਪਾਸ਼ 1986 ਵਿੱਚ ਅਮਰੀਕਾ ਚਲਿਆ ਗਿਆ ਤੇ ਉਥੇ ਪੈਟਰੋਲ ਪੰਪ 'ਤੇ ਕੰਮ ਕੀਤਾ। ਉਨ੍ਹਾ ਵਿਦੇਸ਼ ਦੀ ਧਰਤੀ 'ਤੇ ਜਾ ਕੇ ਵੀ 'ਐਂਟੀ-47 ਫਰੰਟ' ਵਿੱਚ ਸਰਗਰਮੀ ਨਾਲ ਕੰਮ ਕੀਤਾ। ਇੱਕ ਪਰਚੇ ਰਾਹੀਂ ਉਹ ਪੰਜਾਬ ਵਿੱਚ ਵਾਪਰੇ ਹਾਲਾਤ ਦੀ ਸਮੀਖਿਆ ਕਰਦੇ ਰਹਿੰਦੇ। ਪਾਸ਼ ਨੇ ਧਾਰਮਿਕ ਕੱਟੜਤਾ ਅਤੇ ਵੱਖਵਾਦ ਦਾ ਆਪਣੀਆਂ ਲਿਖਤਾਂ ਰਾਹੀ ਡਟ ਕੇ ਵਿਰੋਧ ਕੀਤਾ। ਪਾਸ਼ ਆਪਣੀ ਲੇਖਣੀ ਤੇ ਸ਼ਖਸੀਅਤ ਬਾਰੇ ਸਪੱਸ਼ਟ ਹੁੰਦਿਆਂ ਲਿਖਦਾ ਹੈ ਮੈਂ ਸਮਾਜ ਵਿੱਚ ਆਪਣੀ ਕੋਈ ਨਿਰਲੇਪ ਸ਼ਖ਼ਸੀਅਤ ਬਣਾਉਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ। ਮੈਂ ਇਸ ਦੇ ਬੁਰੇ-ਭਲੇ, ਡਰ, ਦਲੇਰੀ, ਗੰਦਗੀ ਤੇ ਸਫਾਈ ਵਿੱਚ ਗਲ ਤੱਕ ਡੁੱਬਿਆ ਰਿਹਾ ਹਾਂ। ਜੇ ਮੈਂ ਪੜ੍ਹ-ਲਿਖ ਕੇ, ਸੈੱਟ ਹੋ ਕੇ ਪਰੰਪਰਾਗਤ ਰੂਪ ਵਿੱਚ ਪਤਵੰਤੇ ਸੱਜਣਾਂ ਵਿੱਚ ਆਪਣੀ ਥਾਂ ਬਣਾ ਲੈਂਦਾ ਤਾਂ ਮੈਂ ਇਹ ਕੁਝ ਕਦੀ ਵੀ ਨਹੀਂ ਸੀ ਬਣ ਸਕਣਾ, ਜੋ ਮੈਂ ਅੱਜ ਹਾਂ।



ਪੰਜਾਬ ਵਿੱਚ ਜਦੋਂ ਹਾਲਾਤ ਬਹੁਤ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੇ ਸਨ ਤਾਂ ਅਚਾਨਕ ਪਾਸ਼ ਆਪਣੇ ਸਾਥੀ ਹੰਸ ਰਾਜ ਨਾਲ ਵਿਦੇਸ਼ੋਂ ਵੀਜ਼ਾ ਰੀਨਿਊ ਕਰਵਾਉਣ ਲਈ ਤਲਵੰਡੀ ਸਲੇਮ ਪਰਤ ਆਇਆ। 23 ਮਾਰਚ 1988 ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਕੱਟੜਪੰਥੀਆਂ ਨੇ ਪਾਸ਼ ਤੇ ਉਸ ਦੇ ਸਾਥੀ ਹੰਸ ਰਾਜ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਉਸ ਵੇਲੇ ਪਾਸ਼ ਦੀ ਉਮਰ ਮਹਿਜ਼ 37 ਸਾਲ ਸੀ। ਉਹ ਕੱਟੜਪੰਥੀਆਂ ਦੀ ਖੁੱਲ੍ਹ ਕੇ ਅਲੋਚਨਾ ਕਰਦੇ ਸਨ।ਅੱਜ ਜਦੋਂ ਸਮਾਜ ਵਿੱਚ ਨਫ਼ਰਤ, ਫਿਰਕਾਪ੍ਰਸਤੀ ਅਤੇ ਕਿਸਾਨਾਂ-ਮਜ਼ਦੂਰਾਂ ਦੀ ਕਮਾਈ ਦੀ ਲੁੱਟ ਦਿਨ-ਬ-ਦਿਨ ਵਧਦੀ ਹੀ ਜਾ ਰਹੀ ਹੈ ਤਾਂ ਪਾਸ਼ ਦੀ ਕਵਿਤਾ ਇਸ ਸੰਦਰਭ ਵਿੱਚ ਹੋਰ ਵੀ ਢੁਕਵੀ ਤੇ ਇਨਕਲਾਬੀ ਸਪਿਰਟ ਨੂੰ ਉਜਾਗਰ ਕਰਨ ਦਾ ਰਾਹ ਰੁਸ਼ਨਾਉਦੀ ਹੈ। ਪਾਸ਼ ਨੇ ਕਿਹਾ ਸੀ, 'ਮੈਨੂੰ ਕਮਿਊਨਿਸਟ ਨਾ ਕਹੋ, ਜੇ ਮੇਰੇ ਵਿੱਚ ਇਨਸਾਨ ਦੀ ਖੁਸ਼ਬੂ ਨਹੀਂ ਹੈ।' ਉਸ ਦਾ ਇਨਕਲਾਬ ਨਫ਼ਰਤ ਦਾ ਨਹੀਂ, ਮਨੁੱਖਤਾ ਦਾ ਇਨਕਲਾਬ ਸੀ। ਇਸ ਕਰਕੇ ਅੱਜ ਵੀ ਜਦੋਂ ਕੋਈ ਵਿਦਿਆਰਥੀ ਅੰਦੋਲਨ, ਕਿਸਾਨ ਅੰਦੋਲਨ ਜਾਂ ਮਜ਼ਦੂਰ ਲਹਿਰ ਉੱਠਦੀ ਹੈ ਤਾਂ ਪਾਸ਼ ਦੀਆਂ ਕਵਿਤਾਵਾਂ ਸੰਘਰਸ਼ ਦੇ ਸੰਦਰਭ ਵਿੱਚ ਗੂੰਜਦੀਆਂ ਹਨ। ਪਾਸ਼ ਦੀ ਕਵਿਤਾ ਗੂੰਗੇ ਬੋਲਿਆਂ ਨੂੰ ਇਨਕਲਾਬੀ ਧਾਰ 'ਤੇ ਚੱਲ ਕੇ ਅਜਿਹੇ ਬੋਲ ਬਖ਼ਸ਼ਦੀ ਹੈ, ਜੋ 'ਹਰ ਗੂੰਗੇ ਫੱਟ ਨਾਅਰਾ ਫੁੱਟੂ, ਹਰ ਨਾਅਰਾ ਲਲਕਾਰ ਬਣੇਗਾ ' ਦੀ ਪਰਖ ਦੀ ਕਸਵੱਟੀ 'ਤੇ ਖਰੀ ਉਤਰਦੀ ਹੈ। ਪਾਸ਼ ਆਖ ਗਿਆ ਸੀ:-

ਮੈਂ ਘਾਹ ਹਾਂ, ਮੈਂ ਹਰ ਚੀਜ਼ ਉਤੇ ਉਗ ਆਵਾਂਗਾ।

ਅੱਜ ਪਾਸ਼ ਨੂੰ ਉਹਨਾ ਦੇ ਜਨਮ ਦਿਵਸ 'ਤੇ ਉਨ੍ਹਾ ਦੀਆਂ ਕਵਿਤਾਵਾਂ ਨਾਲ ਯਾਦ ਕਰਦੇ ਹੋਏ ਸੂਹੀ ਸਵੇਰ ਦੀ ਸਲਾਮ ਭੇਜਦੇ ਹਾਂ।

# ਸੰਪਰਕ : 98552-64144

# ਕਿਹੜੇ ਰਾਹ ਤੁਰ ਪਿਐ ਪੰਜਾਬ

ਗੁਰਬਿੰਦਰ ਸਿੰਘ ਮਾਣਕ

ਪੰਜ ਪਾਣੀਆਂ ਦੀ ਧਰਤੀ ਪੰਜਾਬ ਗਹਿਰੇ ਸੰਕਟਾਂ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਹਰ ਪਾਸੇ ਬਦਹਾਲੀ ਹੀ ਬਦਹਾਲੀ ਹੀ ਨਜ਼ਰ ਆਉਂਦੀ ਹੈ। ਨਿੱਤ ਦਿਨ ਅਜਿਹਾ ਕੁਝ ਵਾਪਰੀ ਜਾ ਰਿਹਾ ਹੈ ਕਿ ਮਨ ਦਹਿਲ ਉੱਠਦਾ ਹੈ। ਅਜੇ ਪਹਿਲੀ ਘਟਨਾ ਮਨ ਵਿਚ ਖੌਰੂ ਪਾ ਹੀ ਰਹੀ ਹੁੰਦੀ ਹੈ ਕਿ ਅਗਲੇ ਦਿਨ ਉਸ ਤੋਂ ਵੀ ਵੱਧ ਦਰਦਨਾਕ ਘਟਨਾ ਵਾਪਰ ਜਾਂਦੀ ਹੈ। ਕੋਈ ਵੀ ਸੋਚਵਾਨ ਤੇ ਸੰਵੇਦਨਸ਼ੀਲ ਬੰਦਾ ਮਨ ਹੀ ਮਨ ਤੜਫ ਕੇ ਰਹਿ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਅਜਿਹਾ ਮਹਿਸੂਸ ਹੋਣ ਲੱਗ ਪਿਆ ਹੈ ਕਿ ਪੰਜਾਬ ਦਾ ਜਿਵੇਂ ਕੋਈ ਵਾਲੀ-ਵਾਰਸ ਹੀ ਨਹੀਂ ਹੁੰਦਾ। ਥੋੜ੍ਹੇ ਬਹੁਤ ਫਰਕ ਨਾਲ ਪੰਜਾਬ ਦੀ ਹਕੂਮਤ ਕਰਨ ਵਾਲੀਆਂ ਸਿਆਸੀ ਧਿਰਾਂ ਨੇ ਪੰਜਾਬ ਦੀ ਬਿਹਤਰੀ ਲਈ ਕੋਈ ਸਾਰਥਕ ਤੇ ਸੁਹਿਰਦ ਉਪਰਾਲੇ ਕਰਨ ਦੀ ਥਾਂ, ਬਰਬਾਦੀ ਦੇ ਕੰਢੇ ਲਿਆ ਖੜੇ ਕਰ ਦਿੱਤਾ ਹੈ। ਪੰਜਾਬ ਨਾਲ ਜੁੜੇ ਮੁੱਦਿਆਂ ਪ੍ਰਤੀ ਹਰ ਸਿਆਸੀ ਜਮਾਤ ਬਿਆਨ-ਬਾਜ਼ੀ ਕਰਕੇ, ਇਹ ਦਰਸਾਉਣ ਦਾ ਹੀ ਯਤਨ ਕਰਦੀ ਹੈ ਕਿ ਉਹ ਹੀ ਪੰਜਾਬ ਤੇ ਪੰਜਾਬੀਆਂ ਦੀ ਸਭ ਤੋਂ ਵੱਧ ਸ਼ੁੱਭਚਿੰਤਕ ਹੈ।

ਕਈ-ਕਈ ਸਾਲਾਂ ਤੋਂ ਚੱਲਦੇ ਮਸਲਿਆਂ ਪ੍ਰਤੀ ਸਿਆਸੀ ਪਾਰਟੀਆਂ ਨੇ ਕਦੇ ਵੀ ਕੋਈ ਸਾਂਝੀ ਰਣਨੀਤੀ ਬਣਾ ਕੇ ਮੁੱਦਿਆਂ ਨੂੰ ਹੱਲ ਕਰਾਉਣ ਲਈ ਕਦੇ ਵੀ ਸਿਰ ਜੋੜ ਕੇ ਬੈਠਣ ਦਾ ਯਤਨ ਨਹੀਂ ਕੀਤਾ। ਇਸੇ ਕਾਰਨ ਹੀ ਸਾਲਾਂ ਤੋਂ ਮਸਲੇ ਉਵੇਂ ਦੇ ਉਵੇਂ ਖੜ੍ਹੇ ਹਨ। ਹੁਣ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਸਾਲਾਂ ਦੇ ਸਾਲ ਲਟਕਦੇ ਰਹਿਣ ਕਾਰਨ ਇਹ ਮਸਲੇ ਏਨੇ ਗੁੰਝਲਦਾਰ ਹੋ ਗਏ ਹਨ ਕਿ ਇਨ੍ਹਾਂ ਦਾ ਕੋਈ ਸਿਰਾ ਲੱਭਣਾ ਹੀ ਟੇਢੀ-ਖੀਰ ਬਣ ਗਿਆ ਹੈ। ਲੋਕਾਂ ਦਾ ਧਿਆਨ ਹੋਰ ਮੁੱਦਿਆਂ ਤੋਂ ਹਟਾਉਣ ਲਈ ਸਿਆਸੀ ਪਾਰਟੀਆਂ ਕਦੇ-ਕਦੇ ਅਜਿਹੇ ਮੁੱਦੇ ਉਛਾਲਦੀਆਂ ਰਹਿੰਦੀਆਂ ਹਨ, ਤਾਂ ਕਿ ਲੋਕਾਂ ਵਿਚ ਇਹ ਭਰਮ ਬਣਿਆ ਰਹੇ ਕਿ ਇਹ ਪਾਰਟੀ ਪੰਜਾਬ ਦੀ ਬਹੁਤ ਹਿਤੈਸ਼ੀ ਹੈ।

ਦਹਾਕਿਆਂ ਤੋਂ ਪੰਜਾਬ ਦੇ ਪਾਣੀਆਂ ਦੀ ਗੱਲ ਕਰਦਿਆਂ ਬਹੁਤ ਪਾਣੀ ਇਨ੍ਹਾਂ ਪੁਲਾਂ ਹੇਠੋਂ ਲੰਘ ਚੁੱਕਾ ਹੈ, ਪਰ ਇਮਾਨਦਾਰੀ ਨਾਲ ਮਸਲੇ ਦੇ ਹੱਲ ਲਈ ਕਿਸੇ ਨੇ ਵੀ ਕਦੇ ਕੁੱਝ ਨਹੀਂ ਕੀਤਾ। ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਨੂੰ ਕੇਂਦਰ ਵਿਚ ਰੱਖਦਿਆਂ ਬਿਆਨ ਦਾਗੇ ਜਾਂਦੇ ਹਨ। ਜੇ ਪੰਜਾਬ ਦੇ ਹੱਕਾਂ ਦੀ ਗੱਲ ਹੋਵੇ ਤਾਂ ਪੰਜਾਬ ਵਿਚ ਬਿਆਨ ਦੇ ਦਿਉ ਤੇ ਜੇ ਹਰਿਆਣੇ ਵਿਚ ਹੋਵੋ ਤਾਂ ਉਨ੍ਹਾਂ ਦੇ ਹੱਕ ਵਿਚ ਬਿਆਨ ਦੇ ਦਿਉ। ਸਿਆਸੀ ਲਾਲਸਾਵਾਂ ਕਾਰਨ ਪੰਜਾਬ ਹਰ ਪੱਖ ਤੋਂ ਨਿਘਾਰ ਦੀ ਚਰਮ ਸੀਮਾ 'ਤੇ ਪਹੁੰਚ ਚੁੱਕਾ ਹੈ। ਸਭ ਤੋਂ ਵੱਧ ਦੁਖਦਾਈ ਪੱਖ ਇਹ ਹੈ ਕਿ ਅੱਜ ਦੀ ਤਰੀਕ ਵਿਚ ਸਿਆਸਤ ਵਿਚ ਏਨਾ ਨਿਘਾਰ ਆ ਚੁੱਕਾ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਦੁਆਰਾ ਦਿੱਤੇ ਬਿਆਨ ਉੱਤੇ ਲੋਕਾਂ ਦਾ ਯਕੀਨ ਹੀ ਨਹੀਂ ਰਿਹਾ।

ਪੰਜਾਬ ਦੀ ਜ਼ਰਖੇਜ਼ ਧਰਤੀ 'ਤੇ ਮਿਹਨਤੀ ਕਿਸਾਨ ਨੇ ਪੂਰੇ ਦੇਸ਼ ਦਾ ਢਿੱਡ ਭਰਨ ਲਈ ਅਨਾਜ ਦੇ ਭੰਡਾਰ ਭਰਨ ਵਿਚ ਤਾਂ ਕੋਈ ਕਸਰ ਨਹੀਂ ਛੱਡੀ, ਪਰ ਇਹ ਕਰਦਿਆਂ ਉਸ ਨੇ ਆਪਣਾ ਬਹੁਤ ਕੁਝ ਗੁਆ ਲਿਆ। ਫਸਲ ਦਾ ਝਾੜ ਵਧਾਉਣ ਦੀ ਮਨਸ਼ਾ ਨਾਲ ਕਿਸਾਨ ਨੇ ਰਸਾਇਣਕ ਖਾਦਾਂ ਤੇ ਜ਼ਹਿਰਾਂ ਦੀ ਅੰਨ੍ਹੇਵਾਹ ਵਰਤੋਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਹੀ ਤਬਾਹ ਕਰ ਦਿੱਤਾ ਹੈ। ਫਸਲਾਂ ਲਈ ਵਰਤੀਆਂ ਇਨ੍ਹਾਂ ਜ਼ਹਿਰਾਂ ਕਾਰਨ ਹੀ ਪੰਜਾਬ ਵਿਚ ਭਿਆਨਕ ਬਿਮਾਰੀਆਂ ਨੇ ਪੈਰ-ਪਸਾਰੇ ਹਨ। ਹੈਰਾਨੀਜਨਕ ਗੱਲ ਹੈ ਕਿ ਮਾਹਰਾਂ ਦੀਆ ਸਿਫਾਰਸ਼ਾਂ ਨੂੰ ਦਰਕਿਨਾਰ ਕਰਕੇ ਕਿਸਾਨਾਂ ਨੇ ਜ਼ਹਿਰਾਂ ਦੀ ਇਸ ਕਦਰ ਵਰਤੋਂ ਕੀਤੀ ਹੈ ਕਿ ਹੁਣ ਹਰ ਚੀਜ਼ ਹੀ ਸਿਹਤ ਲਈ ਨੁਕਸਾਨਦੇਹ ਹੋ ਗਈ ਹੈ। ਭਾਵੇਂ ਵਪਾਰਕ ਨਜ਼ਰੀਆ ਮਾੜਾ ਨਹੀਂ, ਪਰ ਖੇਤੀ ਦੇ ਇਸ ਮਾਡਲ ਨੇ ਪੰਜਾਬ ਨੂੰ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਮਾਹਰ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ, ਪਰ ਕਿਸੇ ਨੂੰ ਕੋਈ ਚਿੰਤਾ ਹੀ ਨਹੀਂ ਕਿ ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ।

ਝੋਨੇ ਦੀ ਫਸਲ ਵਿਚ ਹਰ ਸਾਲ ਵਾਧਾ ਹੋਈ ਜਾਂਦਾ ਹੈ ਤੇ ਧਰਤੀ ਵਿਚੋਂ ਪਾਣੀ ਕੱਢਦੀਆਂ ਪੰਦਰਾਂ ਲੱਖ ਮੋਟਰਾਂ, ਸਾਲ-ਦਰ-ਸਾਲ ਹੋਰ ਡੂੰਘੀਆਂ ਹੋਈ ਜਾ ਰਹੀਆਂ ਹਨ। ਕਿਸਾਨਾਂ ਨੂੰ ਫਸਲੀ-ਚੱਕਰ ਬਦਲਣ ਦੀਆਂ ਕਈ ਸਾਲਾਂ ਤੋਂ ਸਲਾਹਾਂ ਦਿੱਤੀਆ ਜਾ ਰਹੀਆਂ ਹਨ, ਪਰ ਗੰਭੀਰਤਾ ਨਾਲ ਇਸ ਮੁੱਦੇ ਨੂੰ ਵਿਚਾਰਿਆ ਨਹੀਂ ਜਾ ਰਿਹਾ। ਕਿਸਾਨ ਨੂੰ ਝੋਨੇ ਦਾ ਕੋਈ ਬਦਲ ਹੀ ਨਹੀਂ ਦੱਸਿਆ ਜਾ ਰਿਹਾ। ਕੀ ਕਰੇ ਕਿਸਾਨ, ਉਸ ਦੀ ਆਮਦਨ ਦਾ ਸਾਧਨ ਤਾਂ ਫਸਲ-ਬਾੜੀ ਹੀ ਹੈ। ਜੇ ਉਸ ਦੀ ਬੀਜੀ ਕੋਈ ਫਸਲ ਮੰਡੀ ਵਿਚ ਵਿਕੇਗੀ ਨਹੀਂ,ਤਾਂ ਉਸ ਦਾ ਗੁਜ਼ਾਰਾ ਕਿਵੇਂ ਚੱਲੇਗਾ। ਕਣਕ-ਝੋਨੇ ਦੇ ਬੀਜਣ ਪਿੱਛੇ ਮੁੱਖ ਕਾਰਨ ਹੀ ਇਹ ਹੈ ਕਿ ਇਹ ਦੋਵੇਂ ਫਸਲਾਂ ਮੰਡੀ ਵਿਚ ਸਰਕਾਰ ਵੱਲੋਂ ਨਿਰਧਾਰਤ ਕੀਤੀ ਕੀਮਤ 'ਤੇ ਵਿਕ ਜਾਂਦੀਆਂ ਹਨ।

ਕਈ ਸਾਲਾਂ ਤੋਂ ਵਾਤਾਵਰਣ ਮਾਹਰ ਚੀਖ-ਚੀਖ ਕੇ ਲੋਕਾਂ ਨੂੰ ਕਹਿ ਰਹੇ ਹਨ ਕਿ ਪੰਜਾਬ ਦਾ ਵਾਤਾਵਰਣ ਪ੍ਰਦੂਸ਼ਤ ਹੁੰਦਾ ਜਾ ਰਿਹਾ ਹੈ, ਪਰ ਪੰਜਾਬ ਦੇ ਲੋਕ ਇਸ ਪੱਖੋਂ ਵੀ ਬਹੁਤ ਅਵੇਸਲੇ ਹਨ। ਰੁੱਖਾਂ ਦਾ ਹਰ ਥਾਂ ਸਫਾਇਆ ਕੀਤਾ ਕਾ ਰਿਹਾ ਹੈ। ਹਰ ਸਾਲ ਜਿਹੜੇ ਰੁੱਖ ਲਾਏ ਵੀ ਜਾਂਦੇ ਹਨ, ਉਹ ਵੀ ਕੇਵਲ ਫੋਟੋ ਕਰਾ ਕੇ ਆਪਣੀ ਬੱਲੇ-ਬੱਲੇ ਕਰਾਉਣ ਲਈ ਰਸਮੀ ਕਾਰਵਾਈ ਹੁੰਦੀ ਹੈ। ਇਨ੍ਹਾਂ ਦੀ ਸਾਂਭ-ਸੰਭਾਲ ਨਾ ਹੋਣ ਕਾਰਨ ਇਨ੍ਹਾਂ ਵਿਚੋਂ ਬਹੁਤੇ ਨੇਪਰੇ ਨਹੀਂ ਚੜ੍ਹਦੇ।

ਮੰਨਿਆ ਕਿ ਕਿਸਾਨ ਕਣਕ ਬੀਜਣ ਲਈ ਪੈਲੀ ਨੂੰ ਤਿਆਰ ਕਰਨ ਲਈ ਮਜਬੂਰੀ ਵਿਚ ਅੱਗ ਲਗਾਉਂਦਾ ਹੈ, ਪਰ ਹਰ ਹਾਲ ਵਿਚ ਨੁਕਸਾਨ ਤਾਂ ਪੰਜਾਬ ਦਾ ਹੀ ਹੋ ਰਿਹਾ ਹੈ। ਇਹ ਹੱਥੀਂ ਲਾਏ ਲਾਂਬੂ ਬਹੁਤ ਕੁਝ ਬਰਬਾਦ ਕਰੀ ਜਾ ਰਹੇ ਹਨ। ਸੰਘਣੇ ਧੂੰਏਂ ਨਾਲ ਵਾਤਾਵਰਣ ਤਾਂ ਪਲੀਤ ਹੁੰਦਾ ਹੀ ਹੈ, ਜਿਹੜੇ ਹਾਦਸੇ ਵਾਪਰਦੇ ਹਨ, ਉਹ ਬਹੁਤ ਦੁਖਦਾਈ ਹਨ। ਇਨ੍ਹਾਂ ਦਿਨਾਂ ਵਿਚ ਗਹਿਰੇ ਪ੍ਰਦੂਸ਼ਣ ਕਾਰਨ ਬਾਹਰ ਨਿਕਲਣਾ ਹੀ ਔਖਾ ਹੋ ਜਾਂਦਾ ਹੈ। ਇਸ ਗੱਲ ਵਿਚ ਵੀ ਕੋਈ ਦੋ ਰਾਵਾਂ ਨਹੀਂ ਹਨ ਕਿ ਵਾਤਾਵਰਣ ਦੇ ਪ੍ਰਦੂਸ਼ਣ ਲਈ ਕੇਵਲ ਕਿਸਾਨ ਹੀ ਜ਼ਿੰਮੇਵਾਰ ਨਹੀਂ। ਉਦਯੋਗਾਂ ਤੇ ਵਾਹਨਾਂ ਦੁਆਰਾ ਕਿਤੇ ਵੱਧ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਖਿਲਾਫ ਕੇਸ ਦਰਜ ਕਰਨੇ ਤੇ ਉਨ੍ਹਾਂ ਦੇ ਜ਼ਮੀਨੀ ਰਿਕਾਰਡ ਵਿਚ ਰੈੱਡ ਐਂਟਰੀ ਕਰਨੀ ਮਸਲੇ ਦਾ ਕੋਈ ਹੱਲ ਨਹੀਂ, ਸਗੋਂ ਇਸ ਨਾਲ ਕਈ ਉਲਝਣਾਂ ਪੈਦਾ ਹੋਣਗੀਆਂ ਤੇ ਕਿਸਾਨਾਂ ਵਿਚ ਗਹਿਰਾ ਰੋਸ ਵੀ ਪੈਦਾ ਹੋਵੇਗਾ।

ਨੇਤਾਵਾਂ ਦੀ ਸੁਰੱਖਿਆ ਲਈ ਤਾਂ ਬਹੁਤ ਪ੍ਰਬੰਧ ਕੀਤੇ ਜਾਂਦੇ ਹਨ, ਪਰ ਕੀ ਲੋਕਾਂ ਦੀ ਸੁਰੱਖਿਆ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ। ਕਿਤੇ ਵੀ ਕੋਈ ਸੁਰੱਖਿਅਤ ਨਹੀਂ। ਸੜਕ, ਬਾਜ਼ਾਰ ਜਾਂ ਕਿਤੇ ਵੀ ਜਾਂਦਿਆਂ ਨੂੰ ਕਦੋਂ ਲੁਟੇਰੇ ਤੁਹਾਨੂੰ ਲੁੱਟ ਲੈਣ, ਕੋਈ ਪਤਾ ਨਹੀਂ।ਹਰ ਪਾਸੇ ਗੋਲੀਆਂ ਵਰ੍ਹ ਰਹੀਆਂ ਹਨ ਤੇ ਗੈਂਗਸਟਰ ਦਨਦਨਾਉਂਦੇ ਘੁੰਮ ਰਹੇ ਹਨ।

ਹਰ ਰੋਜ਼ ਦੁਖਦਾਈ ਘਟਨਾਵਾਂ ਵਾਪਰ ਰਹੀਆਂ ਹਨ। ਮਾਨਵੀ ਰਿਸ਼ਤੇ ਖੂਨੋ-ਖੂਨ ਹੋਏ ਪਏ ਹਨ। ਬਦਲੇਖੋਰੀ ਤੇ ਲਾਲਸਾਵਾਂ ਦਾ ਸੰਸਾਰ ਏਨਾ ਕਰੂਰ ਹੋ ਗਿਆ ਹੈ ਕਿ ਪੁੱਤਰ ਆਪਣੇ ਮਾਂ-ਬਾਪ ਨੂੰ ਬੇਰਹਿਮੀ ਨਾਲ ਕਤਲ ਕਰ ਰਿਹਾ ਹੈ। ਭਰਾ ਭਰਾਵਾਂ ਦੇ ਦੁਸ਼ਮਣ ਬਣ ਕੇ ਇਕ-ਦੂਜੇ ਨੂੰ ਮਾਰ ਕੇ ਆਪਣੇ ਹੀ ਘਰਾਂ ਵਿਚ ਸੱਥਰ ਵਿਛਾ ਰਹੇ ਹਨ। ਪਤਨੀ ਆਪਣੇ ਪ੍ਰੇਮੀ ਦੇ ਜਾਲ ਵਿਚ ਫਸ ਕੇ ਆਪਣੇ ਹੀ ਪਤੀ ਨੂੰ ਧੋਖੇ ਨਾਲ ਕਤਲ ਕਰਵਾ ਕੇ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੀ ਹੈ। ਕੋਈ ਮਾਂ ਆਪਣੇ ਹੀ ਫੁੱਲਾਂ ਵਰਗੇ ਮਸੂਮ ਬੱਚਿਆਂ ਨੂੰ ਪਹਿਲਾਂ ਮਾਰ ਕੇ, ਆਪ ਵੀ ਖੁਦਕੁਸ਼ੀ ਕਰਕੇ ਆਪਣੇ ਘਰ ਨੂੰ ਤਬਾਹ ਕਰ ਰਹੀ ਹੈ। ਘਰਾਂ ਵਿਚ ਮਚੇ ਮਹਾਂਭਾਰਤ ਨੇ ਰਿਸ਼ਤਿਆਂ ਦੀ ਮਿੱਟੀ ਪਲੀਤ ਕਰਕੇ ਰੱਖ ਦਿੱਤੀ ਹੈ। ਕਿਸੇ ਵੀ ਸਮਾਜ ਦੀ ਤਰੱਕੀ,ਖੁਸ਼ਹਾਲੀ ਲਈ ਉਪਰੋਕਤ ਕਿਸਮ ਦੇ ਵਰਤਾਰੇ ਬਹੁਤ ਦੁਖਦਾਈ ਹਨ।

# ਸੰਪਰਕ : 98153-56086

# ਐੱਸ ਕੇ ਐੱਮ ਵੱਲੋਂ ਚੰਡੀਗੜ੍ਹ ਮੋਰਚਾ ਜਿੱਤ ਕੇ ਆਏ ਕਿਸਾਨ ਆਗੂਆਂ ਦਾ ਨਿੱਘਾ ਸਵਾਗਤ

## ਕਿਸਾਨ ਤੇ ਲੋਕ ਮਾਰੂ ਨੀਤੀਆਂ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿਆਂਗੇ : ਢੰਡੀਆਂ




**ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ, ਬਲਵਿੰਦਰ ਸਿੰਘ)**-ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ 'ਚ ਸ਼ੁਰੂ ਕੀਤੇ ਸੰਘਰਸ਼ ਦੀ ਉਸ ਵੇਲੇ ਵੱਡੀ ਜਿੱਤ ਪ੍ਰਾਪਤ ਹੋਈ, ਜਦੋਂ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਕੇ ਤੇ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ਼ ਸਪੈਸ਼ਲ ਅਜਲਾਸ ਬੁਲਾ ਕੇ ਵਿਸ਼ੇਸ਼ ਮਤਾ ਪਾਸ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਤੇ ਪੰਜਾਬ ਪੱਧਰ ਦੀਆਂ ਮੰਗਾਂ ਨੂੰ ਮੁਕੰਮਲ ਤੌਰ 'ਤੇ ਮੰਨ ਲਿਆ ਗਿਆ।

ਚੰਡੀਗੜ੍ਹ ਕਿਸਾਨ ਮੋਰਚੇ ਵਿੱਚ ਫਾਜ਼ਿਲਕਾ ਤੋਂ ਇਕ ਜਥੇ ਦੇ ਰੂਪ ਵਿੱਚ ਸ਼ਾਮਲ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਸੁਰਿੰਦਰ ਸਿੰਘ ਢੰਡੀਆਂ, ਫਾਜ਼ਿਲਕਾ ਦੇ ਜ਼ਿਲ੍ਹਾ ਆਗੂ ਕਾਮਰੇਡ ਕ੍ਰਿਸ਼ਨ ਧਰਮੂਵਾਲਾ, ਨੌਜਵਾਨ ਆਗੂ ਰਾਜਵਿੰਦਰ ਨਿਉਲਾ, ਜਸਬੀਰ ਸਿੰਘ ਤੇ ਅਜੀਤ ਸਿੰਘ ਵੱਲੋਂ ਇਤਿਹਾਸਕ ਜਿੱਤ ਪ੍ਰਾਪਤ ਕਰਕੇ ਚੰਡੀਗੜ੍ਹ ਤੋਂ ਫਾਜ਼ਿਲਕਾ ਪਹੁੰਚਣ 'ਤੇ ਮਾਹਮੂ ਜੋਈਆ ਬੱਸ ਸਟੈਂਡ 'ਤੇ ਵੱਡੀ ਗਿਣਤੀ ਕਿਸਾਨਾਂ ਤੇ ਪਾਰਟੀ ਵਰਕਰਾਂ ਵੱਲੋਂ ਇਨਕਲਾਬੀ ਜੋਸ਼ ਖਰੋਸ਼ ਨਾਲ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਹਾਜ਼ਰੀਨ ਨਾਲ ਇਤਿਹਾਸਕ ਜਿੱਤ ਦੀ ਖੁਸ਼ੀ ਸਾਂਝੀ ਕਰਦਿਆਂ ਕਾਮਰੇਡ ਸੁਰਿੰਦਰ ਸਿੰਘ ਢੰਡੀਆਂ ਨੇ ਕਿਹਾ ਕਿ ਇਹ ਦੂਜੀ ਵਾਰ ਕਿ ਕਿਸਾਨ ਮਜ਼ਦੂਰ ਏਕਤਾ ਅੱਗੇ ਹਾਕਮਾਂ ਨੂੰ ਝੁਕਣਾ ਪਿਆ ਹੈ ਤੇ ਕਿਸਾਨਾਂ ਦੀ ਇਤਿਹਾਸਕ ਜਿੱਤ ਹੋਈ ਹੈ।ਕਾਮਰੇਡ ਆਗੂਆਂ ਨੇ ਇਸ ਗੱਲ ਦੀ ਸਮੁੱਚੀ ਕਿਸਾਨ ਏਕਤਾ ਨੂੰ ਵਧਾਈ ਦਿੰਦਿਆਂ ਇਸ ਸੰਘਰਸ਼ ਵਿੱਚ ਡੱਟ ਕੇ ਸਾਥ ਦੇਣ ਵਾਲਿਆਂ ਦਾ ਵੀ ਧੰਨਵਾਦ ਕੀਤਾ। ਆਗੂਆਂ ਨੇ ਆਪਣਾ ਪ੍ਰਣ ਦੁਹਰਾਉਂਦਿਆਂ ਕਿਹਾ ਕਿ ਭਵਿੱਖ ਵਿੱਚ ਜਦੋਂ ਜਦੋਂ ਕਿਸਾਨੀ ਜਾਂ ਸਮਾਜ ਤੇ ਕੋਈ ਬਿਪਤਾ ਪਵੇਗੀ ਤਾਂ ਐੱਸ ਕੇ ਐੱਮ ਹਰ ਵਕਤ ਸੰਘਰਸ਼ ਲਈ ਤਿਆਰ ਰਹੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਪੀਆਈ ਦੇ ਸੂਬਾ ਕੌਂਸਲ ਮੈਂਬਰ ਕਾਮਰੇਡ ਹੰਸ ਰਾਜ ਗੋਲਡਨ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਨੇ ਕਿਹਾ ਕਿ ਕਿਸਾਨਾਂ ਦੀ ਸੂਬਾ ਪੱਧਰ ਦੀ ਇਹ ਜਿੱਤ ਵੀ ਇੱਕ ਨਵਾਂ ਇਤਿਹਾਸ ਸਿਰਜੇਗੀ, ਇਸ ਜਿੱਤ ਤੋਂ ਸੂਬੇ ਤੇ ਦੇਸ਼ ਦੀ ਜਵਾਨੀ ਅਤੇ ਹੋਰ ਲੋਕਾਂ ਨੂੰ ਸੇਧ ਲੈ ਕੇ ਸਰਮਾਏਦਾਰੀ ਸਿਸਟਮ ਨੂੰ ਉਖਾੜਨ ਲਈ ਅੱਗੇ ਆਉਣਾ ਪਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਏਆਈਐੱਸਐੱਫ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਸੀਪੀਆਈ ਬਲਾਕ ਗੁਰੂ ਹਰਸਹਾਏ ਦੇ ਸਕੱਤਰ ਕਾਮਰੇਡ ਰਮੇਸ਼ ਪੀਰ ਮੁਹੰਮਦ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਫਾਜ਼ਲਕਾ ਦੇ ਪ੍ਰਧਾਨ ਨਰਿੰਦਰ ਢਾਬਾਂ, ਸੀਨੀਅਰ ਆਗੂ ਗੁਰਦਿਆਲ ਢਾਬਾਂ, ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ (ਰਜਿ:) ਏਟਕ ਦੇ ਜ਼ਿਲ੍ਹਾ ਸਕੱਤਰ ਸੋਨਾ ਧੁੰਨਕੀਆਂ, ਪੰਜਾਬ ਇਸਤਰੀ ਸਭਾ ਦੀ ਆਗੂ ਹਰਜੀਤ ਕੌਰ ਢੰਡੀਆਂ ਹਾਜ਼ਰ ਸਨ।

# ਮਨਿਸਟੀਰੀਅਲ ਮੁਲਾਜ਼ਮਾਂ ਵੱਲੋਂ ਡੀ ਸੀ ਦਫ਼ਤਰਾਂ ਅੱਗੇ ਧਰਨੇ






**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਫ਼ਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਦੀ ਸਾਂਝੀ ਤਾਲਮੇਲ ਕਮੇਟੀ ਦੇ ਸੱਦੇ 'ਤੇ ਮਾਨਸਾ ਜ਼ਿਲ੍ਹੇ ਦੇ ਮਨਿਸਟੀਰੀਅਲ ਕਾਮਿਆਂ ਨੇ ਕਲਮਛੋੜ ਹੜਤਾਲ ਕਰਕੇ ਡਿਪਟੀ ਕਮਿਸ਼ਨਰ ਮਾਨਸਾ ਦੇ ਦਫ਼ਤਰ ਮੂਹਰੇ ਰੋਸ ਧਰਨਾ ਦਿੱਤਾ।ਧਰਨੇ 'ਚ ਮੁਲਾਜ਼ਮ ਤੇ ਪੈਨਸ਼ਨਰ ਵੱਡੀ ਗਿਣਤੀ 'ਚ ਸ਼ਾਮਲ ਹੋਏ।ਧਰਨੇ ਨੂੰ ਸੰਬੋਧਨ ਕਰਦਿਆਂ ਸਿਕੰਦਰ ਘਰਾਂਗਣਾ, ਲਖਵਿੰਦਰ ਮਾਨ, ਪ੍ਰਤਾਪ ਸਿੰਘ ਖੁਡਾਲ ਪ੍ਰਧਾਨ ਪੀ ਐੱਸ ਐੱਮ ਐੱਸ ਯੂ, ਕਰਮਜੀਤ ਤਾਮਕੋਟ, ਹਰਪ੍ਰੀਤ ਬਿੱਟੂ, ਅਮੋਲਕ ਡੇਲੂਆਣਾ, ਧਰਮਿੰਦਰ ਹੀਰੇਵਾਲਾ ਤੇ ਦਰਸ਼ਨ ਅਲੀਸ਼ੇਰ, ਗੁਰਜੀਤ ਸਿੰਘ ਤੇ ਹਰਪਾਲ ਕੌਰ ਗੇਹਲੇ ਆਦਿ ਨੇ ਕਿਹਾ ਕਿ ਆਗੂਆਂ ਮੁਲਾਜ਼ਮਾਂ ਦੇ ਚੱਲ ਰਹੇ ਇਤਿਹਾਸਕ ਸੰਘਰਸ਼ ਦੌਰਾਨ 27 ਅਗਸਤ ਨੂੰ ਸਮੂਹਕ ਛੁੱਟੀ ਲੈਣ ਵਾਲੇ ਮੁਲਾਜ਼ਮਾਂ ਨੂੰ ਜਾਰੀ ਕਾਰਨ ਦੱਸੋ ਨੋਟਿਸ ਵਾਪਸ ਲੈਣ ਤੇ ਮੁਲਾਜ਼ਮ ਆਗੂਆਂ ਦੀਆਂ ਜ਼ਬਰੀ ਕੀਤੀਆਂ ਬਦਲੀਆਂ ਰੱਦ ਕਰਨ ਲਈ 7 ਸਤੰਬਰ ਤੱਕ ਦਾ ਅਲਟੀਮੇਟਮ ਦਿੱਤਾ ਗਿਆ ਸੀ, ਪ੍ਰੰਤੂ ਸਰਕਾਰ ਨੇ ਮੰਗਾਂ ਮੰਨਣ ਦੀ ਬਜਾਏ ਮੁਲਾਜ਼ਮਾਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਸਿੱਟੇ ਵਜੋਂ ਗੁੱਸੇ ਹੋਏ ਕਲੈਰੀਕਲ ਮੁਲਾਜ਼ਮਾਂ ਨੇ ਅੱਜ ਪੰਜਾਬ ਭਰ 'ਚ ਕਲਮਛੋੜ ਹੜਤਾਲ ਕਰਕੇ ਜ਼ਿਲ੍ਹਾ ਪੱਧਰ 'ਤੇ ਰੋਸ ਧਰਨੇ ਦਿੱਤੇ।ਇਸ ਰੋਹ ਭਰੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਹੰਸਾ ਸਿੰਘ, ਬੇਅੰਤ ਸਿੰਘ, ਹਰਜਿੰਦਰ ਅਨੂਪਗੜ੍ਹ, ਜਸਵੀਰ ਭੰਮੇ, ਰਾਜਦੀਪ ਬਰੇਟਾ, ਰਾਜਵਿੰਦਰ ਬੈਹਣੀਵਾਲ, ਜੋਗਿੰਦਰ ਵਰ੍ਹੇ, ਕੁਲਵਿੰਦਰ ਸਿੰਘ, ਗੁਰਪ੍ਰੀਤ ਦਲੇਲਵਾਲਾ, ਨਵੀਨ ਬੋਹਾ, ਆਤਮਾ ਸਿੰਘ ਪਮਾਰ, ਗੁਰਪ੍ਰੀਤ ਕੌਰ, ਕੇਵਲ ਸਿੰਘ, ਜਗਰਾਜ ਸਿੰਘ, ਖੁਸ਼ਵਿੰਦਰ ਬਰਾੜ, ਵਰਿੰਦਰ ਬਰਾੜ, ਹਰਦੀਪ ਸਿੱਧੂ, ਕੁਲਵਿੰਦਰ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਲਾਗੂ ਨਾ ਕੀਤੀਆਂ ਤਾਂ ਸੰਘਰਸ਼ ਦੀ ਲੜੀ ਤਹਿਤ 12 ਤੇ 13 ਸਤੰਬਰ ਨੂੰ ਕੈਬਨਿਟ ਮੰਤਰੀਆਂ ਦੇ ਘਰਾਂ ਦਾ ਘਿਰਾਓ, 18 ਤੇ 19 ਸਤੰਬਰ ਨੂੰ ਐੱਮ ਐੱਲ ਏਜ਼ ਦੇ ਘਰਾਂ ਦਾ ਘਿਰਾਓ, 12 ਅਕਤੂਬਰ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਤੇ 21, 22 ਅਕਤੂਬਰ ਨੂੰ ਪੰਜਾਬ ਦੇ ਸਾਰੇ ਮੁਲਾਜ਼ਮ ਸਮੂਹਕ ਛੁੱਟੀ 'ਤੇ ਜਾਣਗੇ। ਆਗੂਆਂ ਬਲਵੰਤ ਸਿੰਘ, ਮਨਮੋਹਨ ਸਿੰਘ ਨੇ ਕਿਹਾ ਕਿ ਕੈਬਨਿਟ ਮੰਤਰੀ ਹਰਪਾਲ ਚੀਮਾ, ਅਮਨ ਅਰੋੜਾ ਤੇ ਬਲਜੀਤ ਕੌਰ ਮੁਲਾਜ਼ਮਾਂ ਦੀ ਤਨਖਾਹਾਂ ਬਾਰੇ ਝੂਠੇ ਤੱਥ ਪੇਸ਼ ਕਰ ਰਹੇ ਹਨ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ, ਜਿਸ ਦਾ ਖਮਿਆਜ਼ਾ ਸਰਕਾਰ ਨੂੰ ਆਗਾਮੀ ਚੋਣਾਂ 'ਚ ਭੁਗਤਣਾ ਪਵੇਗਾ।ਧਰਨੇ ਦੌਰਾਨ ਮਤਾ ਪਾਸ ਕੀਤਾ ਗਿਆ ਕਿ 13 ਸਤੰਬਰ ਨੂੰ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਘਰ ਦਾ ਘਿਰਾਓ ਕਰਨ ਲਈ ਮਾਨਸਾ ਜ਼ਿਲ੍ਹੇ 'ਚੋਂ ਮੁਲਾਜ਼ਮ ਤੇ ਪੈਨਸ਼ਨਰ ਵੱਡੀ ਗਿਣਤੀ 'ਚ ਪਹੁੰਚਣਗੇ।

**ਮੋਗਾ (ਇਕਬਾਲ ਸਿੰਘ ਖਹਿਰਾ)** : ਦਫ਼ਤਰੀ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਰਵਈਏ ਖਿਲਾਫ ਅੱਜ ਪੈੱਨ ਡਾਊਨ ਸਟਰਾਈਕ ਕਰਨ ਉਪਰੰਤ ਡੀ.ਸੀ. ਦਫ਼ਤਰ ਮੋਗਾ ਅੱਗੇ ਵਿਸ਼ਾਲ ਰੈਲੀ ਕੀਤੀ ਗਈ।ਸਟੇਜ ਦੀ ਕਾਰਵਾਈ ਦਿਗਵਿਜੇ ਪਾਲ ਸ਼ਰਮਾ ਨੇ ਨਿਭਾਈ। ਬੁਲਾਰਿਆਂ ਸੁਰਜੀਤ ਸਿੰਘ ਗਗੜਾ, ਸੁਖਪਾਲ ਜੀਤ ਸਿੰਘ, ਬਲੌਰ ਸਿੰਘ ਘਾਲੀ ਨੇ ਆਪਣੇ ਭਾਸ਼ਣ ਦੌਰਾਨ ਸਰਕਾਰ ਦੇ ਲੋਕ ਵਿਰੋਧੀ ਖਾਸੇ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਮਹਿੰਗਾਈ ਭੱਤੇ ਬਾਰੇ ਕਿਹਾ ਕਿ ਇਹ ਸਰਕਾਰ ਪਿਛਲੇ ਚਾਰ ਸਾਲ ਤੋਂ ਲਗਾਤਾਰ ਡੀ.ਏ ਦੀਆਂ ਬਣਦੀਆਂ ਕਿਸ਼ਤਾਂ ਨੂੰ ਰੋਕ ਕੇ ਮੁਲਾਜ਼ਮਾਂ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਨੂੰ ਕੇਂਦਰ ਨਾਲੋਂ ਡੀ ਲਿੰਕ ਕਰਨ 'ਤੇ ਤੁਲੀ ਹੋਈ ਹੈ।ਕੁਲਦੀਪ ਸਿੰਘ ਪ੍ਰਧਾਨ ਪੀ. ਐਸ ਐਮ ਐਸ ਯੂ, ਪਰਮ ਪਾਲ ਸਿੰਘ, ਭਜਨ ਸਿੰਘ ਗਿੱਲ, ਜਗਦੀਸ਼ ਸਿੰਘ ਚਾਹਲ, ਗੁਰਮੇਲ ਸਿੰਘ ਨਾਹਰ ਕਿਹਾ ਕਿ ਜਿੱਥੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੇ ਗੈਰ-ਵਿੱਦਿਅਕ ਕੰਮਾਂ ਦਾ ਬੋਝ ਲੱਦ ਕੇ ਉਨ੍ਹਾਂ ਨੂੰ ਸਕੂਲਾਂ ਤੇ ਬੱਚਿਆਂ ਤੋਂ ਦੂਰ ਰੱਖਿਆ ਜਾ ਰਿਹਾ ਹੈ, ਉੱਥੇ ਸਰਕਾਰੀ ਸਕੂਲਾਂ ਵਿੱਚ ਹਜ਼ਾਰਾਂ ਪ੍ਰਿੰਸੀਪਲਾਂ ਹੈੱਡਮਾਸਟਰਾਂ, ਅਧਿਆਪਕਾਂ ਦੀਆਂ ਖਾਲੀ ਪੋਸਟਾਂ ਖਾਲੀ ਰੱਖ ਕੇ ਗਰੀਬ ਬੱਚਿਆਂ ਤੋਂ ਉਨ੍ਹਾਂ ਦਾ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਖੋਹ ਕੇ ਉਨ੍ਹਾਂ ਨੂੰ ਅਣਪੜ੍ਹ ਰੱਖਣ ਤੇ ਕੇਵਲ ਮਜ਼ਦੂਰ ਬਣਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।ਭੁਪਿੰਦਰ ਸਿੰਘ ਸੇਖੋਂ ਤੇ ਬੁਲਾਰਿਆਂ ਨੇ ਸੁਖਚੈਨ ਸਿੰਘ ਖਹਿਰਾ ਤੇ ਸ਼ੁਸ਼ੀਲ ਫੌਜੀ ਦੀ ਕੀਤੀ ਬਦਲੀ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ।ਸੁਰਿੰਦਰ ਰਾਮ ਕੁੱਸਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਹਮਾਇਤ ਕਰਨ ਵਾਲੇ ਮੰਤਰੀਆਂ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਲਾਉਣ ਦੀ ਕੜੀ ਵਜੋਂ 19 ਸਤੰਬਰ ਨੂੰ 11 ਵਜੇ ਲਾਡੀ ਢੋਸ ਵਿਧਾਇਕ ਧਰਮ ਕੋਟ ਦੇ ਘਰ ਅੱਗੇ ਵੱਡੀ ਗਿਣਤੀ ਵਿੱਚ ਧਰਨਾ ਦਿੱਤਾ ਜਾਵੇਗਾ।ਦਿਲਜੀਤ ਸਿੰਘ ਭੁੱਲਰ, ਜੱਜ ਪਾਲ ਬਾਜੇ ਕੇ, ਦਲਵੀਰ ਸਿੰਘ ਸਿੱਧੂ, ਮਨਜੋਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਦੇ ਚੀਫ ਜਸਟਿਸ ਦੀ ਨਿਯੁਕਤੀ ਦੇ ਖ਼ਿਲਾਫ਼ ਮਤਾ ਪਾਸ ਕਰ ਕੇ ਮਾਨਯੋਗ ਹਾਈ ਕੋਰਟ ਦੀ ਮਾਨਹਾਨੀ ਕੀਤੀ ਹੈ ਅਤੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੇ ਮਾਨਹਾਨੀ ਦਾ ਕੇਸ ਦਰਜ ਕੀਤਾ ਜਾਵੇ।ਅੰਤ ਵਿੱਚ ਦਫ਼ਤਰੀ ਮੁਲਾਜ਼ਮਾਂ ਦੇ ਆਗੂ ਕੁਲਦੀਪ ਸਿੰਘ ਡੀ.ਸੀ. ਦਫ਼ਤਰ ਮੋਗਾ ਨੇ ਰੈਲੀ ਧਰਨੇ ਵਿੱਚ ਸ਼ਮੂਲੀਅਤ ਕਰਨ ਵਾਲੇ ਮੁਲਾਜ਼ਮਾਂ ਪੈਨਸ਼ਨਰਾਂ ਤੇ ਕਿਸਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਸ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਪੂਰਨ ਸਹਿਯੋਗ ਦੇਵੋਂਗੇ, 12 ਸਤੰਬਰ ਨੂੰ ਸੰਧਵਾਂ ਤੇ 19 ਸਤੰਬਰ ਨੂੰ ਧਰਮਕੋਟ ਰੈਲੀਆਂ ਧਰਨਿਆਂ ਵਿੱਚ 11 ਵਜੇ ਭਰਵੀਂ ਸ਼ਮੂਲੀਅਤ ਕਰਨ ਦੀ ਪੁਰਜ਼ੋਰ ਅਪੀਲ ਕੀਤੀ।

## ਕਾਤਰਾਂ

### ਸੇਵਾ-ਮੁਕਤ ਕਰਮਚਾਰੀਆਂ ਦੀ ਮੀਟਿੰਗ


**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੇਵਾਮੁਕਤ ਕਰਮਚਾਰੀਆਂ ਦੀ ਮਹੀਨਾਵਾਰ ਮੀਟਿੰਗ ਹੋਈ, ਜਿਸ ਵਿੱਚ ਹਾਜ਼ਰੀਨਾਂ ਦੀਆਂ ਦੁੱਖ ਤਕਲੀਫ਼ਾਂ ਸੁਣੀਆਂ ਗਈਆਂ।ਇਸ ਮੌਕੇ ਮੌਜੂਦ ਸਾਰਿਆਂ ਵੱਲੋਂ ਕਿਹਾ ਗਿਆ ਕਿ ਪੰਜਾਬ ਸਰਕਾਰ ਸੇਵਾ ਮੁਕਤ ਕਰਮਚਾਰੀਆਂ ਦੇ ਡੀ ਏ ਦੇ ਬਕਾਏ ਦੇਣ ਬਾਰੇ ਟਾਲ ਮਟੋਲ ਕਰ ਰਹੀ ਹੈ, ਜਿਸ ਕਾਰਨ ਮੁਲਾਜ਼ਮਾਂ 'ਚ ਰੋਸ ਹੈ।ਉਨ੍ਹਾਂ ਮੰਗ ਕੀਤੀ ਕਿ ਡੀ ਏ ਤੁਰੰਤ ਦਿੱਤਾ ਜਾਵੇ।ਇਸ ਮੌਕੇ ਗੁਰਮੇਲ ਸਿੰਘ, ਮਲਕੀਤ ਸਿੰਘ, ਜਗਸੀਰ ਸਿੰਘ, ਸੁਖਮੰਦਰ ਸਿੰਘ, ਤੇਜ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੇਵਾ ਮੁਕਤ ਕਰਮਚਾਰੀ ਮੌਜੂਦ ਸਨ।

### ਘਰ 'ਚੋਂ ਸੋਨੇ-ਚਾਂਦੀ ਦੇ ਗਹਿਣੇ ਚੋਰੀ, ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਆਹ ਸਮਾਗਮ 'ਚ ਸ਼ਾਮਲ ਹੋਣ ਗਏ ਸਰਹਿੰਦ ਦੇ ਇੱਕ ਪਰਵਾਰ ਦੇ ਮਕਾਨ ਦੇ ਦਿਨ-ਦਿਹਾੜੇ ਤਾਲੇ ਤੋੜ ਕੇ ਚੋਰਾਂ ਵੱਲੋਂ ਕੀਮਤੀ ਗਹਿਣੇ ਚੋਰੀ ਕਰ ਲੈ ਜਾਣ ਦੀ ਸੂਚਨਾ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਸਰਹਿੰਦ ਦੇ ਸਰਹਿੰਦ ਪਬਲਿਕ ਸਕੂਲ ਨਜ਼ਦੀਕ ਰਹਿੰਦੇ ਮਨਪ੍ਰੀਤ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਅਤੇ ਉਸਦੇ ਭਰਾ ਦਾ ਸਾਰਾ ਪਰਵਾਰ ਇੱਕ ਹੀ ਮਕਾਨ ਵਿੱਚ ਹੇਠਲੀ ਤੇ ਪਹਿਲੀ ਮੰਜ਼ਲ ਤੇ ਰਹਿੰਦੇ ਹਨ ਰੋਪੜ ਵਿਖੇ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੂਰੇ ਪਰਵਾਰ ਸਮੇਤ ਬੀਤੇ ਕੱਲ੍ਹ ਸਵੇਰੇ ਕਰੀਬ 9.30 ਵਜੇ ਘਰ ਤੋਂ ਗਏ ਸਨ।ਸ਼ਾਮ ਕਰੀਬ 6 ਵਜੇ ਜਦੋਂ ਉਹ ਵਾਪਸ ਆਪਣੇ ਘਰ ਪਹੁੰਚੇ ਤਾਂ ਦੇਖਿਆ ਕਿ ਘਰ ਦੇ ਤਾਲੇ ਟੁੱਟੇ ਪਏ ਸਨ ਤੇ ਘਰ ਵਿੱਚ ਪਏ ਦੋ ਸੋਨੇ ਦੇ ਕਿੱਟੀ ਸੈੱਟ, ਦੋ ਸੋਨੇ ਦੀਆਂ ਮੁੰਦਰੀਆਂ, ਦੋ ਸੋਨੇ ਦੇ ਕੜੇ, ਤਿੰਨ ਸੋਨੇ ਦੀਆਂ ਚੂੜੀਆਂ ਤੇ ਚਾਂਦੀ ਦੇ ਗਹਿਣੇ ਚੋਰੀ ਹੋ ਚੁੱਕੇ ਸਨ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀ/ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

### 15 ਨੂੰ ਬੁੱਚੜਖਾਨੇ ਤੇ ਆਂਡੇ/ਮੀਟ ਦੀਆਂ ਦੁਕਾਨਾਂ ਬੰਦ ਰਹਿਣਗੀਆਂ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡੀ ਸੀ ਫ਼ਰੀਦਕੋਟ ਸ੍ਰੀ ਰਾਹੁਲ ਚਾਬਾ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 15-09-2026 (ਮੰਗਲਵਾਰ) ਨੂੰ ਸੰਮਤਸਰੀ ਦੇ ਪਾਵਨ ਮੌਕੇ 'ਤੇ ਜ਼ਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਬੁੱਚੜਖਾਨੇ ਅਤੇ ਆਂਡੇ/ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ।



ਪੰਜਾਬ ਪੁਲਸ ਦੇ ਏ ਐੱਸ ਆਈ ਭੁਪਿੰਦਰ ਸਿੰਘ ਮੁਲਤਾਨੀ ਦੀਆਂ ਚੰਗੀਆਂ ਸੇਵਾਵਾਂ ਨੂੰ ਵੇਖਦੇ ਹੋਏ ਐੱਸ ਐੱਸ ਪੀ ਪਟਿਆਲਾ ਸ੍ਰੀ ਹਰਮਨਦੀਪ ਸਿੰਘ ਹੰਸ ਰਾਜਪੁਰਾ ਦੇ ਏ ਐੱਸ ਆਈ ਮੁਲਤਾਨੀ ਨੂੰ ਤਰੱਕੀ ਦੇ ਕੇ ਐੱਸ ਆਈ ਦੇ ਸਟਾਰ ਲਾਉਂਦੇ ਹੋਏ।(ਫੋਟੋ ਤੇ ਵਰਵਾ : ਰਮੇਸ਼ ਕਟਾਰੀਆ, ਰਾਜਪੁਰਾ)

# ਸਾਂਝੀ ਤਾਲਮੇਲ ਕਮੇਟੀ ਦੇ ਸੱਦੇ 'ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਧਰਨਾ



**ਲੁਧਿਆਣਾ (ਸਤੀਸ਼ ਸਚਦੇਵਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ 'ਤੇ ਅਧਾਰਤ ਬਣੀ ਸਾਂਝੀ ਤਾਲਮੇਲ ਕਮੇਟੀ ਦੇ ਸੱਦੇ 'ਤੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰਜ਼ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਦਿਨ ਭਰ ਦਾ ਰੋਹ ਭਰਿਆ ਧਰਨਾ ਦਿੱਤਾ।ਮੁਲਾਜ਼ਮਾਂ ਨੇ ਅੱਜ ਕਲਮ ਛੋੜ ਹੜਤਾਲ ਕੀਤੀ, ਵੱਡੀ ਗਿਣਤੀ ਵਿੱਚ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਕਿਸਾਨ ਇਸ ਮੌਕੇ ਧਰਨੇ ਵਿੱਚ ਸ਼ਾਮਲ ਹੋਏ।ਪੰਜਾਬ ਸਰਕਾਰ ਮੁਲਾਜ਼ਮਾਂ/ਪੈਨਸ਼ਨਰਾਂ ਨੂੰ 42% ਡੀ ਏ ਦੇ ਰਹੀ ਹੈ, ਜਦੋਂਕਿ ਦੇਸ਼ ਭਰ ਦੀਆਂ ਰਾਜ ਸਰਕਾਰਾਂ 60% ਮਹਿੰਗਾਈ ਭੱਤਾ ਦੇ ਰਹੀ ਹੈ। ਅੱਜ ਚੀਨੀ, ਪਿਆਜ਼, ਸਰ੍ਹੋਂ ਦਾ ਤੇਲ ਤੇ ਹੋਰ ਰਸੋਈ ਦੀਆਂ ਚੀਜ਼ਾਂ ਦੇ ਭਾਅ ਅਸਮਾਨੀ ਚੜ੍ਹ ਗਏ ਹਨ।ਬਹੁਤ ਦੁੱਖ ਦੀ ਗੱਲ ਹੈ ਕਿ ਸਰਕਾਰ ਨੇ ਸਾਢੇ ਚਾਰ ਸਾਲਾਂ ਵਿੱਚ ਮੁਲਾਜ਼ਮਾਂ/ਪੈਨਸ਼ਨਰਾਂ ਨਾਲ ਇੱਕ ਵੀ ਮੀਟਿੰਗ ਨਹੀਂ ਕੀਤੀ।ਪੈਨਸ਼ਨਜ਼ ਮੰਗ ਕਰ ਰਹੇ ਕਿ 2.59 ਦੇ ਗੁਣਾਂਕ ਨਾਲ ਪੈਨਸ਼ਨ ਫਿਕਸ ਕੀਤੀ ਜਾਵੇ, ਸਾਰੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, 17 ਜੁਲਾਈ 2020 ਦਾ ਪੱਤਰ ਰੱਦ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।ਅੱਜ ਦੇ ਧਰਨੇ ਨੂੰ ਪੈਨਸ਼ਨਰ ਭਵਨ ਲੁਧਿਆਣਾ ਤੋਂ ਸਤੀਸ਼ ਸਚਦੇਵਾ, ਗੁਰਚਰਨ ਸਿੰਘ ਦੁੱਗਾ, ਸੁਖਵਿੰਦਰ ਸਿੰਘ, ਬਲਜਿੰਦਰ ਸਿੰਘ, ਗੁਰਬਾਜ ਸਿੰਘ, ਹਰਪ੍ਰੀਤ ਸਿੰਘ, ਸੱਤਪਾਲ, ਰਣਧੀਰ ਸਿੰਘ, ਪੀ ਏ ਯੂ ਤੋਂ ਜਸਵੰਤ ਸਿੰਘ ਜੀਰਖ, ਸਫਾਈ ਕਰਮਚਾਰੀ ਯੂਨੀਅਨ ਲੁਧਿਆਣਾ ਤੋਂ ਕਾਮਰੇਡ ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ, ਕਿਸਾਨ ਆਗੂ ਉਗਰਾਹਾਂ ਦੇ ਸੁਦਾਗਰ ਸਿੰਘ ਘੁਡਾਣੀ, ਗੁਰਮੇਲ ਮੈਲਡੇ, ਵਿਜੇ ਮਰਜਾਰਾ, ਸੁਸ਼ੀਲ ਕੁਮਾਰ ਪੈਨਸ਼ਨਰ ਭਵਨ ਲੁਧਿਆਣਾ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਗੁਰਚਰਨ ਸਿੰਘ ਨੇ ਬਾਖੂਬੀ ਚਲਾਈ।

# ਪਾਇਲਟ ਦੀ ਅਗਵਾਈ 'ਚ ਪੰਜਾਬ ਕਾਂਗਰਸ ਹੋਵੇਗੀ ਹੋਰ ਮਜ਼ਬੂਤ : ਰਾਜਿੰਦਰ ਸਿੰਘ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਰਾਹੁਲ ਗਾਂਧੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਕਾਂਗਰਸ ਹਾਈਕਮਾਂਡ ਵੱਲੋਂ ਵੱਡਾ ਸੰਗਠਨਾਤਮਕ ਫੈਸਲਾ ਲੈਂਦਿਆਂ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ।ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦੀ ਜ਼ਿੰਮੇਵਾਰੀ ਮਿਲਣ 'ਤੇ ਸਮਾਣਾ ਹਲਕੇ ਤੋਂ ਸਾਬਕਾ ਵਿਧਾਇਕ ਤੇ ਸੀਨੀਅਰ ਕਾਂਗਰਸੀ ਆਗੂ ਰਾਜਿੰਦਰ ਸਿੰਘ ਨੇ ਸਾਚਿਨ ਪਾਇਲਟ ਦੀ ਰਿਹਾਇਸ਼ 'ਤੇ ਉਨ੍ਹਾਂ ਦੇ ਬੁਲਾਵੇ 'ਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਰਾਜਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਬਣਨ 'ਤੇ ਵਧਾਈ ਦਿੱਤੀ। ਰਾਜਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਲਾਕਾਤ ਸਮੇਂ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਬਾਰੇ ਰਣਨੀਤੀ ਤਿਆਰ ਕਰਨ ਤੇ ਪੰਜਾਬ ਅੰਦਰ ਕਾਂਗਰਸ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਰਾਜਿੰਦਰ ਸਿੰਘ ਨੇ ਪਾਇਲਟ ਦੀ ਨਿਯੁਕਤੀ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦਾ ਸਵਾਗਤ ਕੀਤਾ।ਉਨ੍ਹਾਂ ਕਿਹਾ ਕਿ ਸਚਿਨ ਪਾਇਲਟ ਇੱਕ ਨੌਜਵਾਨ, ਤਜਰਬੇਕਾਰ ਤੇ ਲੋਕਾਂ ਨਾਲ ਜੁੜੇ ਹੋਏ ਆਗੂ ਹਨ।ਉਨ੍ਹਾਂ ਦੀ ਨਿਯੁਕਤੀ ਨਾਲ ਪੰਜਾਬ ਵਿੱਚ ਕਾਂਗਰਸ ਨੂੰ ਨਵੀਂ ਊਰਜਾ ਤੇ ਮਜ਼ਬੂਤੀ ਮਿਲੇਗੀ।ਉਨ੍ਹਾਂ ਕਿਹਾ ਕਿ ਸਚਿਨ ਪਾਇਲਟ ਦੇ ਪੰਜਾਬ ਇੰਚਾਰਜ ਬਣਨ ਨਾਲ ਕਾਂਗਰਸੀ ਵਰਕਰਾਂ ਵਿੱਚ ਨਵਾਂ ਜੋਸ਼ ਪੈਦਾ ਹੋਵੇਗਾ ਤੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਾਂਗਰਸ ਹਾਈਕਮਾਂਡ ਵੱਲੋਂ ਲਏ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਦੇ ਕਾਂਗਰਸੀ ਆਗੂ ਤੇ ਵਰਕਰ ਸਚਿਨ ਪਾਇਲਟ ਦਾ ਪੂਰੇ ਉਤਸ਼ਾਹ ਨਾਲ ਸਵਾਗਤ ਕਰਨਗੇ। ਰਾਜਿੰਦਰ ਨੇ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦੀ ਨਵੀਂ ਜ਼ਿੰਮੇਵਾਰੀ ਲਈ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਨਵੀਂ ਦਿਸ਼ਾ ਵਿੱਚ ਅੱਗੇ ਵਧੇਗੀ ਤੇ ਪਾਰਟੀ ਦਾ ਸੰਗਠਨਾਤਮਕ ਢਾਂਚਾ ਹੋਰ ਮਜ਼ਬੂਤ ਹੋਵੇਗਾ।

# ਪੀ ਜੀ ਆਈ ਦੇ ਪ੍ਰੋ. ਕੁਸ਼ਲਜੀਤ ਸੋਢੀ ਨੂੰ ਮਿਲਿਆ ਰਾਸ਼ਟਰੀ ਓਰੇਸ਼ਨ ਸਨਮਾਨ

**ਸਮਰਾਲਾ (ਸੁਰਜੀਤ ਸਿੰਘ)**



ਪੀਜੀਆਈ ਚੰਡੀਗੜ੍ਹ ਦੇ ਰੇਡੀਓਡਾਇਗਨੋਸਿਸ ਵਿਭਾਗ ਦੇ ਪ੍ਰੋ. ਕੁਸ਼ਲਜੀਤ ਸਿੰਘ ਸੋਢੀ ਨੂੰ ਸੋਸਾਇਟੀ ਆਫ਼ ਐਮਰਜੈਂਸੀ ਰੇਡੀਓਲੋਜੀ ਓਰੇਸ਼ਨ 2026 ਨਾਲ ਸਨਮਾਨਤ ਕੀਤਾ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਹ ਵੱਕਾਰੀ ਸਨਮਾਨ 4 ਤੋਂ 6 ਸਤੰਬਰ ਤੱਕ ਰਿਸ਼ੀਕੇਸ਼ ਵਿਖੇ ਆਯੋਜਿਤ ਸੋਸਾਇਟੀ ਆਫ਼ ਐਮਰਜੈਂਸੀ ਰੇਡੀਓਲੋਜੀ ਦੀ 13ਵੀਂ ਸਾਲਾਨਾ ਕਾਨਫਰੰਸ ਦੌਰਾਨ ਪ੍ਰਦਾਨ ਕੀਤਾ ਗਿਆ।ਪ੍ਰੋ. ਸੋਢੀ ਨੇ ਇਸ ਮੌਕੇ ਬੱਚਿਆਂ ਵਿੱਚ ਛਾਤੀ ਸਬੰਧੀ ਐਮਰਜੈਂਸੀ : ਇਮੇਜਿੰਗ ਦੀਆਂ ਚੁਣੌਤੀਆਂ ਤੇ ਬਦਲਦੇ ਪੈਰਾਡਾਈਮ ਵਿਸ਼ੇ 'ਤੇ ਓਰੇਸ਼ਨ ਦਿੱਤੀ।ਉਨ੍ਹਾਂ ਇਮੇਜਿੰਗ ਦੇ ਖੇਤਰ ਵਿੱਚ ਹੋਈਆਂ ਤਰੱਕੀਆਂ ਤੇ ਐਮਰਜੈਂਸੀ ਮੈਡੀਕਲ ਦੇਖਭਾਲ 'ਤੇ ਇਸ ਦੇ ਪੈ ਰਹੇ ਪ੍ਰਭਾਵ ਨੂੰ ਉਜਾਗਰ ਕੀਤਾ। ਇਹ ਸਨਮਾਨ ਪੀਡੀਆਟ੍ਰਿਕ ਰੇਡੀਓਲੋਜੀ ਤੇ ਐਮਰਜੈਂਸੀ ਇਮੇਜਿੰਗ ਦੇ ਖੇਤਰ ਵਿੱਚ ਪ੍ਰੋ. ਸੋਢੀ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੰਦਾ ਹੈ।

# ਪੈਨਸ਼ਨਰਾਂ ਵੱਲੋਂ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀਆਂ ਦੀ ਅਲੋਚਨਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਦੀ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ ਸਾਥੀ ਰਾਮ ਸਰੂਪ ਢੈਪਈ, ਪ੍ਰਧਾਨ ਦੀ ਪ੍ਰਧਾਨਗੀ ਹੇਠ ਪੈਨਸ਼ਨ ਭਵਨ ਵਿਖੇ ਹੋਈ।ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ।ਐਸੋਸੀਏਸ਼ਨ ਵਿੱਚ ਨਵੇਂ ਸ਼ਾਮਲ ਹੋਏ ਮੈਂਬਰ ਕੇਵਲ ਸਿੰਘ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਾ ਹਾਰ ਪਾ ਕੇ ਸਵਾਗਤ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਦੀਆਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਪ੍ਰਤੀ ਅਪਣਾਈਆਂ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ।ਬੁਲਾਰਿਆਂ ਨੇ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਦਾ ਹੱਲ ਕਰਨ ਦੀ ਬਜਾਏ ਸਰਕਾਰ ਵੱਲੋਂ ਮਾਮਲੇ ਨੂੰ ਲਗਾਤਾਰ ਲਟਕਾਇਆ ਜਾ ਰਿਹਾ ਹੈ।ਪੈਨਸ਼ਨਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਪੰਜਾਬ ਦੇ ਮੁਲਾਜ਼ਮਾਂ 'ਤੇ ਕੇਂਦਰੀ ਤਨਖਾਹ ਸਕੇਲ ਥੋਪਣ ਦਾ ਫੈਸਲਾ ਰੱਦ ਕੀਤਾ ਜਾਵੇ ਤੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ।ਇਸ ਤੋਂ ਇਲਾਵਾ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਸਬੰਧਤ ਹੋਰ ਲੰਬਿਤ ਮੰਗਾਂ ਦਾ ਵੀ ਜਲਦ ਨਿਪਟਾਰਾ ਕਰਨ ਦੀ ਮੰਗ ਕੀਤੀ ਗਈ।ਮੀਟਿੰਗ ਨੂੰ ਜੀਤ ਸਿੰਘ ਬੰਗਾ, ਵਿਸ਼ਵਕਾਂਤ ਸ਼ਰਮਾ, ਪਵਨ ਕੁਮਾਰ, ਦਰਸ਼ਨ ਸਿੰਘ ਥਾਣੇਦਾਰ, ਅੰਗਰੇਜ਼ ਸਿੰਘ ਚੀਮਾ, ਤਰਸੇਮ ਸਿੰਘ ਮਹਿਰੋਕ, ਕਰਮ ਸਿੰਘ ਮਹਿਲਾਂ, ਬਿਰਜ ਲਾਲ ਧੀਮਾਨ, ਭੁਪਿੰਦਰ ਸਿੰਘ ਛਾਜਲੀ, ਹਰਨੇਕ ਸਿੰਘ ਨੱਥੋ ਅਤੇ ਜਸਵੰਤ ਸਿੰਘ ਅਸਮਾਨੀ ਨੇ ਸੰਬੋਧਨ ਕੀਤਾ।ਮੀਟਿੰਗ ਦੇ ਅੰਤ ਵਿੱਚ ਆਗੂਆਂ ਨੇ ਸਮੂਹ ਪੈਨਸ਼ਨਰਾਂ ਨੂੰ 13 ਸਤੰਬਰ ਦੇ ਵੱਡੇ ਪੱਧਰ 'ਤੇ ਹੋਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਵਪਾਰੀ ਤੇ ਸਨਅਤਕਾਰ ਸੂਬੇ ਦੀ ਆਰਥਿਕਤਾ ਦੀ ਅਸਲ ਰੀੜ੍ਹ ਦੀ ਹੱਡੀ : ਓ ਐੱਸ ਡੀ ਸੁਖਵੀਰ ਸਿੰਘ

## ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਬਲਾਕ ਧੂਰੀ ਦੀ ਪਲੇਠੀ ਮੀਟਿੰਗ



**ਧੂਰੀ (ਮੋਹਿਤ ਗਰਗ)**-ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਬਲਾਕ ਧੂਰੀ ਵੱਲੋਂ ਸੰਸਥਾ ਦੀ ਪਲੇਠੀ ਜਨਰਲ ਹਾਊਸ ਮੀਟਿੰਗ ਪ੍ਰਧਾਨ ਸ਼ਸ਼ੀ ਭੂਸ਼ਣ ਬਾਂਸਲ ਦੀ ਯੋਗ ਅਗਵਾਈ ਹੇਠ ਕਰਵਾਈ ਗਈ।ਇਸ ਵਿਸ਼ੇਸ਼ ਇਕੱਤਰਤਾ ਵਿੱਚ ਇਲਾਕੇ ਦੇ ਸਮੂਹ ਉਦਯੋਗਪਤੀਆਂ, ਵਪਾਰੀਆਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।ਮੀਟਿੰਗ ਵਿੱਚ ਮੁੱਖ ਮੰਤਰੀ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ, ਜਦਕਿ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਫੂਡ ਕਮਿਸ਼ਨ ਦੇ ਮੈਂਬਰ ਜੱਸੀ ਸੇਖੋਂ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਚੇਅਰਮੈਨ ਸਤਿੰਦਰ ਸਿੰਘ ਚੱਠਾ, ਡੀ ਐੱਸ ਪੀ ਧੂਰੀ ਗੁਰਪ੍ਰੀਤ ਸਿੰਘ, ਪਾਵਰਕਾਮ ਦੇ ਐਕਸੀਅਨ ਇੰਦਰਜੀਤ ਸਿੰਘ, ਮਨੋਜ ਗਰਗ ਅਤੇ ਐੱਸ ਐੱਚ ਓ ਸਿਟੀ ਰਮਨਦੀਪ ਸਿੰਘ ਬਾਵਾ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਮੂਲੀਅਤ ਕੀਤੀ।ਇਸ ਸਮਾਗਮ ਦੌਰਾਨ ਨਗਰ ਕੌਂਸਲ ਦੇ ਸਮੂਹ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸ਼ੈਟੀ ਸਿੰਗਲਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਉਦਯੋਗਪਤੀਆਂ ਨੂੰ ਦਰਪੇਸ਼ ਮੁੱਖ ਮੁਸ਼ਕਲਾਂ ਤੇ ਚੁਣੌਤੀਆਂ ਨੂੰ ਵਿਸਥਾਰਪੂਰਵਕ ਰੱਖਿਆ। ਮੀਟਿੰਗ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਇੰਡਸਟਰੀ ਨੂੰ ਉਤਸ਼ਾਹਤ ਕਰਨ ਲਈ ਆਪਣੇ ਸੁਝਾਅ ਦਿੱਤੇ ਤੇ ਸਮੱਸਿਆਵਾਂ ਉਠਾਈਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਵਪਾਰੀ ਅਤੇ ਸਨਅਤਕਾਰ ਸੂਬੇ ਦੀ ਆਰਥਿਕਤਾ ਦੀ ਅਸਲ ਰੀੜ੍ਹ ਦੀ ਹੱਡੀ ਹਨ।ਸਰਕਾਰ ਦਾ ਮੁੱਖ ਮਨੋਰਥ ਵਪਾਰੀਆਂ ਨੂੰ ਕਾਰੋਬਾਰ ਲਈ ਇੱਕ ਸੁਖਾਵਾਂ ਤੇ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣਾ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਵਪਾਰੀਆਂ ਦੀਆਂ ਸਾਰੀਆਂ ਜਾਇਜ਼ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਰਾਈਸਿਲਾ ਦੇ ਸੀ ਐੱਮ ਡੀ ਏ ਆਰ ਸ਼ਰਮਾ, ਪ੍ਰਸ਼ੋਤਮ ਦਾਸ ਗਰਗ, ਵਿਜੈ ਕੁਮਾਰ ਗੋਇਲ, ਮੱਖਣ ਲਾਲ ਗਰਗ, ਗੁਰਬਖਸ਼ ਸਿੰਘ ਗੁੱਡੂ ਚੇਅਰਮੈਨ, ਸੈਕਟਰੀ ਤੇਜਿੰਦਰ ਨੰਨੜੇ, ਚੰਦਨ ਮਿੱਤਲ ਕੈਫੀ, ਸੰਜੇ ਗੋਇਲ, ਅਮਿਤ ਗੋਇਲ, ਦਰਸ਼ਨ ਸਿੰਘ ਜੇ. ਡੀ., ਜੀਵਨ ਜੈਨ, ਮੁਕੇਸ਼ ਸਿੰਗਲਾ, ਮਨੂ ਕਾਂਸਲ, ਜਸਵਿੰਦਰ ਸਿੰਘ ਬਿੱਲੂ, ਵਿਨੋਦ ਗਰਗ ਤੇ ਰੋਮੀ ਸਿੰਗਲਾ ਸਮੇਤ ਹੋਰ ਹਾਜ਼ਰ ਸਨ।

# ਪੁਰਾਣੀ ਰੰਜਿਸ਼ ਦੇ ਚਲਦਿਆਂ 2 ਧਿਰਾਂ ਵਿਚਾਲੇ ਖ਼ੂਨੀ ਟਕਰਾਅ, 6 ਜ਼ਖ਼ਮੀ

**ਜ਼ੀਰਾ (ਨਰਿੰਦਰ ਅਨੇਜਾ)**-ਪੁਰਾਣਈ ਰੰਜਿਸ਼ ਨੂੰ ਲੈ ਕੇ ਪਿੰਡ ਮੱਲੇਸ਼ਾਹ ਵਿਖੇ 2 ਧਿਰਾਂ ਵਿਚਾਲੇ ਖ਼ੂਨੀ ਟਕਰਾਅ ਦੌਰਾਨ ਦੋਵਾਂ ਧਿਰਾਂ ਦੇ 6 ਵਿਅਕਤੀ ਜ਼ਖ਼ਮੀ ਹੋ ਗਏ।ਜ਼ੀਰਾ ਪੁਲਸ ਵੱਲੋਂ ਦੋਵਾਂ ਧਿਰਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਸਿਵਲ ਹਸਪਤਾਲ ਜ਼ੀਰਾ ਵਿਖੇ ਇਲਾਜ ਅਧੀਨ ਸੰਗਤਪਾਲ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਮੱਲੇਸ਼ਾਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 6 ਸਤੰਬਰ ਨੂੰ ਉਹ ਜ਼ੀਰਾ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਰੈਲੀ ਵਿੱਚ ਆਏ ਸੀ।ਉਸ ਨੇ ਦੱਸਿਆ ਕਿ ਇਸ ਗੱਲ ਤੋਂ ਖਫਾ ਹੋਏ ਲਖਵੀਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਮਹੱਲੇ ਸ਼ਾਹ ਨੇ ਸ਼ਾਮ ਸਮੇਂ ਆਪਣੀ ਗਲੀ ਵਿੱਚੋਂ ਲੰਘਦਿਆਂ ਮੋਟਰਸਾਈਕਲ 'ਤੇ ਸਾਡਾ ਪਿੱਛਾ ਕਰਦਿਆਂ ਗਾਲਾਂ ਕੱਢੀਆਂ।ਸੰਗਤਪਾਲ ਸਿੰਘ ਨੇ ਦੱਸਿਆ ਕਿ ਏਸੇ ਗੱਲ ਨੂੰ ਲੈ ਕੇ ਅੱਜ ਸਵੇਰੇ ਫਿਰ ਦੋਵਾਂ ਧਿਰਾਂ 'ਚ ਆਪਸੀ ਤਕਰਾਰ ਹੋਇਆ ਤਾਂ ਅਸੀਂ ਆਪਣੀ ਬਰਾਦਰੀ ਦੇ ਬੰਦੇ ਇਕੱਠੇ ਕਰ ਲਏ।ਉਸ ਨੇ ਦੱਸਿਆ ਕਿ ਇਸ ਦੌਰਾਨ ਲਖਵੀਰ ਸਿੰਘ ਪਿਸਤੌਲ ਕੱਢ ਲਿਆਇਆ ਤੇ ਉਸ ਨੇ 5-6 ਰਾਊਂਡ ਫਾਇਰ ਕੀਤੇ, ਜਿਸ ਵਿੱਚ ਮੇਰੇ ਤੋਂ ਇਲਾਵਾ ਮੇਰਾ ਭਰਾ ਗੋਬਿੰਦ ਸਿੰਘ, ਜਸ਼ਨਦੀਪ ਸਿੰਘ ਪੁੱਤਰ ਸੁਖਦੀਪ ਸਿੰਘ ਤੇ ਸੁਖਮਨ ਸਿੰਘ ਪੁੱਤਰ ਸਤਨਾਮ ਸਿੰਘ ਵਾਸੀਆਨ ਪਿੰਡ ਮੱਲੇਸ਼ਾਹ ਜ਼ਖ਼ਮੀ ਹੋ ਗਏ।ਇਸ ਦੌਰਾਨ ਜ਼ਖ਼ਮੀ ਵਿਅਕਤੀਆਂ ਦੀ ਧਿਰ ਵੱਲੋਂ ਵੀ ਲਖਵੀਰ ਸਿੰਘ ਦਾ ਟਰੈਕਟਰ ਖੋਹ ਕੇ ਉਸ ਦੇ ਸੱਟਾਂ ਮਾਰਨ ਦੀ ਜਾਣਕਾਰੀ ਮਿਲੀ ਹੈ।ਸਾਰੇ ਜ਼ਖ਼ਮੀਆਂ ਦੀ ਹਾਲਤ ਗੰਭੀਰ ਹੋਣ ਕਰਕੇ ਡਾਕਟਰਾਂ ਨੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਹੈ। ਇਸ ਸਬੰਧੀ ਜਦੋਂ ਡੀ.ਐੱਸ.ਪੀ. ਜ਼ੀਰਾ ਜਸਪਾਲ ਸਿੰਘ ਢਿੱਲੋਂ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਪਿੰਡ ਮੱਲੇਸ਼ਾਹ ਵਿਖੇ ਦੋਵਾਂ ਧਿਰਾਂ ਦੀ ਹੋਈ ਲੜਾਈ ਦੌਰਾਨ ਚੱਲੀ ਗੋਲੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੋਵਾਂ ਧਿਰਾਂ ਦੀ ਕੋਈ ਰਾਜਨੀਤਕ ਲੜਾਈ ਨਹੀਂ ਹੋਈ, ਬਲਕਿ ਦੋਵਾਂ ਧਿਰਾਂ ਦੀ ਪਿੰਡ ਪੱਧਰ 'ਤੇ ਪਹਿਲਾਂ ਤੋਂ ਹੀ ਆਪਸੀ ਰੰਜਿਸ਼ ਚੱਲ ਰਹੀ ਸੀ ਅਤੇ ਪਰਸੋਂ ਵੀ ਇਨ੍ਹਾਂ ਦਾ ਆਪਸ ਵਿੱਚ ਝਗੜਾ ਹੋਇਆ ਸੀ।ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਵਿੱਚੋਂ ਇੱਕ ਧਿਰ ਦੇ ਚਾਰ ਤੇ ਦੂਸਰੀ ਧਿਰ ਦੇ 2 ਵਿਅਕਤੀ ਜ਼ਖ਼ਮੀ ਹੋਏ ਹਨ ਅਤੇ ਦੋਵਾਂ ਧਿਰਾਂ ਖਿਲਾਫ ਕਰਾਸ ਕੇਸ ਦਰਜ ਕੀਤਾ ਜਾ ਰਿਹਾ ਹੈ।

# ਸਾਂਝਾ ਮੁਲਾਜ਼ਮ ਮੰਚ ਵੱਲੋਂ ਇੱਕ ਦਿਨਾ ਕਲਮਛੋੜ ਹੜਤਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਪੰਜਾਬ ਦੇ ਲੱਖਾਂ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਲਈ ਵਿੱਢਿਆ ਗਿਆ ਸੰਘਰਸ਼ ਦਿਨ ਪ੍ਰਤੀ ਦਿਨ ਹੋਰ ਤਿੱਖਾ ਹੁੰਦਾ ਜਾ ਰਿਹਾ ਹੈ, ਜਿਸ ਦੇ ਚਲਦਿਆਂ ਆਉਣ ਵਾਲੇ ਸਮੇਂ ਵਿੱਚ ਵੱਡੇ ਐਕਸ਼ਨ ਦੇਖਣ ਨੂੰ ਮਿਲਣਗੇ।ਸਾਂਝਾ ਮੁਲਾਜ਼ਮ ਮੰਚ ਤੇ ਸਾਂਝੀ ਤਾਲਮੇਲ ਕਮੇਟੀ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨ, ਤਨਖਾਹ ਕਮਿਸ਼ਨ ਦੇ ਬਕਾਏ ਅਦਾ ਕਰਨ, ਕੱਚੇ ਮੁਲਾਜ਼ਮ ਪੱਕੇ ਕਰਨ ਤੇ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ ਆਦਿ ਮੰਗਾਂ ਦੀ ਪੂਰਤੀ ਲਈ ਆਉਣ ਵਾਲੇ 2 ਮਹੀਨਿਆਂ ਦੇ ਸੰਘਰਸ਼ ਦੀ ਰੂਪ ਰੇਖਾ ਉਲੀਕ ਲਈ ਹੈ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਰਾਜ ਮਨਿਸਟਰੀਅਲ ਸਰਵਿਸਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ, ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਤੇ ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਦੀਆਂ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਾਂਝਾ ਮੁਲਾਜ਼ਮ ਮੰਚ ਦੇ ਝੰਡੇ ਹੇਠ 27 ਅਗਸਤ ਨੂੰ ਸਮੂਹਿਕ ਛੁੱਟੀ ਲੈ ਕੇ ਮਹਾਂ ਹੜਤਾਲ ਕੀਤੀ ਗਈ ਸੀ, ਜਿਸ ਉਪਰੰਤ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਦਬਾਅ ਪਾਉਣ ਦੇ ਮਨਸ਼ੇ ਨਾਲ ਸਮੂਹਕ ਛੁੱਟੀ ਲੈਣ ਵਾਲੇ ਕਰਮਚਾਰੀਆਂ ਦੀਆਂ ਲਿਸਟਾਂ ਮੰਗੀਆਂ ਗਈਆਂ ਸਨ।ਸਾਂਝਾ ਮੁਲਾਜ਼ਮ ਮੰਚ ਵੱਲੋਂ ਸਰਕਾਰ ਨੂੰ 7 ਸਤੰਬਰ ਤੱਕ ਇਹ ਮੁਲਾਜ਼ਮ ਵਿਰੋਧੀ ਪੱਤਰ ਵਾਪਸ ਲੈਣ ਦਾ ਨੋਟਿਸ ਦਿੱਤਾ ਗਿਆ ਸੀ, ਪ੍ਰੰਤੂ ਸਰਕਾਰ ਵੱਲੋਂ ਮੁਲਾਜ਼ਮ ਮੰਚ ਦੇ ਨੋਟਿਸ ਦੀ ਪ੍ਰਵਾਹ ਨਹੀਂ ਕੀਤੀ ਗਈ, ਜਿਸਦੇ ਰੋਸ ਵਜੋਂ 8 ਸਤੰਬਰ ਨੂੰ ਕਲਮਛੋੜ ਹੜਤਾਲ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਮੁਲਾਜ਼ਮ ਮੰਚ ਵੱਲੋਂ ਲਏ ਗਏ ਫੈਸਲੇ ਅਨੁਸਾਰ 12 ਤੇ 13 ਸਤੰਬਰ ਨੂੰ ਪੰਜਾਬ ਕੈਬਨਿਟ ਦੇ ਮੰਤਰੀਆਂ ਦੇ ਘਿਰਾਓ ਕੀਤੇ ਜਾਣਗੇ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮੁਲਾਜ਼ਮ ਸ਼ਾਮਲ ਹੋਣਗੇ।ਇਸ ਤੋਂ ਇਲਾਵਾ 19 ਤੇ 20 ਸਤੰਬਰ ਨੂੰ ਵੀ ਰਹਿੰਦੇ ਮੰਤਰੀਆਂ ਦੇ ਘਿਰਾਓ ਕੀਤੇ ਜਾਣਗੇ, ਜਦਕਿ 30 ਸਤੰਬਰ ਨੂੰ ਚੰਡੀਗੜ੍ਹ ਵਿਖੇ ਮੁਲਾਜ਼ਮ ਸੈਸ਼ਨ ਲਗਾਇਆ ਜਾਵੇਗਾ, ਜਿਸ ਵਿੱਚ ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰਾਂ ਨੂੰ ਬਕਾਇਦਾ ਸੱਦਾ ਪੱਤਰ ਭੇਜਿਆ ਜਾਵੇਗਾ, ਇਸ ਤੋਂ ਇਲਾਵਾ 10 ਅਕਤੂਬਰ ਨੂੰ ਸੰਗਰੂਰ ਵਿਖੇ ਸੂਬਾ ਪੱਧਰੀ ਮਹਾਂਰੈਲੀ ਕੀਤੀ ਜਾਵੇਗੀ, ਜਿਸ ਵਿੱਚ ਲੱਖਾਂ ਮੁਲਾਜ਼ਮ ਤੇ ਪੈਨਸ਼ਨਰ ਸ਼ਾਮਲ ਹੋਣਗੇ।ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਫਿਰ ਵੀ ਪੂਰੀਆਂ ਨਾ ਕੀਤੀਆਂ ਤਾਂ 21 ਤੇ 22 ਅਕਤੂਬਰ ਨੂੰ ਸਮੁੱਚੇ ਪੰਜਾਬ ਦੇ ਮੁਲਾਜ਼ਮ ਸਮੂਹਕ ਛੁੱਟੀ ਲੈ ਕੇ ਆਰ-ਪਾਰ ਦੀ ਲੜਾਈ ਸ਼ੁਰੂ ਕਰਨ ਲਈ ਮਜਬੂਰ ਹੋਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨੋਹਰ ਲਾਲ ਸ਼ਰਮਾ (ਗੌਰਮਿੰਟ ਟੀਚਰਜ਼ ਯੂਨੀਅਨ), ਕਰਮਜੀਤ ਸ਼ਰਮਾ (ਗੌਰਮਿੰਟ ਪੈਂਸ਼ਨ ਯੂਨੀਅਨ), ਸੁਖਵਿੰਦਰ ਸਿੰਘ ਦੋਦਾ, ਪਰਮਜੀਤ ਸਿੰਘ ਜੀ.ਟੀ.ਯੂ., ਸੁਖਦੇਵ ਮੁਹੰਮਦ, ਕਾਨੂੰਗੋ ਐਸੋਸੀਏਸ਼ਨ, ਹਰਜਿੰਦਰ ਸਿੰਘ ਪਟਵਾਰ ਯੂਨੀਅਨ, ਕੁਲਦੀਪ ਸਿੰਘ ਡਰਾਈਵਰ ਯੂਨੀਅਨ, ਓਂਕਾਰ ਸਿੰਘ, ਮੇਜਰ ਸਿੰਘ ਪੰਜਾਬ ਰੋਡਵੇਜ਼, ਮੇਜਰ ਸਿੰਘ ਬਿਜਲੀ ਬੋਰਡ, ਬਲਵੰਤ ਸਿੰਘ ਤੇ ਹੋਰ ਬਹੁਤ ਸਾਰੇ ਰਿਟਾਇਰਡ ਤੇ ਵਿਭਾਗਾਂ ਦੇ ਸਾਥੀ ਮੌਜੂਦ ਸਨ।

**12-13 ਨੂੰ ਕੈਬਨਿਟ ਮੰਤਰੀਆਂ ਦਾ ਘਿਰਾਓ**

# ਸੁਖਾਨੰਦ ਨੇ ਵਾਰਡ 6 'ਚ ਬਣੇ ਪਾਰਕ ਦਾ ਕੀਤਾ ਉਦਘਾਟਨ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸ਼ਹਿਰ ਵਾਸੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਪਾਰਕ ਦੀ ਮੰਗ ਹੁਣ ਪੂਰੀ ਹੋਣ ਜਾ ਰਹੀ ਹੈ।ਵਾਰਡ ਨੰਬਰ 6 ਤੋਂ ਕੌਂਸਲਰ ਮਨਦੀਪ ਕੱਕੜ ਵੱਲੋਂ ਕੀਤੇ ਗਏ ਯਤਨਾਂ ਸਦਕਾ ਸ਼ਹਿਰ ਵਿੱਚ 78 ਲੱਖ ਰੁਪਏ ਦੀ ਲਾਗਤ ਨਾਲ ਸੈਰਗਾਹ ਪਾਰਕ ਦਾ ਨਿਰਮਾਣ ਕੀਤਾ ਜਾਵੇਗਾ।ਇਸ ਪਾਰਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਕੀਤਾ ਗਿਆ।ਵਾਈਸ ਪ੍ਰਧਾਨ ਧਰਮਿੰਦਰ ਸਿੰਘ ਰਖਰਾ, ਕੌਂਸਲਰ ਸੋਨੀਆ, ਕੌਂਸਲਰ ਪ੍ਰਿਥੀ ਸਿੰਘ, 'ਆਪ' ਆਗੂ ਜਸਵੰਤ ਸਿੰਘ, ਬਲਾਕ ਪ੍ਰਧਾਨ ਅਰਵਿੰਦਰ ਭਾਟੀਆ, ਪ੍ਰੀਤਮ ਸਿੰਘ ਪ੍ਰਧਾਨ, ਜੰਗੀਰ ਸਿੰਘ, ਸੁਨੀਲ ਠਕੁਰਾਲ, ਸ਼ਿਵ ਸ਼ਰਮਾ, ਰਾਮ ਸਿੰਗਲਾ, ਯੋਗੇਸ਼ ਬਾਂਸਲ ਯੋਗੀ, ਰਾਹੁਲ ਗਰਗ, ਪਵਨ ਠਕੁਰਾਲ, ਨਿਸ਼ਾਂਤ ਗਾਂਧੀ, ਪ੍ਰਦੀਪ ਬਾਂਸਲ, ਵਿੱਕੀ, ਰਾਜੀਵ ਮਿੱਤਲ, ਅਮਿਤ ਜਿੰਦਲ, ਸਾਹਿਲ ਠਕੁਰਾਲ, ਜੁਗੁ ਸ਼ਰਮਾ ,ਵਿਵੇਕ ਨੌਹਰੀਆ, ਇੰਦਰ ਸਿੰਗਲਾ, ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਸ਼ਹਿਰ ਵਿੱਚ ਲੰਮੇ ਸਮੇਂ ਤੋਂ ਕੋਈ ਵੱਡਾ ਪਾਰਕ ਨਾ ਹੋਣ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਸ਼ਹਿਰ ਵਾਸੀਆਂ ਕੋਲ ਸੈਰ ਕਰਨ ਜਾਂ ਸਵੇਰ-ਸ਼ਾਮ ਸਮਾਂ ਬਿਤਾਉਣ ਲਈ ਢੁੱਕਵੀਂ ਥਾਂ ਨਹੀਂ ਸੀ, ਜਿਸ ਕਾਰਨ ਲੋਕ ਸੜਕਾਂ 'ਤੇ ਸੈਰ ਕਰਨ ਲਈ ਮਜਬੂਰ ਸਨ।ਵਿਧਾਇਕ ਸੁਖਾਨੰਦ ਨੇ ਕਿਹਾ ਕਿ ਵਾਰਡ ਨੰਬਰ 6 ਦੇ ਕੌਂਸਲਰ ਮਨਦੀਪ ਕੱਕੜ ਵੱਲੋਂ ਸ਼ਹਿਰ ਵਾਸੀਆਂ ਦੀ ਇਸ ਅਹਿਮ ਸਮੱਸਿਆ ਨੂੰ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ।ਉਨ੍ਹਾਂ ਕਿਹਾ ਕਿ ਕੌਂਸਲਰ ਵੱਲੋਂ ਲਗਾਤਾਰ ਇਸ ਮਾਮਲੇ ਨੂੰ ਉਨ੍ਹਾਂ ਕੋਲ ਉਠਾਇਆ ਗਿਆ, ਜਿਸ ਤੋਂ ਬਾਅਦ ਪੰਜਾਬ ਸਰਕਾਰ ਕੋਲ ਇਹ ਮਸਲਾ ਰੱਖ ਕੇ ਸੈਰਗਾਹ ਪਾਰਕ ਲਈ 78 ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਕਰਵਾਈ ਗਈ ਹੈ।ਉਨ੍ਹਾਂ ਕਿਹਾ ਕਿ ਪਾਰਕ ਦੇ ਨਿਰਮਾਣ ਕਾਰਜ ਨੂੰ ਤੈਅ ਮਾਪਦੰਡਾਂ ਅਨੁਸਾਰ ਮੁਕੰਮਲ ਕਵਾਇਆ ਜਾਵੇਗਾ ਤੇ ਕੰਮ ਪੂਰਾ ਹੋਣ ਉਪਰੰਤ ਇਹ ਪਾਰਕ ਬਹੁਤ ਜਲਦ ਸ਼ਹਿਰ ਵਾਸੀਆਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਾਰਕ ਬਣਨ ਨਾਲ ਬੱਚਿਆਂ, ਬਜ਼ੁਰਗਾਂ ਤੇ ਸ਼ਹਿਰ ਵਾਸੀਆਂ ਨੂੰ ਸੈਰ ਕਰਨ ਅਤੇ ਕੁਝ ਸਮਾਂ ਕੁਦਰਤੀ ਮਾਹੌਲ ਵਿੱਚ ਬਿਤਾਉਣ ਲਈ ਵਧੀਆ ਸਹੂਲਤ ਮਿਲੇਗੀ।

ਕੌਂਸਲਰ ਮਨਦੀਪ ਕੱਕੜ ਨੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਹਿਲਕਦਮੀ ਅਤੇ ਪੰਜਾਬ ਸਰਕਾਰ ਤੋਂ ਰਾਸ਼ੀ ਮਨਜ਼ੂਰ ਕਰਵਾਉਣ ਸਦਕਾ ਸ਼ਹਿਰ ਵਾਸੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਵਾਰਡ ਅਤੇ ਸ਼ਹਿਰ ਦੇ ਲੋਕਾਂ ਨੂੰ ਬਿਹਤਰ ਬੁਨਿਆਦੀ ਅਤੇ ਜਨਤਕ ਸਹੂਲਤਾਂ ਮੁਹੱਈਆ ਕਰਵਾਉਣਾ ਹੈ।ਵਾਰਡ ਵਾਸੀਆਂ ਨੇ ਵੀ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਅਤੇ ਕੌਂਸਲਰ ਮਨਦੀਪ ਕੱਕੜ ਦਾ ਧੰਨਵਾਦ ਕੀਤਾ।

# 'ਫਿੰਗਰਪ੍ਰਿੰਟ ਵਿਸ਼ਲੇਸ਼ਣ ਤੇ ਫੋਰੈਂਸਿਕ ਸਬੂਤਾਂ ਦਾ ਮੁਲਾਂਕਣ' ਵਿਸ਼ੇ 'ਤੇ ਵਰਕਸ਼ਾਪ



**ਰਾਜਪੁਰਾ (ਰਮੇਸ਼ ਕਟਾਰੀਆ)**-ਫੋਰੈਂਸਿਕ ਵਿਗਿਆਨ ਨੂੰ ਅਦਾਲਤ ਦੇ ਨੇੜੇ ਲਿਆਉਣ ਲਈ ਆਰੀਅਨਜ਼ ਕਾਲਜ ਆਫ਼ ਲਾਅ ਰਾਜਪੁਰਾ ਨੇੜੇ ਚੰਡੀਗੜ੍ਹ ਵਿਖੇ 'ਫਿੰਗਰਪ੍ਰਿੰਟ ਵਿਸ਼ਲੇਸ਼ਣ : ਕਾਨੂੰਨੀ ਉਦੇਸ਼ਾਂ ਲਈ ਫਰਿਕਸ਼ਨ ਰਿਜ ਸਬੂਤਾਂ ਦਾ ਮੁਲਾਂਕਣ' ਵਿਸ਼ੇ 'ਤੇ ਇੱਕ ਤੀਬਰ ਹੱਥੀਂ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਨੇ ਐੱਲ ਐੱਲ ਬੀ, ਬੀ ਏ ਐੱਲ ਐੱਲ ਬੀ ਦੇ ਵਿਦਿਆਰਥੀਆਂ ਨੂੰ ਇਸ ਬਾਰੇ ਵਿਹਾਰਕ ਸਮਝ ਦਿੱਤੀ ਕਿ ਫਿੰਗਰਪ੍ਰਿੰਟ ਅਪਰਾਧਿਕ ਜਾਂਚ ਤੇ ਨਿਆਂਇਕ ਕਾਰਵਾਈਆਂ ਵਿੱਚ ਮਹੱਤਵਪੂਰਨ ਵਿਗਿਆਨਕ ਸਬੂਤ ਕਿਵੇਂ ਬਣਦੇ ਹਨ।ਸ੍ਰੀ ਜਸਵਿੰਦਰ ਸਿੰਘ ਸਹਾਇਕ ਪ੍ਰੋਫੈਸਰ ਫੋਰੈਂਸਿਕ ਸਾਇੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਮਨਦੀਪ ਸਿੰਘ, ਬੈਲਿਸਟਿਕਸ ਡਵੀਜ਼ਨ ਐੱਫ ਐੱਸ ਐੱਲ ਮੋਹਾਲੀ ਸ੍ਰੀ ਗੁਰਕੀਰਤ ਸਿੰਘ ਸੈਸ਼ਨ ਦੇ ਮਾਹਰ ਸਨ।ਡਾ. ਅੰਸ਼ੂ ਕਟਾਰੀਆ ਚੇਅਰਮੈਨ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਨੇ ਕਿਹਾ ਕਿ ਆਧੁਨਿਕ ਕਾਨੂੰਨੀ ਸਿੱਖਿਆ ਪਾਠ-ਪੁਸਤਕਾਂ ਤੇ ਅਦਾਲਤੀ ਫੈਸਲਿਆਂ ਤੋਂ ਪਰੇ ਹੋਣੀ ਚਾਹੀਦੀ ਹੈ।ਇੱਕ ਮਜ਼ਬੂਤ ਵਕੀਲ ਨੂੰ ਸਬੂਤਾਂ ਦੇ ਪਿੱਛੇ ਵਿਗਿਆਨ ਨੂੰ ਵੀ ਸਮਝਣਾ ਚਾਹੀਦਾ ਹੈ।ਸ੍ਰੀ ਜਸਵਿੰਦਰ ਸਿੰਘ ਨੇ ਵਿਸ਼ੇਸ਼ ਮਹਿਮਾਨ ਤੇ ਸਰੋਤ ਵਿਅਕਤੀ ਵਜੋਂ ਸੈਸ਼ਨ ਦੀ ਅਗਵਾਈ ਕੀਤੀ।ਉਨ੍ਹਾਂ ਨੇ ਫਿੰਗਰਪ੍ਰਿੰਟ ਪਛਾਣ ਦੇ ਵਿਗਿਆਨਕ ਆਧਾਰ, ਵੱਖ-ਵੱਖ ਰਗੜ ਰਿਜ ਪੈਟਰਨਾਂ, ਪ੍ਰਿੰਟ ਵਿਕਸਤ ਕਰਨ ਤੇ ਜਾਂਚ ਕਰਨ ਦੇ ਤਰੀਕੇ, ਤੁਲਨਾ ਤਕਨੀਕਾਂ ਤੇ ਫਿੰਗਰਪ੍ਰਿੰਟਸ ਦੇ ਸਬੂਤ ਮੁੱਲ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਚਰਚਾਵਾਂ ਤੇ ਵਿਹਾਰਕ ਅਭਿਆਸਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਵਰਕਸ਼ਾਪ ਇੱਕ ਇੰਟਰਐਕਟਿਵ ਪ੍ਰਸ਼ਨ-ਉੱਤਰ ਸੈਸ਼ਨ ਨਾਲ ਸਮਾਪਤ ਹੋਈ।

# ਕਲੈਰੀਕਲ ਕਾਮਿਆਂ ਵੱਲੋਂ ਘੜੇ ਭੰਨ ਕੇ ਸਰਕਾਰ ਦਾ ਪਿੱਟ-ਸਿਆਪਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਢੇ ਸੰਘਰਸ਼ ਤਹਿਤ ਸ਼ੁਰੂ ਕੀਤੀ ਗਈ ਕਲਮ ਛੋੜ/ਕੰਪਿਊਟਰ ਬੰਦ ਹੜਤਾਲ ਤਹਿਤ ਅੱਜ ਜ਼ਿਲ੍ਹਾ ਫਿਰੋਜ਼ਪੁਰ ਦੇ ਸਮੁੱਚੇ ਸਰਕਾਰੀ ਦਫਤਰਾਂ ਦਾ ਕੰਮ-ਕਾਜ ਮੁਕੰਮਲ ਤੌਰ 'ਤੇ ਠੱਪ ਰਿਹਾ। ਦਫਤਰੀ ਕਾਮੇ ਆਪਣਾ ਕੰਮ-ਕਾਜ ਠੱਪ ਕਰਕੇ ਸੂਬਾ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਕੇ ਆਪਣਾ ਰੋਸ ਜ਼ਾਹਰ ਕਰਦੇ ਰਹੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਿਰੋਜ਼ਪੁਰ ਵਿਖੇ ਸਥਿਤ ਸਮੁੱਚੇ ਸਰਕਾਰੀ ਦਫਤਰੀ ਵਿੱਚ ਮੁਕੰਮਲ ਹੜਤਾਲ ਰਹੀ ਤੇ ਦਫਤਰੀ ਕਾਮਿਆਂ ਨੇ ਇੱਕਠੇ ਹੋ ਕੇ ਪਿੱਪਲ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਪੀ ਐੱਸ ਐੱਮ ਐੱਸ ਯੂ ਫਿਰੋਜ਼ਪੁਰ ਦੀ ਅਗਵਾਈ ਹੇਠ ਵੱਖ-ਵੱਖ ਦਫਤਰਾਂ ਸਾਹਮਣੇ ਰੋਸ ਰੈਲੀਆਂ ਕੀਤੀਆਂ ਗਈਆਂ, ਜਿਸ ਵਿੱਚ ਸੈਂਕੜੇ ਮੁਲਾਜ਼ਮਾਂ ਨੇ ਇੱਕਠੇ ਹੋ ਕੇ ਸਰਕਾਰ ਖਿਲਾਫ ਜ਼ਬਰਦਸਤ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਮੁਲਾਜ਼ਮਾਂ ਦੇ ਭਰਵੇ ਇਕੱਠ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਆਗੂ ਸੋਨੂੰ ਕਸ਼ਅਪ ਜ਼ਿਲ੍ਹਾ ਜਨਰਲ ਸਕੱਤਰ, ਪ੍ਰਦੀਪ ਵਿਨਾਇਕ ਜ਼ਿਲ੍ਹਾ ਖਜ਼ਾਨਚੀ, ਜਗਸੀਰ ਸਿੰਘ ਭਾਂਗਰ ਸੀਨੀਅਰ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਸੋਢੀ ਵਾਈਸ ਚੇਅਰਮੈਨ, ਯਾਦਵਿੰਦਰ ਸਿੰਘ ਜਨਰਲ ਸਕੱਤਰ, ਦੀਪਕ ਲੂੰਬਾ ਤੇ ਕੁਲਦੀਪ ਕਮਿਸ਼ਨਰ ਦਫਤਰ, ਸੰਦੀਪ ਸਿੰਘ ਦਿਓਲ ਪ੍ਰਧਾਨ, ਗੁਰਤੇਜ ਸਿੰਘ ਜਨਰਲ ਸਕੱਤਰ ਡੀ ਸੀ ਦਫਤਰ, ਜੁਗਲ ਕਿਸ਼ੋਰ ਆਨੰਦ ਲੋਕ ਨਿਰਮਾਣ ਵਿਭਾਗ, ਹਰਪ੍ਰੀਤ ਦੁੱਗਲ ਤੇ ਪਵਨ ਕੁਮਾਰ ਖਜ਼ਾਨਾ ਦਫਤਰ, ਵਰੁਣ ਕੁਮਾਰ ਸੂਬਾ ਆਗੂ ਸਿੱਖਿਆ ਵਿਭਾਗ, ਹਰਮੀਤ ਮੱਲੀ ਫੂਡ ਸਪਲਾਈ, ਮਨੋਹਰ ਲਾਲ ਸਾਬਕਾ ਪ੍ਰਧਾਨ, ਵਿਕਾਸ ਕਾਲੜਾ ਤੇ ਮੁੱਖਾ ਕੁਮਾਰ ਸਿਵਲ ਸਰਜਨ ਦਫਤਰ ਆਦਿ ਨੇ ਕਿਹਾ ਕਿ ਸੂਬੇ ਦੀ ਸਰਕਾਰ ਪਿਛਲੇ ਸਾਢੇ ਚਾਰ ਸਾਲਾਂ ਤੋਂ ਪੰਜਾਬ ਦੇ ਮੁਲਾਜ਼ਮਾਂ ਨੂੰ ਲਾਰੇ ਲੱਪੇ ਤੇ ਝੂਠ ਮਾਰ ਮਾਰ ਕੇ ਗੁੰਮਰਾਹ ਕਰ ਰਹੀ ਹੈ ਅਤੇ ਕਿਸੇ ਵੀ ਮੁਲਾਜ਼ਮ ਮੰਗ ਦਾ ਹੱਲ ਨਹੀਂ ਕਰ ਸਕੀ। ਉਕਤ ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਭਖਦੀਆਂ ਮੰਗਾਂ ਦਾ ਹਾਲੇ ਤੱਕ ਕੋਈ ਹੱਲ ਨਹੀਂ ਕੱਢਿਆ ਗਿਆ। ਉਨ੍ਹਾਂ ਕਿਹਾ ਕਿ ਜੇਕਰ ਉਕਤ ਮੁਲਾਜ਼ਮ ਮੰਗਾਂ ਮੰਨ ਕੇ ਲਾਗੂ ਨਾ ਕੀਤੀਆਂ ਗਈਆਂ ਤਾਂ ਇਹ ਸੰਘਰਸ਼ ਇਸੇ ਤਰ੍ਹਾਂ ਜਾਰੀ ਰੱਖ ਕੇ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਸੈਂਕੜੇ ਸਾਥੀਆਂ ਨੇ ਘੜੇ ਭੰਨ ਕੇ ਤੇ ਜ਼ਬਰਦਸਤ ਨਾਅਰੇਬਾਜ਼ੀ ਕਰਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ।

## ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਵੱਲੋਂ ਕੰਮ ਛੋੜ ਹੜਤਾਲ ਜਾਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਰਨਦੀਪ ਕੌਰ ਪੰਜੋਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਮਨਦੀਪ ਕੌਰ ਦੀਦਾਰੇਵਾਲਾ ਬਲਾਕ ਡਰੋਲੀ ਭਾਈ, ਆਸ਼ਾ ਵਰਕਰ ਫੈਸਿਲੀਟੇਟਰ ਭੈਣਾਂ ਦੀ ਅਗਵਾਈ ਵਿੱਚ ਐੱਸ ਐੱਮ ਓ ਦਫਤਰ ਡਾ. ਸੁਖਮਨ ਨੂੰ ਮੰਗ ਪੱਤਰ ਦਿੱਤਾ ਗਿਆ।ਪ੍ਰਧਾਨ ਮਨਦੀਪ ਕੌਰ ਦੇਦਾਰੇਵਾਲਾ ਨੇ ਕਿਹਾ ਕਿ 5/9/26 ਤੋਂ 15/9/26 ਤੱਕ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਕੰਮ ਛੋੜ ਹੜਤਾਲ ਕੀਤੀ ਜਾ ਰਹੀ ਹੈ।ਇਸ ਹੜਤਾਲ ਦਾ ਅਸਰ ਸਭ ਤੋਂ ਜ਼ਿਆਦਾ ਹਾਈ ਰਿਸਕ ਗਰਭਵਤੀ ਔਰਤਾਂ ਜੱਚਾ ਬੱਚਾ ਦੇ ਟੀਕੇ ਕਰਨਾ ਤੇ ਜੱਚਾ ਬੱਚਾ ਦੀ ਦੇਖਭਾਲ ਤੇ ਟੀ ਬੀ ਦੇ ਮਰੀਜ਼ਾਂ 'ਤੇ ਗਹਿਰਾ ਅਸਰ ਪਵੇਗਾ।ਇਸ ਹੜਤਾਲ ਤੋਂ ਉਪਚਣ ਵਾਲੇ ਨੁਕਸਾਨਾਂ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਡਿਪਾਰਟਮੈਂਟ ਦੀ ਹੋਵੇਗੀ, ਕਿਉਂਕਿ ਸਾਡੀਆਂ ਲਮਕ ਅਵਸਥਾ ਵਿੱਚ ਪਈਆਂ ਮੰਗਾਂ ਦਾ ਅਜੇ ਤੱਕ ਕੋਈ ਨਿਪਟਾਰਾ ਨਹੀਂ ਕੀਤਾ ਗਿਆ। ਸਾਡੀਆਂ ਮੁੱਖ ਮੰਗਾਂ ਮਿਨੀਮਮ ਕਾਨੂੰਨ ਤਹਿਤ ਘੱਟੋ ਘੱਟ 24000 ਰੁਪਏ ਤਨਖਾਹ ਕੇਂਦਰ ਦੇ ਦਾਇਰੇ ਵਿੱਚ ਲਿਆ ਜਾਵੇ, ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਆਨਰੇਰੀਅਮ 2500/- ਮਾਣ ਭੱਤੇ ਵਿੱਚ ਤਿੰਨ ਗੁਣਾ ਵਾਧਾ (+ਇੰਕਰੀਮੈਂਟ) ਕਰਕੇ ਹਰਿਆਣਾ ਪੈਟਰਨ ਲਾਗੂ ਕੀਤਾ ਜਾਵੇ।ਫੈਸਲੀਟੇਟਰਾਂ ਦੇ ਟੂਰਾਂ ਵਿੱਚ ਹਰ ਸਾਲ ਵਾਧਾ ਕੀਤਾ ਜਾਵੇ ਤੇ ਪਰ ਟੂਰ 500 ਰੁਪਿਆ ਦਿੱਤਾ ਜਾਵੇ ਆਦਿ ਤੋਂ ਇਲਾਵਾ ਹੋਰ ਮੰਗਾਂ ਦਾ ਹੱਲ ਨਾ ਹੋਇਆ ਤਾਂ ਸਤੰਬਰ ਦੇ ਲਾਸਟ ਹਫਤੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਹਲਕੇ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਕੌਰ, ਵੀਰਪਾਲ ਕੌਰ, ਸਿਮੀ ਕੌਰ, ਰੁਪਿੰਦਰ ਕੌਰ, ਕਰਮਜੀਤ ਕੌਰ, ਬੇਨਤੀ, ਰੀਨਾ, ਬਲਵੀਰ ਕੌਰ ਏ ਐੱਫ, ਵੀਰਪਾਲ ਕੌਰ ਏ ਐੱਫ, ਕੁਲਵੰਤ ਕੌਰ ਏ ਐੱਫ, ਜਸਪ੍ਰੀਤ ਕੌਰ ਏ ਐੱਫ, ਪਰਮਜੀਤ ਕੌਰ ਆਦਿ ਮੌਜੂਦ ਸਨ।

## ਮਨੁੱਖੀ ਸੰਵੇਦਨਾਵਾਂ ਭਰਪੂਰ ਹਨ ਛਿੰਦਰ ਕੌਰ ਸਿਰਸਾ ਦੀਆਂ ਕਵਿਤਾਵਾਂ : ਡਾ. ਅਰਵਿੰਦਰ ਕੌਰ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਦੇ ਸ਼੍ਰੀ ਯੁਵਕ ਸਾਹਿਤਯ ਸਦਨ ਵਿਖੇ ਪੰਜਾਬੀ ਲੇਖਕ ਸਭਾ ਸਿਰਸਾ ਵੱਲੋਂ ਕਰਵਾਏ ਗਏ 'ਪੁਸਤਕ ਚਰਚਾ ਤੇ ਨਾਰੀ ਕਵੀ ਦਰਬਾਰ' ਵਿੱਚ ਪ੍ਰਮੁੱਖ ਵਿਦਵਾਨਾਂ ਤੇ ਰਚਨਾਕਾਰਾਂ ਨੇ ਭਾਗ ਲਿਆ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਬੁੱਧ ਚਿੰਤਕ ਕਾ: ਸੁਵਰਨ ਸਿੰਘ ਵਿਰਕ, ਪੰਜਾਬੀ ਲੇਖਕ ਸਭਾ ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਤੇ ਪੰਜਾਬੀ ਸਾਹਿਤ ਸਭਾ ਕਾਲਾਂਵਾਲੀ ਦੇ ਪ੍ਰਧਾਨ ਭੁਪਿੰਦਰ ਪੰਨੀਵਾਲੀਆ ਸ਼ਾਮਲ ਰਹੇ। ਪ੍ਰਿੰਸੀਪਲ ਅਰਵੇਲ ਸਿੰਘ ਵਿਰਕ ਵੱਲੋਂ ਹਾਜ਼ਰੀਨ ਦੇ ਸਵਾਗਤ ਉਪਰੰਤ ਪਹਿਲੇ ਸੈਸ਼ਨ ਵਿੱਚ ਛਿੰਦਰ ਕੌਰ ਸਿਰਸਾ ਦੇ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਯਾਰੜਿਆ' ਨੂੰ ਲੋਕ-ਅਰਪਣ ਕੀਤਾ ਤੇ ਪ੍ਰਗਤੀਸ਼ੀਲ ਚਿੰਤਕ ਡਾ. ਅਰਵਿੰਦਰ ਕੌਰ ਕਾਕੜਾ ਨੇ ਛਿੰਦਰ ਕੌਰ ਸਿਰਸਾ ਦੇ ਇਸ ਕਾਵਿ ਸੰਗ੍ਰਹਿ ਦੀ ਸਮੀਖਿਆ ਪੇਸ਼ ਕੀਤੀ। ਦੂਜੇ ਸੈਸ਼ਨ ਵਿੱਚ ਪੰਜਾਬੀ ਲੇਖਕ ਸਭਾ ਸਿਰਸਾ ਦੁਆਰਾ ਸਥਾਪਤ 'ਹਰਿਭਜਨ ਸਿੰਘ ਰੈਣੂ ਯਾਦਗਾਰੀ ਸਨਮਾਨ' ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਸਕੱਤਰੇਤ ਦੇ ਮੈਂਬਰ, ਪ੍ਰਲੇਸ ਹਰਿਆਣਾ ਦੇ ਜਨਰਲ ਸਕੱਤਰ ਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਡਾ. ਹਰਵਿੰਦਰ ਸਿੰਘ ਸਿਰਸਾ ਨੂੰ ਦਿੱਤਾ ਗਿਆ। ਕਾਮਰੇਡ ਸੁਵਰਨ ਸਿੰਘ ਵਿਰਕ ਨੇ ਡਾ. ਹਰਵਿੰਦਰ ਸਿੰਘ ਸਿਰਸਾ ਦੀਆਂ ਲੇਖਣ, ਅਧਿਆਪਨ ਤੇ ਸੰਗਠਨਾਤਮਕ ਖੇਤਰਾਂ ਵਿੱਚ ਦਿੱਤੀਆਂ ਸੇਵਾਵਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੂੰ ਪੂਰੇ ਸਦਨ ਵੱਲੋਂ ਮੁਬਾਰਕਾਂ ਦਿੱਤੀਆਂ ਗਈਆਂ। ਇਸ ਮੌਕੇ ਹਰਿਭਜਨ ਸਿੰਘ ਰੈਣੂ ਨੂੰ ਵੱਖ ਵੱਖ ਬੁਲਾਰਿਆਂ ਵੱਲੋਂ ਯਾਦ ਕੀਤਾ ਗਿਆ। ਪਹਿਲੇ ਸੈਸ਼ਨਾਂ ਦਾ ਸੰਚਾਲਨ ਪੰਜਾਬੀ ਲੇਖਕ ਸਭਾ ਸਿਰਸਾ ਦੇ ਸਕੱਤਰ ਸੁਰਜੀਤ ਸਿੰਘ ਸਿਰੜੀ ਨੇ ਕੀਤਾ। ਤੀਜੇ ਸੈਸ਼ਨ ਵਿੱਚ ਨਾਰੀ ਕਵੀ ਦਰਬਾਰ ਵਿੱਚ ਡਾ. ਅਰਵਿੰਦਰ ਕੌਰ ਕਾਕੜਾ, ਨਰਿੰਦਰ ਪਾਲ ਕੌਰ, ਕਮਲ ਸੇਖੋਂ, ਡਾ. ਹਰਮੀਤ ਕੌਰ, ਛਿੰਦਰ ਕੌਰ ਸਿਰਸਾ ਤੇ ਕਰਮਜੀਤ ਦਿਉਣ ਨੇ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ। ਮੰਚ ਸੰਚਾਲਨ ਡਾ. ਹਰਮੀਤ ਕੌਰ ਨੇ ਕੀਤਾ। ਇਸ 'ਪੁਸਤਕ ਚਰਚਾ ਤੇ ਨਾਰੀ ਕਵੀ ਦਰਬਾਰ' ਵਿੱਚ ਸੰਗੀਤਕਾਰ ਰਾਜ ਵਰਮਾ, ਰੰਗਕਰਮੀ ਸੰਜੀਵ ਸ਼ਾਦ, ਸੁਮਨ ਕੰਬੋਜ, ਮਨਜੀਤ ਸਿੰਘ, ਪ੍ਰੋ. ਹਰਭਗਵਾਨ ਚਾਵਲਾ, ਡਾ. ਪ੍ਰੇਮ ਕੰਬੋਜ, ਰਮੇਸ਼ ਸ਼ਾਸਤਰੀ, ਗੁਰਤੇਜ ਸਿੰਘ ਬਰਾੜ, ਜਗਦੇਵ ਫੌਗਾਟ, ਮਹਿਲ ਸਿੰਘ, ਡਾ. ਸ਼ੇਰ ਚੰਦ, ਅਨੀਸ਼ ਕੁਮਾਰ, ਸੁਸ਼ੀਲ ਪੁਰੀ, ਨਵਨੀਤ ਸਿੰਘ ਰੈਣੂ, ਨਵਗੀਤ ਸਿੰਘ ਰੈਣੂ, ਨਵਮੀਤ ਸਿੰਘ ਰੈਣੂ, ਗੁਰਦੀਪ ਸਿੰਘ, ਜਗਰੂਪ ਸਿੰਘ, ਪ੍ਰਿਤਪਾਲ ਸਿੰਘ, ਹਰਜਿੰਦਰ ਸਿੰਘ, ਰਾਜ ਕੁਮਾਰ ਸ਼ੇਖੂਪੁਰੀਆ, ਸਰਬਜੀਤ ਸਿੰਘ, ਸੁਰਿੰਦਰਪਾਲ ਸਿੰਘ, ਬਲਜੀਤ ਬਿੱਟੂ, ਸੁਖਦੇਵ ਸਿੰਘ, ਕਰਨੈਲ ਸਿੰਘ, ਕੁਲਵੰਤ ਸਿੰਘ, ਲਾਜ ਪੁਸ਼ਪ, ਸੁਰੇਸ਼ ਬਰਨਵਾਲ, ਕ੍ਰਿਸ਼ਨਾ ਫੌਗਾਟ, ਜਸਵੰਤ ਕੌਰ, ਬਲਵਿੰਦਰ ਕੌਰ, ਹਰਵਿੰਦਰ ਕੌਰ, ਸੁਰਿੰਦਰ ਕੌਰ, ਚਰਨਜੀਤ ਕੌਰ, ਤਲਵਿੰਦਰ ਕੌਰ, ਰਾਜਦੀਪ ਕੌਰ, ਮਨਮੀਤ ਕੌਰ, ਈਸ਼ਨਜੋਤ ਸਮੇਤ ਪ੍ਰਬੁੱਧਜਨ ਨੇ ਵੱਡੀ ਗਿਣਤੀ ਸ਼ਿਰਕਤ ਕੀਤੀ। ਸਮਾਗਮ ਦੇ ਅੰਤ ਵਿੱਚ ਪਰਮਾਨੰਦ ਸ਼ਾਸਤਰੀ ਵੱਲੋਂ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਸੀਨੀਅਰ ਵਾਲੀਬਾਲ ਟਰਾਇਲ 11 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸੀਨੀਅਰ ਵਾਲੀਬਾਲ ਲੜਕੇ ਤੇ ਲੜਕੀਆਂ ਦੇ ਟਰਾਇਲ 11 ਸਤੰਬਰ ਸ਼ਾਮ 4 ਵਜੇ ਅਨਿਲ ਬਾਗੀ ਹਸਪਤਾਲ ਦੇ ਸਾਹਮਣੇ ਵਾਲੇ ਵਾਲੀਬਾਲ ਮੈਦਾਨ ਵਿੱਚ ਲਏ ਜਾਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਵਾਲੀਬਾਲ ਫਿਰੋਜ਼ਪੁਰ ਦੇ ਪ੍ਰਧਾਨ ਅਸੀਸਪ੍ਰੀਤ ਸਿੰਘ ਸਾਈਆਂ ਵਾਲਾ ਤੇ ਜਨਰਲ ਸਕੱਤਰ ਪਰਮਵੀਰ ਸ਼ਰਮਾ ਨੇ ਦੱਸਿਆ ਕਿ ਚੁਣੇ ਗਏ ਖਿਡਾਰੀ ਪੰਜਾਬ ਸੀਨੀਅਰ ਵਾਲੀਬਾਲ ਚੈਂਪੀਅਨਸ਼ਿਪ, ਜੋ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 18 ਸਤੰਬਰ ਤੋਂ 20 ਸਤੰਬਰ ਤੱਕ ਕਰਵਾਈ ਜਾ ਰਹੀ ਹੈ, ਵਿੱਚ ਭਾਗ ਲੈਣਗੇ। ਉਨ੍ਹਾਂ ਕਿਹਾ ਕਿ ਸਾਰੇ ਖਿਡਾਰੀ ਆਪਣਾ ਆਧਾਰ ਕਾਰਡ ਨਾਲ ਲੈ ਕੇ ਸਮੇਂ ਸਿਰ ਮੈਦਾਨ ਵਿੱਚ ਪਹੁੰਚਣ, ਤਾਂ ਜੋ ਟਰਾਇਲ ਸਫਲਤਾਪੂਰਵਕ ਨੇਪਰੇ ਚੜ੍ਹ ਸਕਣ।


### ਉੱਤਰ ਰੇਲਵੇ

#### ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਹੈਡਕੁਆਟਰ ਫਿਰੋਜਪੁਰ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਟਾਈਟੀਲ ਵਾਲੀ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ **28.09.2026** ਦੁਪਹਿਰ15:00 ਵਜੇ ਤਕ ਹੈ।ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੂਲ/ਸੰਸ਼ੋਧਿਤ ਨਿਵਿਦਾਵਾਂ ਪੇਸ਼ ਕਰ ਸਕਦੇ ਹਨ।। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਾਗ ਇਨ ਕਰੋ

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਪੈਕੇਟ ਪ੍ਰਣਾਲੀ | ਸਿੰਗਲ ਪੈਕੇਟ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 02.09.2026 | ਬੋਲੀ ਸ਼ੁਰੂ ਦੀ ਮਿਤੀ | 14.09.2026 | | 28.09.2026 ਨੂੰ 15:00 ਵਜੇ |

| ਲ. ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 125-2026-27-ADEN-2-FZR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜਪੁਰ ਦੇ ਤਹਿਤ ਫਿਰੋਜਪੁਰ ਸਿਟੀ-ਫਾਜਿਲਕਾ ਸੈਕਸ਼ਨ ਕਿਮੀ 77/4-5 ਤੇ ਰੇਲਵੇ ਟ੍ਰੈਕ ਦੇ ਹੇਠਾਂ ਤੋਂ 500mm ਇੰਟਰਨਲ ਡਾਯਮੀਟਰ ਵਾਲੀ ਵਾਟਰ ਸਪਲਾਈ ਪਾਈਪ ਲਾਈਨ ਨੂੰ 700mm ਇੰਟਰਨਲ ਡਾਯਮੀਟਰ ਵਾਲੇ ਡੀ.ਆਈ. ਅਨਕੇਸਿੰਗ ਪਾਈਪ ਕੇ-7 ਅਤੇ 900mm ਇੰਟਰਨਲ ਡਾਯਮੀਟਰ ਵਾਲੇ ਐਮ.ਐਸ. ਹੇਵੀ ਡਯੂਟੀ ਕੇਸਿੰਗ ਪਾਈਸ ਤੋਂ ਗੁਜਰਨਾ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹37,47,362.47 | ₹75,000/- | 60 ਦਿਨ | 03 ਮਹੀਨੇ |

ਸਮਾਨ ਨੇਚਰ ਦਾ ਕੰਮ: "ਕੋਈ ਕੰਮ ਨਹੀਂ।"

ਨੋਟ : **1.** ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। **2.** ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਨੰ. 125-2026-27-ADEN-2-FZR ਤਾਰੀਕ: 04.09.2026 3051/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


### ਬਾਲ ਭਵਨ ਵਿਖੇ 'ਮਾਵਾਂ ਧੀਆਂ ਦੀ ਹੱਟੀ' ਤਹਿਤ ਮੰਡੀ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਅਧੀਨ ਔਰਤਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣ ਦੇ ਮੰਤਵ ਨਾਲ 'ਮਾਵਾਂ ਧੀਆਂ ਦੀ ਹੱਟੀ' ਦੀ ਵਿਸ਼ੇਸ਼ ਸ਼ੁਰੂਆਤ ਕੀਤੀ ਜਾ ਰਹੀ ਹੈ।ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਕ੍ਰਿਤਿਕਾ ਗੋਇਲ ਨੇ ਦੱਸਿਆ ਕਿ ਇਹ ਮੰਡੀ ਬਾਲ ਭਵਨ ਪਾਰਕ ਮਾਨਸਾ ਵਿਖੇ 10 ਸਤੰਬਰ ਸਵੇਰੇ 11:00 ਵਜੇ ਤੋਂ ਸ਼ਾਮ 7:00 ਵਜੇ ਤੱਕ ਲਗਾਈ ਜਾਵੇਗੀ। ਇਸ 'ਚ ਸਵੈ-ਸਹਾਇਤਾ ਸਮੂਹਾਂ ਦੀਆਂ ਬੀਬੀਆਂ ਵੱਲੋਂ ਆਪਣੇ ਹੱਥੀਂ ਤਿਆਰ ਕੀਤਾ ਵੱਖ-ਵੱਖ ਸਾਮਾਨ ਵੇਚਣ ਲਈ ਰੱਖਿਆ ਜਾਵੇਗਾ।


### ਉੱਤਰ ਰੇਲਵੇ

#### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ ਇਲੈਕਟ੍ਰਿਕ ਲੋਕੋ ਸ਼ੇਡ, ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2026-27-07 ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 01.10.2026 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।

ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਟੈਂਡਰ ਸੰਖਿਆ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2026-27-14 | 3-ਫੇਜ ਇਲੈਕਟ੍ਰਿਕ ਲੋਕੋਮੋਟਿਵ ਵਿਚ ਐਲਈਡੀ ਪ੍ਰਕਾਰ ਦੀ ਸਿਗਨਲ ਅਕਸਚੇਂਜ ਲਾਈਟ ਦੀ ਸਥਾਪਨਾ ਅਤੇ ਚਾਲੂ ਕਰਨਾ। | 28,02,500/- | 0 | 01.10.2026 15:00 ਵਜੇ ਤਕ | 56,100/- | 24 ਮਹੀਨੇ | 01.10.2026 15:00 ਵਜੇ ਦੇ ਬਾਅਦ | www.ireps.gov.in |

ਨੰ.:Tender Notice No. 230-Elect/TRS/LDH/WC/LED Light/2026-27/07 ਤਾਰੀਕ –07.09.2026 3079/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਜਨਤਕ ਨੋਟਿਸ

ਅਸੀਂ, **ਕੋਟਕ ਮਹਿੰਦਰਾ ਬੈਂਕ ਲਿਮਟਿਡ (ਕੇ ਐਮ ਬੀ ਐਲ)** ਸਾਡੀ ਬੈਂਕ ਸ਼ਾਖਾ ਅਤੇ ਹੋਰ ਸੰਬੰਧਿਤ ਕਾਰੋਬਾਰ (ਆਟੋਮੇਟਿਡ ਟੈਲਰ ਮਸ਼ੀਨ-ਏ ਟੀ ਐਮ ਸਥਾਪਤ ਕਰਨ ਸਮੇਤ), 09 (ਨੌਂ) ਸਾਲਾਂ ਦੀ ਮਿਆਦ ਲਈ ਲੀਜ਼ 'ਤੇ ਲੈਣਾ ਚਾਹੁੰਦੇ ਹਾਂ। ਜਾਇਦਾਦ, ਖਾਸ ਤੌਰ 'ਤੇ ਹੇਠਾਂ ਦਿੱਤੇ ਸ਼ਡਿਊਲ ਵਿਚ ਵਰਣਨ ਕੀਤੀ ਗਈ ਹੈ, ਜੋ ਹੇਠਾਂ ਦੱਸੇ ਗਏ ਮਾਲਕਾਂ ਦੀ ਮਲਕੀਅਤ ਹੈ। ਜਨਤਾ ਅਤੇ ਸਾਰੇ ਸੰਬੰਧਿਤ, ਨਿੱਜੀ ਵਿਅਕਤੀਆਂ, ਸਰਕਾਰੀ/ਅਰਧ-ਸਰਕਾਰੀ ਸੰਸਥਾਵਾਂ/ਸੰਸਥਾਵਾਂ/ਅਧਿਕਾਰੀਆਂ, ਜੇਕਰ ਇੱਥੇ ਜ਼ਿਕਰ ਕੀਤੀ ਗਈ ਜਾਇਦਾਦ ਵਿਚ ਕੋਈ ਅਧਿਕਾਰ ਮਾਲਕੀ, ਹਿੱਤ ਜਾਂ ਹਿੱਸਾ ਹੈ ਜਾਂ ਜਿਸ ਕਿਸੇ ਨੂੰ ਵੀ ਉਪਰੋਕਤ ਲੈਣ-ਦੇਣ ਲਈ ਇਤਰਾਜ਼ ਹੈ, ਨੂੰ ਜਨਤਕ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਜਨਤਕ ਨੋਟਿਸ ਦੇ ਪ੍ਰਕਾਸਨਾ ਤੋਂ 7 (ਸੱਤ) ਦਿਨਾਂ ਦੇ ਅੰਦਰ ਆਪਣੇ ਨਿਮਨਹਸਤਾਖਰੀ ਨੂੰ ਇਤਰਾਜ਼ ਲਿਖਤੀ ਰੂਪ ਵਿਚ ਸਾਰੇ ਸਹਾਇਕ ਦਸਤਾਵੇਜ਼ਾਂ ਦੀਆਂ ਕਾਪੀਆਂ ਨਾਲ ਪਹੁੰਚਾਉਣ। ਜੇਕਰ ਇਸ ਜਨਤਕ ਨੋਟਿਸ ਦੀ ਪ੍ਰਕਾਸ਼ਨਾ ਤੋਂ 7 (ਸੱਤ) ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰੀ ਨੂੰ ਸਾਰੇ ਸਹਾਇਕ ਦਸਤਾਵੇਜ਼ਾਂ ਦੀਆਂ ਕਾਪੀਆਂ ਸਮੇਤ ਲਿਖਤੀ ਰੂਪ ਵਿਚ ਇਤਰਾਜ਼ ਪ੍ਰਾਪਤ ਨਹੀਂ ਹੁੰਦੇ ਤਾਂ ਇਹ ਸਮਝਿਆ ਜਾਵੇਗਾ ਕਿ ਉਕਤ ਜਾਇਦਾਦ ਦਾ ਮਾਲਕੀ ਹੱਕ ਸਪੱਸ਼ਟ ਹੈ ਅਤੇ ਅਜਿਹੇ ਸਾਰੇ ਸੰਬੰਧਿਤਾਂ ਨੇ ਆਪਣੇ ਅਧਿਕਾਰ ਛੱਡ ਦਿੱਤੇ ਹਨ ਅਤੇ ਅਜਿਹੇ ਸਾਰੇ ਸੰਬੰਧਿਤਾਂ ਨੂੰ ਉਸ ਤੋਂ ਬਾਅਦ ਕੋਈ ਵੀ ਇਤਰਾਜ਼ ਉਠਾਉਣ ਤੋਂ ਰੋਕਿਆ ਜਾਵੇਗਾ ਅਤੇ ਅਸੀਂ ਉਸ ਤੋਂ ਬਾਅਦ ਲੀਜ਼ ਡੀਡ ਜਾਂ ਅਜਿਹੇ ਸਮਝੌਤਿਆਂ ਨੂੰ ਲਾਗੂ ਕਰਨ ਵਿਚ ਅੱਗੇ ਵਧਾਂਗੇ ਅਤੇ ਅਜਿਹੇ ਸਾਰੇ ਵਿਅਕਤੀਆਂ ਨੂੰ ਉਸ ਤੋਂ ਬਾਅਦ ਅਜਿਹੇ ਲੈਣ-ਦੇਣ 'ਤੇ ਕੋਈ ਵੀ ਇਤਰਾਜ਼ ਉਠਾਉਣ ਤੋਂ ਰੋਕਿਆ ਜਾਵੇਗਾ।

| ਲੀਜ਼ 'ਤੇ ਲਈ ਜਾਣ ਵਾਲੀ ਜਇਦਾਦ ਦਾ ਵੇਰਵਾ | ਮਾਲਕ |
|---|---|
| ਜਾਇਦਾਦ ਨਾਲ ਸੰਬੰਧਿਤ ਸਭ ਕੁਝ, ਰਕਬਾ ਲਗਭਗ 1200 ਵਰਗ ਫੁੱਟ ਗਰਾਊਂਡ ਫਲੋਰ, **ਐਸ.ਸੀ.ਓ. ਨੰ: 10, ਸੈਕਟਰ 20 ਸੀ, ਚੰਡੀਗੜ੍ਹ-160020, ਪੰਜਾਬ।** | ਸ੍ਰੀ ਸੁਰਿੰਦਰ ਮੋਹਨ ਮਿੱਤਲ<br>ਸ੍ਰੀ ਜਤਿੰਦਰ ਮੋਹਨ ਮਿੱਤਲ<br>ਸ੍ਰੀਮਤੀ ਸਰੋਜ ਮਿੱਤਲ |

ਕਾਨੂੰਨੀ ਵਿਭਾਗ
ਕੋਟਕ ਮਹਿੰਦਰਾ ਬੈਂਕ ਲਿਮਟਿਡ,
ਕੋਟਕ ਇਨਫਿਨਿਟੀ, 5ਵੀਂ ਮੰਜ਼ਲ, ਬਿਲਡਿੰਗ ਨੰ: 21, ਇਨਫਿਨਿਟੀ ਪਾਰਕ, ਆਫ ਵੈਸਟਰਨ ਐਕਸਪ੍ਰੈੱਸ ਹਾਈਵੇ, ਜਨਰਲ ਏ ਕੇ ਵੈਦਿਆ ਮਾਰਗ, ਮਲਾਦ (ਈਸਟ), ਮੁੰਬਈ-400097
ਫੋਨ ਨੰ: +91 22 66055570/5548/5544, ਫੈਕਸ-(022) 67259088



### LUDHIANA COMMODITIES TRADING SERVICES LIMITED

CIN: U74999PB2003PLC054437
Regd. Off : First Floor, LSE Building, Feroze Gandhi Market, Ludhiana-141001.
Ph. : 0161-4619296, E-mail : lsecommodities@gmail.com,
website: www.ludhianacommodities.com

#### NOTICE OF 23rd AGM AND BOOK CLOSURE

Members please may note that the 23rd Annual General Meeting ("AGM") of the Shareholders of the Company will be held on 30.09.2026 at 04:00 P.M. (IST) at First Floor, Ludhiana Stock Exchange Building,Feroze Gandhi Market, Ludhiana(Pb.)-141001, Registered Office of the Company.

Notice is hereby given pursuant to Section 91 of the Companies Act, 2013, as amended, that, the Register of Members & Share Transfer Books of the Company for fully paid-up Equity Shares will remain closed from 19.09.2026 to 30.09.2026 (both days inclusive) for the purpose of AGM and payment of dividend.

The final dividend of Rs. 0.30 (3%) per Equity Shares of Rs. 10/- each as recommended by the Board of Directors at its meeting held on 1.09.2026, if approved, by the Shareholders at the ensuing AGM, will be paid after deduction of TDS, if applicable, to those Shareholders, whose names appear in the Register of Members of the Company as on 18.09.2026. In respect of Equity Shares held on electronic form, the dividend will be paid to the Beneficial Owners of shares as at the end of business hours on 18.09.2026, as per details furnished by the Depositories for this purpose.

**Members are requested to kindly take note of the following important dates:**

| Sr. No. | Particulars | Date |
|---|---|---|
| 1. | Date of Annual General Meeting (AGM) | 30.09.2026 (Wednesday) |
| 2. | Cut-off date for determining the Members entitled to receive the Notice of AGM | 28.08.2026 (Friday) |
| 3. | Last date for receipt of nominations from Members for election to the office of Director | 15.09.2026 (Tuesday) Up to 06:00 P.M |
| 4. | Last Date for withdrawal of Nomination by Candidate | 18.09.2026 (Friday) Up to 06:00 P.M. |
| 5. | Cut Off date for determining the Members entitled to participate in and vote at the AGM | 18.09.2026 (Friday) |
| 6. | Record date for determining the Members entitled to receive dividend, if declared/ approved at the AGM | 18.09.2026 (Friday) |
| 7. | Book Closure Period | 19.09.2026-30.09.2026 (both days inclusive) |
| 8. | Last date for intimation to Members regarding the nominations received for election to the office of Director | 22.09.2026 (Tuesday) |
| 9. | Last date up to which written Notice for Inspection of Proxies can be submitted with the Company | 25.09.2026 (Friday) Up to 06:00 P.M. |
| 10. | Last date for deposit of Proxy Forms | 28.09.2026 (Monday) Up to 04:00 P.M. |
| 11. | Commencement of inspection of Proxies | 29.09.2026 (Tuesday) From 10:00 A.M. |
| 12. | End of inspection of Proxies | Till conclusion of AGM on 30.09.2026 (Wednesday) |

By the order of the Board
For LUDHIANA COMMODITIES TRADING SERVICES LIMITED
JASWINDER SINGH
(Compliance Officer)

Place : Ludhiana
Date : 08-09-2026



### ਆਦੀਨਾਥ ਟੈਕਸਟਾਈਲਜ਼ ਲਿਮਿਟੇਡ

ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ, ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ 141123
Tel.: +91-9876100948, CIN: L17115PB1979PLC003910
Email: atl@shreyansgroup.com, Website: www.adinathtextiles.com

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 46ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਬੁੱਧਵਾਰ 30 ਸਤੰਬਰ, 2026 ਨੂੰ ਸਵੇਰੇ 11:00 ਵਜੇ ਕੰਪਨੀ ਦੇ ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ-141123, ਵਿਖੇ ਨਿਰਧਾਰਤ ਕੀਤੀ ਗਈ ਹੈ।

ਸੂਚਿਤ ਕੀਤਾ ਜਾਂਦਾ ਹੈ ਕੇ ਵੀਰਵਾਰ, 24 ਸਤੰਬਰ 2026 ਤੋਂ ਬੁੱਧਵਾਰ, 30 ਸਤੰਬਰ 2026 (ਦੋਵੇਂ ਦਿਨ ਸਮੇਤ) ਕੰਪਨੀ ਦੇ ਮੈਂਬਰ ਰਜ਼ਿਸਟਰ ਅਤੇ ਸ਼ੈਅਰ ਟ੍ਰਾਂਸ਼ਫਰ ਬੁਕਸ ਉਪਰੋਕਤ AGM ਦੇ ਸਬੰਧ ਵਿੱਚ ਬੰਦ ਰਹਿਣਗੇ।

46ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਦੇ ਨੋਟਿਸ ਵਿੱਚ ਦਿੱਤਾ ਗਿਆ ਬਿਜ਼ਨੈਸ ਈ-ਵੋਟਿੰਗ ਦੇ ਮਾਧਿਅਮ ਰਾਹੀ ਪਾਸ ਕੀਤਾ ਜਾ ਸਕਦਾ ਹੈ।ਰਿਮੋਟ ਈ-ਵੋਟਿੰਗ ਸ਼ਨੀਵਾਰ, 26 ਸਤੰਬਰ, 2026 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ ਮੰਗਲਵਾਰ, 29 ਸਤੰਬਰ, 2026 ਨੂੰ ਸ਼ਾਮ 5.00 ਵਜੇ ਬੰਦ ਹੋ ਜਾਵੇਗੀ।.ਕੰਪਨੀ ਦੇ ਮੈਂਬਰ ਜਿਨਾਂ ਕੋਲ ਕੱਟ ਆਫ ਮਿਤੀ 23 ਸਤੰਬਰ, 2026 ਨੂੰ ਭੌਤਿਕ ਜਾਂ ਡੀਮੈਟੀਰੀਅਲਾਈਜ਼ ਰੂਪ ਵਿੱਚ ਕੰਪਨੀ ਦੇ ਸ਼ੇਅਰ ਹੋਣਗੇ ਉਹ ਆਪਣੀ ਵੋਟ ਸੈਂਟ੍ਰਲ ਡਿਪਾਜ਼ਟਰੀ ਸਰਵਿਸਜ (ਇੰਡੀਆ) ਲਿਮ. (CDSL) ਜਾਂ ਮੀਟਿੰਗ ਵਿੱਚ ਬੈਲੱਟ ਪੇਪਰ ਰਾਹੀਂ ਪਾ ਸਕਦੇ ਹਨ।

ਕੋਈ ਵਿਅਕਤੀ ਜੋ ਕੰਪਨੀ ਦੁਆਰਾ AGM ਦੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ ਆਫ ਮਿਤੀ 23 ਸਤੰਬਰ, 2026 ਤੱਕ ਰੱਖਦਾ ਹੈ ਉਹ atl@shreyansgroup.com ਤੇ ਸੰਪਰਕ ਕਰਕੇ ਈ-ਵੋਟਿੰਗ ਲਈ ਆਪਣੀ ਲਾਗਿਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਦਿੱਤੀ ਟਾਈਮ ਲਾਈਨ ਤੋਂ ਬਾਅਦ CDSL ਦੁਆਰਾ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਈ-ਵੋਟਿੰਗ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਵੇਗੀ।

AGM ਵਿੱਚ ਬੈਲੱਟ ਪੇਪਰ ਰਾਂਹੀ ਵੋਟਿੰਗ ਕਰਨ ਦੀ ਸੁਵਿਧਾ ਹੋਵੇਗੀ। ਜਿਨਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਦੁਆਰਾ ਵੋਟਿੰਗ ਨਹੀਂ ਕੀਤੀ ਉਹ ਮੀਟਿੰਗ ਵਿੱਚ ਵੋਟਿੰਗ ਕਰ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਦਿੱਤੀ ਹੋਵੇਗੀ ਉਹ AGM ਵਿੱਚ ਹਿੱਸਾ ਲੈ ਸਕਦੇ ਹਨ ਪਰ ਉਹਨਾਂ ਨੂੰ ਦੋਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਕੱਟ ਆਫ ਮਿਤੀ ਨੂੰ ਜਿਨ੍ਹਾਂ ਵਿਅਕਤੀਆਂ ਦੇ ਨਾਮ ਮੈਂਬਰ ਰਜ਼ਿਸਟਰ ਜਾ ਡਿਪਾਜ਼ਟਰੀ ਦੇ ਬੇਨੇਫਿਸ਼ਿਅਲ ਓਨਰਜ਼ ਰਜ਼ਿਸਟਰ ਵਿੱਚ ਦਰਜ਼ ਹੋਣਗੇ ਕੇਵਲ ਉਹਨਾਂ ਨੂੰ ਹੀ ਰਿਮੋਟ ਈ-ਵੋਟਿੰਗ ਅਤੇ ਬੈਲਟ ਪੇਪਰ ਰਾਹੀਂ ਵੋਟਿੰਗ ਦਾ ਅਧੀਕਾਰ ਹੋਵੇਗਾ।

AGM ਨੋਟਿਸ, ਵੋਟਿੰਗ ਸੰਬੰਧੀ ਵੇਰਵਾ ਅਤੇ ਸਲਾਨਾ ਰਿਪੋਰਟ 2025-26 ਈ-ਮੇਲ ਰਾਹੀਂ ਉਹਨਾਂ ਮੈਂਬਰਾਂ ਨੂੰ ਭੇਜੀ ਗਈ ਹੈ ਜਿਨ੍ਹਾਂ ਦੀਆਂ ਈ-ਮੇਲ ID ਕੰਪਨੀ ਦੇ ਨਾਲ ਰਜਿਸਟਰਡ ਹਨ। ਇਸ ਤੋਂ ਇਲਾਵਾ ਲਿਸਟਿੰਗ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ **36(1)(b)** ਦੇ ਅਨੁਸਾਰ ਵਿੱਤੀ ਸਾਲ **2025-26** ਲਈ ਸਾਲਾਨਾ ਰਿਪੋਰਟ ਤੱਕ ਪੁਹੰਚ ਕਰਨ ਲਈ ਵੈਬਲਿੰਕ ਅਤੇ ਸਹੀ ਮਾਰਗ ਵਾਲਾ ਇੱਕ ਪੱਤਰ ਉਨ੍ਹਾਂ ਸ਼ੇਅਰਧਾਰਕਾਂ ਨੂੰ ਭੇਜਿਆ ਗਿਆ ਹੈ ਜਿਨ੍ਹਾਂ ਨੇ ਆਪਣਾ ਈ-ਮੇਲ ਪਤਾ ਕੰਪਨੀ, ਡਿਪੋਜ਼ਟਰੀਜ਼, ਜਾਂ **RTA** ਨਾਲ ਰਜਿਸਟਰ ਨਹੀਂ ਕਿਤਾ ਹੈ। AGM ਨੋਟਿਸ ਅਤੇ ਸਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.adinathtextiles.com, ਸਟਾਕ ਐਕਸਚੇਂਜ ਦੀ ਵੈਬਸਾਈਟ i.e. www.bseindia.com ਅਤੇ CDSL ਦੀ ਵੈੱਬਸਾਈਟ www.evotingindia.com ਤੇ ਉਪਲੱਬਧ ਹੈ।

ਬਾ ਹੁਕਮ ਬੋਰਡ
ਲਈ ਆਦੀਨਾਥ ਟੈਕਸਟਾਈਲਜ਼ ਲਿਮਿਟੇਡ
ਸਹੀ/
ਹਰਪ੍ਰੀਤ ਕੌਰ
ਕੰਪਨੀ ਸਕੱਤਰ
ACS 49237

ਸਥਾਨ : ਲੁਧਿਆਣਾ
ਮਿਤੀ : 07-09-2026



### ਰੇਲਯਾਤਰੀ ਕਿਰਪਾ ਧਿਆਨ ਦੇਣ !

## ਰੇਲਗੱਡੀਆਂ ਦਾ ਰੱਦੀਕਰਨ/ਆਂਸ਼ਿਕ ਰੱਦੀਕਰਨ/ਮਾਰਗ ਪਰਿਵਰਤਨ/ ਵਾਧੂ ਅਸਥਾਈ ਸਟਾਪੇਜ ਅਤੇ ਪਲੇਟਫਾਰਮ ਵਿਚ ਬਦਲਾਅ

ਅੰਬਾਲਾ ਮੰਡਲ ਦੇ ਚੰਡੀਗੜ ਰੇਲਵੇ ਸਟੇਸ਼ਨ ਤੇ ਆਧਾਰਿਕ ਅਵਸੰਰਚਨਾ ਨਾਲ ਜੁੜੇ ਕੰਮਾਂ ਦੇ ਸੰਪਾਦਨ ਲਈ, ਉਤਰ ਰੇਲਵੇ ਦੁਆਰਾ 10.09.2026 ਤੋਂ 15.10.2026 ਦੇ ਵਿਚਕਾਰ ਟ੍ਰੈਫਿਕ ਬਲਾਕ ਲਿਆ ਜਾਵੇਗਾ। ਇਸ ਮਿਆਦ ਦੇ ਦੌਰਾਨ ਹੇਠਾਂ ਲਿਖਤ ਰੇਲਗੱਡੀਆਂ ਰੱਦ/ਆਂਸ਼ਿਕ ਰੱਦ ਰਹਿਣਗੀਆਂ/ਬਦਲੇ ਮਾਰਗ ਤੋਂ ਚਲਾਈਆਂ ਜਾਣਗੀਆਂ ਅਤੇ ਕੁਝ ਰੇਲਗੱਡੀਆਂ ਨੂੰ ਵਾਧੂ ਅਸਥਾਈ ਸਟਾਪੇਜ ਪ੍ਰਦਾਨ ਕੀਤਾ ਜਾਵੇਗਾ ਅਤੇ ਪਲੇਟਫਾਰਮ ਵਿਚ ਵੀ ਬਦਲਾਅ ਕੀਤਾ ਜਾਵੇਗਾ। ਵਿਸਤ੍ਰਿਤ ਵੇਰਵਾ ਹੇਠਾਂ ਅਨੁਸਾਰ ਹੈ:-

#### ਰੇਲਗੱਡੀਆਂ ਦਾ ਰੱਦੀਕਰਨ

| ਰੇਲਗੱਡੀ ਨੰਬਰ ਅਤੇ ਨਾਮ | ਰੱਦੀਕਰਨ ਦੀ ਮਿਤੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|
| 14331 ਦਿੱਲੀ ਜੰ.-ਕਾਲਕਾ ਐਕਸਪ੍ਰੈਸ | 09.09.2026 ਤੋਂ 15.10.2026 |
| 14332 ਕਾਲਕਾ-ਦਿੱਲੀ ਜੰ. ਐਕਸਪ੍ਰੈਸ | 10.09.2026 ਤੋਂ 16.10.2026 |
| 54532/54531 ਕਾਲਕਾ-ਅੰਬਾਲਾ ਛਾਉਣੀ-ਕਾਲਕਾ ਪੈਸੰਜਰ | 10.09.2026 ਤੋਂ 15.10.2026 |
| 14541 ਚੰਡੀਗੜ-ਅੰਮ੍ਰਿਤਸਰ ਐਕਸਪ੍ਰੈਸ | 09.09.2026 ਤੋਂ 15.10.2026 |
| 14542 ਅੰਮ੍ਰਿਤਸਰ-ਚੰਡੀਗੜ ਐਕਸਪ੍ਰੈਸ | 10.09.2026 ਤੋਂ 16.10.2026 |
| 14630 ਫਿਰੋਜਪੁਰ ਕੈਂਟ-ਚੰਡੀਗੜ ਸਤਲੁਜ ਐਕਸਪ੍ਰੈਸ | 09.09.2026 ਤੋਂ 15.10.2026 |
| 14629 ਚੰਡੀਗੜ-ਫਿਰੋਜਪੁਰ ਕੈਂਟ ਸਤਲੁਜ ਐਕਸਪ੍ਰੈਸ | 10.09.2026 ਤੋਂ 16.10.2026 |
| 74646 ਜਲੰਧਰ ਸਿਟੀ-ਅੰਬਾਲਾ ਛਾਉਣੀ ਡੀਐਮਯੂ | 09.09.2026 ਤੋਂ 15.10.2026 |
| 74645 ਅੰਬਾਲਾ ਛਾਉਣੀ-ਜਲੰਧਰ ਸਿਟੀ ਡੀਐਮਯੂ | 10.09.2026 ਤੋਂ 16.10.2026 |
| 74991 ਅੰਬਾਲਾ ਛਾਉਣੀ-ਦੌਲਤਪੁਰ ਚੌਂਕ ਡੀਐਮਯੂ | 09.09.2026 ਤੋਂ 15.10.2026 |
| 74992 ਦੌਲਤਪੁਰ ਚੌਂਕ-ਅੰਬਾਲਾ ਛਾਉਣੀ ਡੀਐਮਯੂ | 10.09.2026 ਤੋਂ 16.10.2026 |

#### ਰੇਲਗੱਡੀਆਂ ਦਾ ਆਂਸ਼ਿਕ ਰੱਦੀਕਰਨ

| ਰੇਲਗੱਡੀ ਨੰਬਰ ਅਤੇ ਨਾਮ | ਸਟੇਸ਼ਨ ਜਿਥੇ 'ਤੇ ਰੇਲਗੱਡੀ ਸਮਾਪਤ/ਤੋਂ ਸ਼ੁਰੂ ਹੋਵੇਗੀ | ਸਟੇਸ਼ਨਾਂ ਦੇ ਵਿਚਕਾਰ ਆਂਸ਼ਿਕ ਰੱਦ | ਮਿਤੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|---|---|
| 15063/15064 ਰਾਮਨਗਰ ਚੰਡੀਗੜ ਐਕਸਪ੍ਰੈਸ | ਅੰਬਾਲਾ ਛਾਉਣੀ ਉਤੇ | ਅੰਬਾਲਾ ਛਾਉਣੀ-ਚੰਡੀਗੜ | 14, 21, 28.09.2026 ਅਤੇ 05, 12.10.2026 |
| 15064 ਚੰਡੀਗੜ-ਰਾਮਨਗਰ ਐਕਸਪ੍ਰੈਸ | ਅੰਬਾਲਾ ਛਾਉਣੀ ਤੋਂ | ਚੰਡੀਗੜ-ਅੰਬਾਲਾ ਛਾਉਣੀ | 14, 21, 28.09.2026 ਅਤੇ 05, 12.10.2026 |
| 12983 ਅਜਮੇਰ ਜੰ.-ਚੰਡੀਗੜ ਗਰੀਬ ਰਥ | ਅੰਬਾਲਾ ਛਾਉਣੀ ਉਤੇ | ਅੰਬਾਲਾ ਛਾਉਣੀ-ਚੰਡੀਗੜ | 11, 13, 15, 18, 20, 22, 25, 27, 29.09.2026 ਅਤੇ 02, 04, 06, 09, 11, 13.10.2026 |
| 12984 ਚੰਡੀਗੜ-ਅਜਮੇਰ ਜੰ. ਗਰੀਬ ਰਥ | ਅੰਬਾਲਾ ਛਾਉਣੀ ਤੋਂ | ਚੰਡੀਗੜ-ਅੰਬਾਲਾ ਛਾਉਣੀ | 12, 14, 16, 19, 21, 23, 26, 28, 30.09.2026 ਅਤੇ 03, 05, 07, 10, 12, 14.10.2026 |
| 20989 ਉਦੈਪੁਰ ਸਿਟੀ-ਚੰਡੀਗੜ ਸੁਪਰਫਾਸਟ ਐਕਸਪ੍ਰੈਸ | ਅੰਬਾਲਾ ਛਾਉਣੀ ਉਤੇ | ਅੰਬਾਲਾ ਛਾਉਣੀ-ਚੰਡੀਗੜ | 23, 26, 30.09.2026 ਅਤੇ 03, 07, 10, 14.10.2026 |
| 20990 ਚੰਡੀਗੜ-ਉਦੈਪੁਰ ਸਿਟੀ ਸੁਪਰਫਾਸਟ ਐਕਸਪ੍ਰੈਸ | ਅੰਬਾਲਾ ਛਾਉਣੀ ਤੋਂ | ਚੰਡੀਗੜ-ਅੰਬਾਲਾ ਛਾਉਣੀ | 24, 27.09.2026 ਅਤੇ 01, 04, 08, 11, 15.10.2026 |

ਨੋਟ: (i) ਅੰਬਾਲਾ ਕੈਂਟ ਵਿਚ ਰੇਲਗੱਡੀ ਨੰਬਰ 12983/12984 ਦੇ ਸ਼ਾਰਟ ਟਰਮੀਨੇਸ਼ਨ / ਸ਼ਾਰਟ ਓਰਿਜਿਨੇਸ਼ਨ ਦੇ ਦੌਰਾਨ ਰੇਲਗੱਡੀ ਨੰਬਰ 54551 ਦੀ ਟਰਮੀਨਲ ਜਾਂਚ ਹਰੇਕ ਸ਼ਨੀਵਾਰ ਨੂੰ ਲਾਈਨ ਨੰਬਰ 1ਏ (ਪਲੇਟਫਾਰਮ) ਤੇ ਕੀਤੀ ਜਾਵੇਗੀ।
(ii) ਰੇਲਗੱਡੀ ਨੰਬਰ 20989 ਅੰਬਾਲਾ ਛਾਉਣੀ ਉਤੇ ਆਪਣੀ ਸੇਵਾ ਸਮਾਪਤ ਕਰੇਗੀ ਅਤੇ ਇਹ ਅੰਬਾਲਾ ਛਾਉਣੀ ਤੋਂ ਆਪਣੇ ਤੈਅ ਪਲੇਟਫਾਰਮ ਨੰਬਰ 1 ਦੀ ਥਾਂ ਤੇ ਪਲੇਟਫਾਰਮ ਨੰਬਰ 02 ਤੋਂ ਆਪਣੀ ਸੇਵਾ ਸ਼ੁਰੂ ਕਰੇਗੀ।

#### ਰੇਲਗੱਡੀਆਂ ਦਾ ਮਾਰਗ ਪਰਿਵਰਤਨ

| ਰੇਲਗੱਡੀ ਨੰਬਰ ਅਤੇ ਨਾਮ | ਮੌਜੂਦਾ ਮਾਰਗ | ਬਦਲਿਆ ਰਸਤਾ | ਸਟੇਸ਼ਨ ਜਿਥੇ ਸਟਾਪੇਜ ਨਹੀਂ ਹੋਵੇਗਾ | ਮਿਤੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|---|---|---|
| 14615 ਲਾਲਕੂੰਆਂ ਜੰ.-ਅੰਮ੍ਰਿਤਸਰ ਐਕਸਪ੍ਰੈਸ | ਅੰਬਾਲਾ ਛਾਉਣੀ-ਚੰਡੀਗੜ-ਸਾਹਨੇਵਾਲ | ਸਾਹਨੇਵਾਲ-ਸਰਹਿੰਦ-ਸਾਹਨੇਵਾਲ | ਚੰਡੀਗੜ-ਸਾਹਿਬਜਾਦਾ ਅਜੀਤ ਸਿੰਘ ਨਗਰ-ਨਿਊ ਮੋਰਿੰਡਾ ਜੰ. | 03.10.2026 ਅਤੇ 10.10.2026 |
| 14616 ਅੰਮ੍ਰਿਤਸਰ-ਲਾਲਕੂੰਆਂ ਜੰ. ਐਕਸਪ੍ਰੈਸ | ਸਾਹਨੇਵਾਲ-ਚੰਡੀਗੜ-ਅੰਬਾਲਾ ਛਾਉਣੀ | ਸਾਹਨੇਵਾਲ-ਸਰਹਿੰਦ-ਅੰਬਾਲਾ ਛਾਉਣੀ | ਨਿਊ ਮੋਰਿੰਡਾ ਜੰ.-ਸਾਹਿਬਜਾਦਾ ਅਜੀਤ ਸਿੰਘ ਨਗਰ-ਚੰਡੀਗੜ | 03.10.2026 ਅਤੇ 10.10.2026 |

#### 10.09.2026 ਤੋਂ 15.10.2026 ਤਕ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਉਤੇ ਵਾਧੂ ਅਸਥਾਈ ਸਟਾਪੇਜ

| ਰੇਲਗੱਡੀ ਨੰਬਰ ਅਤੇ ਨਾਮ | ਮਿਤੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|
| 18309 ਸਮਬਲਪੁਰ ਜੰ.-ਜੰਮੂ ਤਵੀ ਐਕਸਪ੍ਰੈਸ | 08.09.2026 ਤੋਂ 13.10.2026 |
| 18310 ਜੰਮੂ ਤਵੀ-ਸਮਬਲਪੁਰ ਜੰ. ਐਕਸਪ੍ਰੈਸ | 09.09.2026 ਤੋਂ 13.10.2026 |
| 18101 ਟਾਟਾਨਗਰ ਜੰ.-ਜੰਮੂ ਤਵੀ ਐਕਸਪ੍ਰੈਸ | 08.09.2026 ਤੋਂ 13.10.2026 |
| 18102 ਜੰਮੂ ਤਵੀ-ਟਾਟਾ ਨਗਰ ਜੰ. ਐਕਸਪ੍ਰੈਸ | 09.09.2026 ਤੋਂ 13.10.2026 |
| 11905/11906 ਆਗਰਾ ਛਾਉਣੀ-ਹੁਸ਼ਿਆਰਪੁਰ-ਆਗਰਾ ਛਾਉਣੀ ਐਕਸ. | 09.09.2026 ਤੋਂ 14.10.2026 |
| 15531 ਸਹਰਸਾ ਜੰ.-ਅੰਮ੍ਰਿਤਸਰ ਜਨਸਾਧਾਰਨ ਐਕਸਪ੍ਰੈਸ | 13, 20, 27.09.2026 ਅਤੇ 04, 11.10.2026 |
| 15532 ਅੰਮ੍ਰਿਤਸਰ-ਸਹਰਸਾ ਜੰ. ਜਨਸਾਧਾਰਨ ਐਕਸਪ੍ਰੈਸ | 14, 21, 28.09.2026 ਅਤੇ 05, 12.10.2026 |
| 14631/14632 ਦੇਹਰਾਦੂਨ-ਅੰਮ੍ਰਿਤਸਰ-ਦੇਹਰਾਦੂਨ ਐਕਸਪ੍ਰੈਸ | 09.09.2026 ਤੋਂ 14.10.2026 |

#### 10.09.2026 ਤੋਂ 21.10.2026 ਤਕ ਰੇਲਗੱਡੀਆਂ ਦੇ ਪਲੇਟਫਾਰਮ ਵਿਚ ਬਦਲਾਅ

| ਰੇਲਗੱਡੀ ਨੰਬਰ ਅਤੇ ਨਾਮ | ਨਿਰਧਾਰਿਤ ਬਰਥਿੰਗ ਪਲੇਟਫਾਰਮ | ਬਦਲਿਆ ਬਰਥਿੰਗ ਪਲੇਟਫਾਰਮ |
|---|---|---|
| 22686 ਚੰਡੀਗੜ-ਯਸ਼ਵੰਤਪੁਰ ਕਰਨਾਟਕ ਸੰਪਰਕ ਕ੍ਰਾਂਤੀ ਐਕਸਪ੍ਰੈਸ | 5 | 3 |
| 22685 ਯਸ਼ਵੰਤਪੁਰ-ਚੰਡੀਗੜ ਕਰਨਾਟਕ ਸੰਪਰਕ ਕ੍ਰਾਂਤੀ ਐਕਸਪ੍ਰੈਸ | 6 | 4 |
| 20494 ਚੰਡੀਗੜ-ਮਦੂਰੈ ਜੰ. ਸੁਪਰਫਾਸਟ ਐਕਸਪ੍ਰੈਸ | 5 | 4 |
| 20493 ਮਦੂਰੈ ਜੰ.- ਚੰਡੀਗੜ ਸੁਪਰਫਾਸਟ ਐਕਸਪ੍ਰੈਸ | 4 | 2 |
| 22452 ਚੰਡੀਗੜ-ਬਾਂਦਰਾ ਟਰਮੀਨਸ ਐਕਸਪ੍ਰੈਸ | 5 | 3 |
| 22451 ਬਾਂਦਰਾ ਟਰਮੀਨਸ-ਚੰਡੀਗੜ ਐਕਸਪ੍ਰੈਸ | 5 | 4 |
| 14217 ਪ੍ਰਯਾਗਰਾਜ ਸੰਗਮ-ਚੰਡੀਗੜ ਊਚਾਂਹਾਰ ਐਕਸਪ੍ਰੈਸ | 5 | 4 |
| 14218 ਚੰਡੀਗੜ-ਪ੍ਰਯਾਗਰਾਜ ਸੰਗਮ ਊਚਾਂਹਾਰ ਐਕਸਪ੍ਰੈਸ | 4 | 2 |
| 15903 ਡਿਬਰੂਗੜ-ਚੰਡੀਗੜ ਐਕਸਪ੍ਰੈਸ | 5 | 4 |
| 12450 ਚੰਡੀਗੜ-ਮਡਗਾਂਵ ਜੰ. ਗੋਵਾ ਸੰਪਰਕ ਕ੍ਰਾਂਤੀ ਐਕਸਪ੍ਰੈਸ | 6 | 4 |
| 12218 ਚੰਡੀਗੜ-ਤਿਰੂਵਨੰਤਪੁਰਮ ਕੇਰਲ ਸੰਪਰਕ ਕ੍ਰਾਂਤੀ ਐਕਸਪ੍ਰੈਸ | 6 | 3 |
| 12046 ਚੰਡੀਗੜ-ਨਵੀ ਦਿੱਲੀ ਸ਼ਤਾਬਦੀ ਐਕਸਪ੍ਰੈਸ | 6 | 3 |
| 20977/20978 ਅਜਮੇਜ ਜੰ.-ਚੰਡੀਗੜ-ਅਜਮੇਰ ਜੰ. ਵੰਦੇ ਭਾਰਤ ਐਕਸਪ੍ਰੈਸ | 6 | 1 |
| 22355/22356 ਪਾਟਲਿਪੁਤਰ ਜੰ.-ਚੰਡੀਗੜ-ਪਾਟਲਿਪੁਤਰ ਜੰ. ਐਕਸਪ੍ਰੈਸ | 6 | 4 |
| 14616 ਅੰਮ੍ਰਿਤਸਰ-ਲਾਲਕੂੰਆਂ ਜੰ. ਐਕਸਪ੍ਰੈਸ | 3 | 1 |
| 13051 ਹਾਵੜਾ ਜੰ.-ਕਾਲਕਾ ਨੇਤਾਜੀ ਐਕਸਪ੍ਰੈਸ | 4 | 2 |
| 14610 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਯੋਗ ਨਗਰੀ ਰਿਸ਼ੀਕੇਸ਼ ਹੇਮਕੁੰਟ ਐਕਸਪ੍ਰੈਸ | 2 | 1 |
| 12231 ਲਖਨਊ-ਚੰਡੀਗੜ੍ਹ ਐਕਸਪ੍ਰੈਸ | 4 | 2 |
| 22456 ਕਾਲਕਾ-ਸਾਈਨਗਰ ਸ਼ਿਰਡੀ ਐਕਸਪ੍ਰੈਸ | 4 | 3 |
| 20989/20990 ਉਦੈਪੁਰ ਸਿਟੀ-ਚੰਡੀਗੜ-ਉਦੈਪੁਰ ਸਿਟੀ ਸੁਪਰਫਾਸਟ ਐਕਸਪ੍ਰੈਸ | 3 | 4 |
| 14632 ਅੰਮ੍ਰਿਤਸਰ-ਦੇਹਰਾਦੂਨ ਐਕਸਪ੍ਰੈਸ | 2 | 1 |

#### 22.09.2026 ਤੋਂ 03.10.2026 ਤਕ ਰੇਲਗੱਡੀਆਂ ਦੇ ਪਲੇਟਫਾਰਮ ਵਿਚ ਬਦਲਾਅ

| ਰੇਲਗੱਡੀ ਨੰਬਰ ਅਤੇ ਨਾਮ | ਨਿਰਧਾਰਿਤ ਬਰਥਿੰਗ ਪਲੇਟਫਾਰਮ | ਬਦਲਿਆ ਬਰਥਿੰਗ ਪਲੇਟਫਾਰਮ |
|---|---|---|
| 12411 ਚੰਡੀਗੜ-ਅੰਮ੍ਰਿਤਸਰ ਇੰਟਰਸਿਟੀ ਐਕਸਪ੍ਰੈਸ | 3 | 2 |
| 15531 ਸਹਰਸਾ ਜੰ.-ਅੰਮ੍ਰਿਤਸਰ ਜਨਸਾਧਾਰਨ ਐਕਸਪ੍ਰੈਸ | 3 | 1 |
| 14616 ਅੰਮ੍ਰਿਤਸਰ-ਲਾਲਕੂੰਆਂ ਐਕਸਪ੍ਰੈਸ | 3 | 1 |
| 12217 ਤਿਰੂਵਨੰਤਪੁਰਮ-ਚੰਡੀਗੜ ਕੇਰਲ ਸੰਪਰਕ ਕ੍ਰਾਂਤੀ ਸੁਪਰਫਾਸਟ | 3 | 5 |
| 22709 ਨਾਂਦੇੜ-ਅੰਬ ਅੰਦੌਰਾ ਸੁਪਰਫਾਸਟ ਐਕਸਪ੍ਰੈਸ | 3 | 1 |
| 12232 ਚੰਡੀਗੜ੍ਹ-ਲਖਨਊ ਐਕਸਪ੍ਰੈਸ | 3 | 5 |
| 12412 ਅੰਮ੍ਰਿਤਸਰ-ਚੰਡੀਗੜ ਇੰਟਰਸਿਟੀ ਐਕਸਪ੍ਰੈਸ | 3 | 2 |
| 13051 ਹਾਵੜਾ ਜੰ.-ਕਾਲਕਾ ਨੇਤਾਜੀ ਐਕਸਪ੍ਰੈਸ | 4 | 2 |
| 20493 ਮਦੂਰੇ ਜੰ. - ਚੰਡੀਗੜ ਸੁਪਰਫਾਸਟ ਐਕਸਪ੍ਰੈਸ | 4 | 2 |
| 12231 ਲਖਨਊ-ਚੰਡੀਗੜ ਐਕਸਪ੍ਰੈਸ | 4 | 2 |
| 14218 ਚੰਡੀਗੜ-ਪ੍ਰਯਾਗਰਾਜ ਸੰਗਮ ਊਚਾਂਹਾਰ ਐਕਸਪ੍ਰੈਸ | 4 | 2 |
| 22456 ਕਾਲਕਾ-ਸਾਈਨਗਰ ਸ਼ਿਰਡੀ ਐਕਸਪ੍ਰੈਸ | 4 | 5 |
| 12449 ਮਡਗਾਂਵ ਜੰ.-ਚੰਡੀਗੜ ਗੋਵਾ ਸੰਪਰਕ ਕ੍ਰਾਂਤੀ ਐਕਸਪ੍ਰੈਸ | 4 | 5 |
| 15904 ਚੰਡੀਗੜ-ਡਿਬਰੂਗੜ ਐਕਸਪ੍ਰੈਸ | 4 | 5 |
| 14610 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਯੋਗ ਨਗਰੀ ਰਿਸ਼ੀਕੇਸ਼ ਹੇਮਕੁੰਟ ਐਕਸਪ੍ਰੈਸ | 2 | 1 |
| 15011/15012 ਲਖਨਊ ਜੰ. - ਚੰਡੀਗੜ੍ਹ-ਲਖਨਊ ਜੰ. ਐਕਸਪ੍ਰੈਸ | 3 | 6 |
| 22685 ਯਸ਼ਵੰਤਪੁਰ-ਚੰਡੀਗੜ ਕਰਨਾਟਕ ਸੰਪਰਕ ਕ੍ਰਾਂਤੀ ਐਕਸਪ੍ਰੈਸ | 6 | 5 |
| 14632 ਅੰਮ੍ਰਿਤਸਰ-ਦੇਹਰਾਦੂਨ ਐਕਸਪ੍ਰੈਸ | 2 | 1 |

#### 04.10.2026 ਤੋਂ 15.10.2026 ਤਕ ਰੇਲਗੱਡੀਆਂ ਦੇ ਪਲੇਟਫਾਰਮ ਵਿਚ ਬਦਲਾਅ

| ਰੇਲਗੱਡੀ ਨੰਬਰ ਅਤੇ ਨਾਮ | ਨਿਰਧਾਰਿਤ ਬਰਥਿੰਗ ਪਲੇਟਫਾਰਮ | ਬਦਲਿਆ ਬਰਥਿੰਗ ਪਲੇਟਫਾਰਮ |
|---|---|---|
| 18310/18309 ਜੰਮੂ ਤਵੀ - ਸਮਬਲਪੁਰ ਜੰ.-ਜੰਮੂ ਤਵੀ ਐਕਸਪ੍ਰੈਸ | 1 | 4 |
| 14631 ਦੇਹਰਾਦੂਨ-ਅੰਮ੍ਰਿਤਸਰ ਐਕਸਪ੍ਰੈਸ | 1 | 4 |
| 14632 ਅੰਮ੍ਰਿਤਸਰ-ਦੇਹਰਾਦੂਨ ਐਕਸਪ੍ਰੈਸ | 2 | 3 |
| 18102/18101 ਜੰਮੂ ਤਵੀ - ਟਾਟਾਨਗਰ ਜੰ.-ਜੰਮੂ ਤਵੀ ਐਕਸਪ੍ਰੈਸ | 1 | 4 |
| 11905 ਅੰਬਾਲਾ ਛਾਉਣੀ-ਹੁਸ਼ਿਆਰਪੁਰ ਐਕਸਪ੍ਰੈਸ | 1 | 4 |
| 11906 ਹੁਸ਼ਿਆਰਪੁਰ-ਅੰਬਾਲਾ ਛਾਉਣੀ ਐਕਸਪ੍ਰੈਸ | 2 | 3 |
| 14504 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਕਾਲਕਾ ਐਕਸਪ੍ਰੈਸ | 1 | 4 |
| 14503 ਕਾਲਕਾ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਐਕਸਪ੍ਰੈਸ | 2 | 4 |
| 19307 ਇੰਦੌਰ ਜੰ.-ਊਨਾ ਹਿਮਾਚਲ ਐਕਸਪ੍ਰੈਸ | 1 | 4 |
| 19308 ਊਨਾ ਹਿਮਾਚਲ-ਇੰਦੌਰ ਜੰ. ਐਕਸਪ੍ਰੈਸ | 1 | 3 |
| 12006 ਕਾਲਕਾ-ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ | 1 | 4 |
| 12005 ਨਵੀਂ ਦਿੱਲੀ-ਕਾਲਕਾ ਸ਼ਤਾਬਦੀ ਐਕਸਪ੍ਰੈਸ | 1 | 5 |
| 19411 ਗਾਂਧੀਨਗਰ ਕੈਪਿਟਲ-ਦੌਲਤਪੁਰ ਚੌਂਕ ਐਕਸਪ੍ਰੈਸ | 1 | 4 |
| 19412 ਦੌਲਤਪੁਰ ਚੌਂਕ-ਗਾਂਧੀਨਗਰ ਕੈਪਿਟਲ ਐਕਸਪ੍ਰੈਸ | 2 | 4 |
| 64563 ਰਾਏਪੁਰ ਹਰਿਆਣਾ - ਅੰਬ ਅੰਦੌਰਾ ਡੀਈਐਮਯੂ | 1 | 3 |
| 64564 ਅੰਬ ਅੰਦੌਰਾ-ਰਾਏਪੁਰ ਹਰਿਆਣਾ ਡੀਈਐਮਯੂ | 2 | 3 |
| 22447 ਨਵੀਂ ਦਿੱਲੀ-ਅੰਬ ਅੰਦੌਰਾ ਵੰਦੇ ਭਾਰਤ ਐਕਸਪ੍ਰੈਸ | 1 | 3 |
| 14795 ਭਿਵਾਨੀ ਜੰ.-ਕਾਲਕਾ ਏਕਤਾ ਐਕਸਪ੍ਰੈਸ | 1 | 5 |
| 14796 ਕਾਲਕਾ-ਭਿਵਾਨੀ ਜੰ. ਏਕਤਾ ਐਕਸਪ੍ਰੈਸ | 2 | 4 |
| 12011 ਨਵੀਂ ਦਿੱਲੀ-ਕਾਲਕਾ ਸ਼ਤਾਬਦੀ ਐਕਸਪ੍ਰੈਸ | 1 | 5 |
| 12012 ਕਾਲਕਾ-ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ | 1 | 3 |
| 22455 ਸਾਈਨਗਰ ਸ਼ਿਰਡੀ-ਕਾਲਕਾ ਐਕਸਪ੍ਰੈਸ | 1 | 5 |
| 12926/12925 ਅੰਮ੍ਰਿਤਸਰ-ਬਾਂਦਰਾ ਟਰਮੀਨਸ-ਅੰਮ੍ਰਿਤਸਰ ਪੱਛਮ ਐਕਸਪ੍ਰੈਸ | 1 | 3 |
| 22448 ਅੰਬ ਅੰਦੌਰਾ - ਨਵੀਂ ਦਿੱਲੀ ਵੰਦੇ ਭਾਰਤ ਐਕਸਪ੍ਰੈਸ | 1 | 3 |
| 12057 ਨਵੀਂ ਦਿੱਲੀ-ਦੌਲਤਪੁਰ ਚੌਂਕ ਜਨਸ਼ਤਾਬਦੀ ਐਕਸਪ੍ਰੈਸ | 1 | 4 |
| 12058 ਦੌਲਤਪੁਰ ਚੌਂਕ-ਨਵੀਂ ਦਿੱਲੀ ਜਨਸ਼ਤਾਬਦੀ ਐਕਸਪ੍ਰੈਸ | 2 | 3 |
| 14609 ਯੋਗ ਨਗਰੀ ਰਿਸ਼ੀਕੇਸ਼-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਹੇਮਕੁੰਟ ਐਕਸਪ੍ਰੈਸ | 1 | 4 |
| 14610 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਯੋਗ ਨਗਰੀ ਰਿਸ਼ੀਕੇਸ਼ ਹੇਮਕੁੰਟ ਐਕਸਪ੍ਰੈਸ | 2 | 3 |
| 12045 ਨਵੀਂ ਦਿੱਲੀ-ਚੰਡੀਗੜ, ਸ਼ਤਾਬਦੀ ਐਕਸਪ੍ਰੈਸ | 1 | 3 |
| 13052 ਕਾਲਕਾ-ਹਾਵੜਾ ਜੰ. ਨੇਤਾਜੀ ਐਕਸਪ੍ਰੈਸ | 2 | 3 |
| 22710 ਅੰਬ ਅੰਦੌਰਾ - ਨਾਂਦੇੜ ਸੁਪਰਫਾਸਟ ਐਕਸਪ੍ਰੈਸ | 2 | 3 |
| 20493 ਮਦੂਰੈ ਜੰ. - ਚੰਡੀਗੜ੍ਹ ਸੁਪਰਫਾਸਟ ਐਕਸਪ੍ਰੈਸ | 4 | 3 |
| 15011/15012 ਲਖਨਊ ਜੰ.-ਚੰਡੀਗੜ੍ਹ-ਲਖਨਊ ਜੰ. ਐਕਸਪ੍ਰੈਸ | 3 | 6 |
| 15532 ਅੰਮ੍ਰਿਤਸਰ-ਸਹਰਸਾ ਜੰ. ਜਨਸਾਧਾਰਨ ਐਕਸਪ੍ਰੈਸ | 2 | 4 |
| 15531 ਸਹਰਸਾ ਜੰ.-ਅੰਮ੍ਰਿਤਸਰ ਜਨਸਾਧਾਰਨ ਐਕਸਪ੍ਰੈਸ | 3 | 4 |

ਵਿਸਤ੍ਰਿਤ ਜਾਣਕਾਰੀ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ.139 ਡਾਯਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139

ਰੇਲਮਦਦ ਵੈਬਸਾਈਟ ਵੇਖੋ:- www.railmadad.indianrailways.gov.in
ਰੇਲਮਦਦ ਐਪ ਡਾਊਨਲੋਡ ਕਰੋ

ਉੱਤਰ ਰੇਲਵੇ
ਸਦਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in 'ਤੇ ਮਿਲੋ

'ਤੇ ਸਾਨੂੰ ਫਾਲੋ ਕਰੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕਲਾਸੀਫਾਈਡ ਇਸ਼ਤਿਹਾਰ

## Change of Name

I Devinder Singh Gill S/o Hardev Singh Village Dubli Tehsil Patti District Tarn Taran Have Changed My Name From Devinder Singh Gill to Devinder Singh pl note it.

I, Raji D/o Jagtar Singh, R/o Vill. Sardulapur, Tehsil Sultanpur Lodhi Distt. Kapurthala, Punjab, have changed my name from Raji to Raji Kaur. All concerned may please note the same.

I, Sabi S/o Shinda R/o Kakra Kalan, Tehsil Shahkot, District Jalandhar, Punjab-144703, INDIA have changed my name Sabi to Sabi Singh. Singh considers as Surname and Sabi considers as Given name. Note Please.

I, Harjot Singh S/o Sodhi Singh R/o Village Dhindsa, P.O. Bir Bansian, Tehsil Phillaur, Jalandhar, Punjab 144409 have changed my name to Given Name Harjot & Surname as Singh. All Concerned Note.

I, Balbir Kaur D/o Sudesh Lal W/o Surjit Singh R/o V.P.O Bhikhowal Distt. Hoshiarpur have changed my name to Simranjit Kaur. Concerned Note.

I, Yakoob S/O Gurdeep Singh Whose Permanent address in India is Vill. Saidpur Jhiri, P.O. Shahkot, Distt. Jalandhar-Pin144702 (Punjab), India and is now living at 676, Great West Road, Isleworth, Middlesex, TW7 4PU, England, UK, here by give notice of my intention to change my name to YAKOOB CHANDI subject to the approval of The High Commission of India, London, UK.

I, Savita Dhawan W/O Rajiv Dhawan R/O 115,Green Field,Majitha Road,Amritsar hereby declare that I have changed my name from Savita Kumari D/O Bal Krishan to Savita Dhawan W/O Rajiv Dhawan after my marriage. All concerned note please.

I Sneha D/o Gurnam Masih, VPO Pasnawal, Distt. Gurdaspur, have changed my name from Sneha to Sneha Sahota.Concerned note.

I, Bhanu Seth W/o Vaibhav Seth R/o 33A, V V Homes, Imperial City, Loharka Road, Amritsar, Punjab have changed my name from Bhanu Seth to Ambica Seth.

I, Meghna D/o Kiranpal Now wife of Vikrant Pathania R/o Razabad (128), P.O. Ayalki, Distt. Fatehabad, Haryana at present resident of VPO Bajrawar, Distt. Hoshiarpur, Punjab, I have changed my name from Meghna to Meghna Pathania. After my marriage. Concerned please note.

I, Neha Chhabra W/o Anmol Arora R/o H.No. WN249, Main Bazar Basti Danishmanda, jalandhar, 144002, Punjab, India, have changed my name from Neha Chhabra To Neha Arora After Marriage. All concerned Please Note.

I, Lakhvinder Singh S/o Paramjit Singh R/o V.PO.Tajpur Distt. Jalandhar, Punjab have changed my name Spelling from Lakhvinder Singh to Lakhwinder Singh. All please note.

I, Bhupinder Singh S/o Resham Singh R/o Village Hayatpur, Jattan, Po. Saroya, Distt. S.B.S Nagar - 144524, Punjab have changed my name from Bhupinder Singh to Bhupinder as given name and Singh as surname. All concerned please note.

I, Rakesh S/o Kewal Krishan, R/o P-1204, Jalandhar Heights 2, 66 Feet Road, Jalandhar, Punjab - 144001, have changed my name and shall hereafter be known as Rakesh Verma. (Surname as Verma).

I, Gurjoban Singh s/o Gurjinder Singh r/o Village Hardo Sheikh, Po. Bhandal Himmat, Distt. Jalandhar have changed my Given name as Gurjoban & Surname as Singh. All Please Note.

I, Parneet Kaur d/o Gurjinder Singh r/o Village Hardo Sheikh, Po. Bhandal Himmat, Distt. Jalandhar have changed my Given name as Parneet & Surname as Kaur. All Please Note.

I, Prabhjot Singh s/o Sohan Singh r/o VPO. Boparai Kalan, Tehsil Nakodar, District Jalandhar, Punjab 144630 state that my correct name is Prabjot Singh. All Please Note.

I, Prabjot Singh s/o Sohan Singh r/o VPO. Boparai Kalan, Tehsil Nakodar, District Jalandhar have changed my Given name as Prabjot & Surname as Singh. All Please Note.

I, Mehtab Singh s/o Tarlok Singh r/o Vill. Nauli, Po. Isharwal, Distt. Jalandhar have chnanged my name from Mehtab Singh to Given name as Mehtab & Surname as Singh. All Please Note.

I, Harpreet Singh s/o Satnam Singh r/o Vill. Pandori Atwalan, Po. Garhdiwala, Hoshiarpur have changed my name to Singh Harpreet. All Please Note.

I, Jagjiwan Ram s/o Tarsem Singh r/o Vill. Nahal Po. Pandori Nijjran, Ps. Adampur Distt. Jalandhar have changed my name to Given name as Jagjiwan & Surname as Ram. All Please Note.

I Manjit Kaur alias Ranjit Kaur w/o Swaran Singh R/o House Number 240 Old Beant Nagar, Jalandhar have changed my name from Manjit Kaur alias Ranjit Kaur to Ranjit Kaur.

I, Sunita Kumari W/o Rajesh Kumar Dhamija R/o H.No. 39, New Suraj Ganj, Near Nari Niketan, Nakodar Road, Jalandhar have changed my name from Sunita Kumari to Sunita Dhamija.

I, Madhu Gambhir alias Saakshi W/o Sanjiv Gambhir R/o H.No. 48-R, Model Town, District Jalandhar-144001, Punjab have changed my name from Madhu Gambhir alias Saakshi to Madhu Gambhir. All concerned please note.

I, Madan Gopal S/o Harbans Lal R/o Village Daulatpur, Raipur, Jalandhar, Punjab-144402 have changed my daughter's name from Yashika to Yashika Ahir. All concerned please note.

I, Kamaljit Singh S/o Gurcharan Singh R/o VPO. Dialgarh, Distt. Gurdaspur, Punjab have changed my name from Kamaljit Singh to Kamaljeet Singh. Concerned Note.

I, Rakesh Kumar S/o Raj Kishore R/o VPO Sarhali Distt Jalandhar, Punjab-144633 Have Changed my Name From Rakesh Kumar To Rakesh As My Given Name And Kumar As My Surname. All Concerned Please Note.

## Change of Name

I, Prerna D/o Vinod Kumar R/o H.No. 1147, Near Dayanand Chowk, Sadak Mohalla, Garha, Jalandhar, Punjab -144022 have changed my name from Prerna to Prerna Bhagat. All concerned please note.

I GURIQUBAL SINGH S/O BALBIR SINGH R/O Village Miani Bakarpur PO dhilwan district Kapurthala declare that have changed my name from GURIQUBAL SINGH to SINGH as surname and GURIQUBAL as given name. Please note.

I, Randeep Kumar S/o Magat Ram R/o 45, Shamsher Nagar Kale Ghanupur, Amritsar 143105 have declare that Randeep is my Given name and Kumar is my given name

I, Gurpartap Singh S/o Arjan Singh R/o VPO Sur Singh Tehsil Patti District Tarn Taran have declare that Gurpartap is my Given name and Singh is my Surname

I, Maninder Kaur W/o Maninder Singh R/o H.No.337, Shastri Nagar, Lawrence Road, Amritsar have declare that Maninder is my Given name and Kaur is my Surname

I, Prabhjeet Kaur W/o Kuljinder Pal Singh Bhangu R/o H.No. 1972, Gali Khoo Bhalla, Islamabad, Amritsar have changed my name from Prabhjeet Kaur to Prabhjeet Kaur Bhangu

I, Manpreet Singh Sohal S/o Nishan Singh R/o Pati Fulu Di, Village Vallah Amritsar have changed my name from Manpreet Singh Sohal to Manpreet Singh

I, Paramjit Kaur W/o Manmeet Singh R/o 36, Gali No 6, Ganda Singh Colony, Tarn Taran Road, Amritsar have changed my name from Paramjit Kaur to Paramjeet Kaur

I, Manmeet Singh Babra S/o Surinder Singh R/o 36, Gali No 6, Ganda Singh Colony, Tarn Taran Road, Amritsar have changed my name from Manmeet Singh Babra to Manmeet Singh

I, Charanjit Singh S/o Balwinder Singh R/o H.No.10-A, Mahindra Colony Sultanwind Road, Amritsar have changed my name from Charanjit Singh to Charanjeet Singh

I, Preeti W/o. Sahib Singh R/o. Village Balsarai, Tehsil Baba Bakala, Amritsar have changed my name from Preeti to Preet Kaur. All concerned noted.

I, Gurpreet Singh S/o Nirmal Singh R/o E-13/975, Dhyan Singh Machina Wali Gali Village Kale Kale Ghanupur, PO Chheharta, District Amritsar have declare that Gurpreet is my Given name and Singh is my Surname.

I, Mandeep Kaur D/o Jaswant Singh R/o VPO Ludhra Jalandhar Rural have changed my minor daughter Mandeep Kaur name. Mandeep is her Given name and Kaur is her Surname.

I, Mandeep Kaur D/o Jaswant Singh R/o VPO Ludhra Jalandhar Rural have changed my minor daughter Hargun Kaur name. Hargun is her Given name and Kaur is her Surname

I Shivani W/O Harvinder Singh R/O H.No.545 B Block New Amritsar G T Road Amritsar Have Changed My Name To Shivani Arora.

I Sehajpal Singh S/O Harwinder Singh R/O Vill.Ahmedpur Po Kacha Pacca Tehsil Patti Tarn Taran Have Changed My Name From Sehajpal Singh To Given Name Sehajpal Surname Singh.

I, Bhulla Singh S/O Bakhshish Singh R/O Village. Darya. PO. Ghorewaha, Teh.Tanda, Distt. Hoshiarpur. Punjab. I Have Changed My Name From Bhulla Singh To Singh Bhulla. (Surname As Singh) please Note.

i , Yogesh S/O Gurmej Lal R/O Ward No. 01, Mohalla Azad Nagar, Tehsil Shahkot, District Jalandhar, Punjab-144702, India have changed my name Yogesh to Yogesh Heer. Heer considers as Surname and Yogesh considers as Given name. Note Please.

## Lost and Found

I, Rakesh Roshan S/o Gulzar S/o Mangat Ram R/o Village Lohian Khass, Tehsil Shahkot, District Jalandhar, do hereby inform that Original Registered Sale Deed Dated:- 06-07-2020, Document No.105 and Original Registered Sale Deed Dated 15-09-2021, Document No. 2021-22/178/1/355 were lost / misplaced by me on 10-08-2026. In case this Title Deed is found, I may be contacted.

## ਨਾਂਅ ਦੀ ਬਦਲੀ

ਮੈਂ, ਮਨਜੀਤ ਕੌਰ ਪਤਨੀ ਹਰਨੇਕ ਸਿੰਘ ਵਾਸੀ ਸਹਿਜੜਾ ਨੇ ਆਪਣਾ ਨਾਂਅ ਬਦਲ ਕੇ ਮਨਜੀਤ ਕੌਰ ਉਰਫ਼ ਬਲਜੀਤ ਕੌਰ ਉਰਫ਼ ਜੀਤੋ ਰੱਖ ਲਿਆ ਹੈ।

ਮੈਂ, ਸਰਨਜੀਤ ਕੌਰ ਬਾਜਵਾ ਪਤਨੀ ਜਰਨੈਲ ਸਿੰਘ ਵਾਸੀ ਸਹਿਜੜਾ (ਬਰਨਾਲਾ) ਨੇ ਆਪਣਾ ਨਾਂ ਬਦਲ ਕੇ ਸਰਨਜੀਤ ਕੌਰ ਉਰਫ਼ ਗਗਨਜੀਤ ਕੌਰ ਰੱਖ ਲਿਆ ਹੈ।

ਮੈਂ, ਸੁਰਿੰਦਰ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਗੁੰਮਟੀ (ਬਰਨਾਲਾ) ਨੇ ਆਪਣਾ ਨਾਂਅ ਬਦਲ ਕੇ ਸੁਰਿੰਦਰ ਕੌਰ ਉਰਫ਼ ਸਿੰਦਰ ਕੌਰ ਰੱਖ ਲਿਆ ਹੈ।

ਮੈਂ, ਸੈਮਨ ਪੁੱਤਰ ਰਸੀਦ ਮਸੀਹ ਵਾਸੀ ਪਿੰਡ ਸੈਦਪੁਰ ਝਿੜੀ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਸੈਮਨ ਤੋਂ ਬਦਲ ਕੇ ਸਾਈਮਨ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਕਰੁਨਾ ਪਤਨੀ ਸ਼੍ਰੀ ਸੁਰੇਸ਼ ਕੁਮਾਰ, ਵਾਸੀ ਮਕਾਨ ਨੰਬਰ 299, ਸੁਰਾਜਾਂ ਚੌਂਕ, ਹੁਸ਼ਿਆਰਪੁਰ, ਪਿੰਨ ਕੋਡ 146001, ਪੰਜਾਬ ਨੇ ਆਪਣਾ ਨਾਮ ਦਰਸ਼ਨਾ ਤੋਂ ਬਦਲ ਕੇ ਕਰੁਨਾ ਰੱਖ ਲਿਆ ਹੈ। ਸਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ, ਬਲਵੰਤ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਦਿਤੂ ਨੰਗਲ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਮਨਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਆਰਤੀ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਬੇਦਖਲ ਕਰ ਦਿੱਤਾ ਸੀ। ਹੁਣ ਇਹ ਮੇਰੇ ਕਹਿਣੇ ਵਿਚ ਹਨ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹਨ ਅਤੇ ਮੈਂ ਇਨ੍ਹਾਂ ਨੂੰ ਦਿੱਤੀ ਬੇਦਖਲੀ ਰੱਦ ਕਰਦਾ ਹਾਂ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚ ਦਾਖਲ ਕਰਦਾ ਹਾਂ।

ਅਸੀਂ, ਉਮ ਪਰਕਾਸ਼ ਪੁੱਤਰ ਪੂਰਨ ਮੱਲ ਅਤੇ ਮਾਇਆ ਦੇਵੀ ਪਤਨੀ ਉਮ ਪਰਕਾਸ਼ ਵਾਸੀਆਨ ਵਾਰਡ ਨੰਬਰ 2, ਅਹੀਆਪੁਰ, ਡਾਕਖਾਨਾ ਉੜਮੁੜ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਦੀਪਕ ਬੈਨੀਵਾਲ ਅਤੇ ਇਸਦੀ ਪਤਨੀ ਕੁਲਵਿੰਦਰ ਕੌਰ ਨੂੰ ਸਾਡੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 24-01-2025 ਨੂੰ ਅਖ਼ਬਾਰ ਨਵਾਂ ਜ਼ਮਾਨਾ ਵਿੱਚ ਦਿੱਤੇ ਇਸ਼ਤੇਹਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਸਾਡਾ ਦੀਪਕ ਬੈਨੀਵਾਲ ਸਾਡੇ ਕਹਿਣੇ ਵਿੱਚ ਹੈ। ਅਸੀਂ ਇਸਦੀ ਬੇਦਖਲੀ ਵਾਪਿਸ ਲੈਂਦੇ ਹਾਂ। ਹੁਣ ਇਹ ਸਾਡੀ ਚੱਲ-ਅਚੱਲ ਜਾਇਦਾਦ ਦਾ ਵਾਰਿਸ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਦਿਨੇਸ਼ ਸ਼ਰਮਾ ਪੁੱਤਰ ਜਗਨ ਨਾਥ ਸ਼ਰਮਾ ਵਾ ਮੋਨਿਕਾ ਸ਼ਰਮਾ ਪਤਨੀ ਦਿਨੇਸ਼ ਸ਼ਰਮਾ ਵਾਸੀਆਨ ਮਕਾਨ ਨੰ: ਡਬਲਯੂ ਬੀ-22, ਰੈਨਕ ਬਜਾਰ, ਮੁੱਹਲਾ ਖਜੂਰਾ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਅਸੀਂ ਆਪਣੀ ਲੜਕੀ ਪ੍ਰੀਸ਼ੀ ਸ਼ਰਮਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 03-02-2026 ਨੂੰ ਨਵਾਂ ਜ਼ਮਾਨਾ ਅਖਬਾਰ ਰਾਹੀਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਸਾਡੀ ਲੜਕੀ ਸਾਡੇ ਕਹਿਣੇ ਵਿੱਚ ਹੈ। ਇਸ ਲਈ ਅਸੀਂ ਆਪਣੀ ਦਿੱਤੀ ਹੋਈ ਉਕਤ ਬੇਦਖਲੀ ਵਾਪਸ ਲੈਂਦੇ ਹਾਂ ਅਤੇ ਹੁਣ ਸਾਡੀ ਲੜਕੀ ਸਾਡੀ ਚੱਲ ਵਾ ਅਚੱਲ ਜਾਇਦਾਦ ਦੀ ਹੱਕਦਾਰ ਹੋਵੇਗੀ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈ ਮਨੋਹਰ ਲਾਲ ਪੁੱਤਰ ਬਾਬੂ ਰਾਮ ਵਾਸੀ 167, ਗਲੀ ਨੰ: 1, ਮਾਸਟਰ ਐਵੀਨਿਉ, ਕਾਲੇ ਘਨੂੰਪੁਰ ਛੇਹਰਟਾ ਤਹਿਸੀਲ ਅਤੇ ਜਿਲ੍ਹਾਂ ਅੰਮ੍ਰਿਤਸਰ ਆਪਣੇ ਬੇਟੇ ਕਰਨ ਅਤੇ ਉਸਦੀ ਪਤਨੀ ਕਮਲਪ੍ਰੀਤ ਕੋਰ ਜੋ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਰਜੀ ਕਰਦੇ ਹਨ ਨੂੰ ਪਰਿਵਾਰ ਸਮੇਤ ਆਪਣੀ ਚੱਲ ਅਚੱਲ, ਝੁੱਕਵੀ ਅਣਝੁੱਕਵੀ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਨਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਹੁਣ ਕਰਨ ਦੇ ਨਾਲ ਕੋਈ ਸੰਬਧ ਨਹੀ ਹੈ।

ਮੈਂ, ਮੰਗੂ ਰਾਮ ਪੁੱਤਰ ਲੱਭੂ ਰਾਮ ਵਾਸੀ ਵਾਰਡ ਨੰਬਰ 04, ਗੁਰੂ ਨਾਨਕ ਨਗਰ ਭੋਗਪੁਰ ਤਹਿਸੀਲ ਆਦਮਪੁਰ (ਭੋਗਪੁਰ) ਜਿਲ੍ਹਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਰਾਜ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਜੋਗਿੰਦਰ ਸਿੰਘ ਪੁੱਤਰ ਸ਼੍ਰੀ ਦਰਸ਼ਨ ਸਿੰਘ ਅਤੇ ਸੁਖਵਿੰਦਰ ਕੌਰ ਪਤਨੀ ਸ਼੍ਰੀ ਜੋਗਿੰਦਰ ਸਿੰਘ ਦੋਵੇ ਵਾਸੀਆਨ ਪਿੰਡ ਖੋਜਪੁਰ ਡਾਕਖਾਨਾ ਰਾਜਪੁਰ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਸਾਡਾ ਲੜਕਾ ਗੁਰਪ੍ਰੀਤ ਸਿੰਘ ਅਤੇ ਨੂੰਹ ਮਨਜੀਤ ਕੌਰ ਅਤੇ ਪੋਤਾ ਸੁਖਮਨਪ੍ਰੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੋਣ ਕਾਰਨ ਅਸੀਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਸਾਡੇ ਅਤੇ ਸਾਡੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਸਰਬਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਹਰੀਕੇ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ। ਮੇਰਾ ਲੜਕਾ ਰਣਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖ਼ੁਦ ਜ਼ੁੰਮੇਵਾਰ ਹੋਵੇਗਾ।

ਮੈਂ, ਤਾਰਾ ਸਿੰਘ ਪੁੱਤਰ ਰਾਮ ਕਿਸ਼ਨ ਵਾਸੀ ਬੋਹਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸ਼ਨਪ੍ਰੀਤ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ ਹਰਜੀਤ ਕੌਰ ਪਤਨੀ ਮਹਿੰਦਰ ਪਾਲ ਵਾਸੀ ਪਿੰਡ ਸਿੰਘਾਂਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ ਅਤੇ ਮੇਰੀ ਨੂੰਹ ਸਪਨਾ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਨਾਇਬ ਸਿੰਘ ਪੁੱਤਰ ਜੁਗਰਾਜ ਸਿੰਘ ਪਿੰਡ ਥੰਮਣਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਕਰਮ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਨੰਗਲ ਕਲਾਂ, ਤਹਿਸੀਲ ਤੇ ਜ਼ਿਲ੍ਹਾ ਮਾਨਸਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਕਰਨ ਸਿੰਘ, ਨੂੰਹ ਮਨਜੀਤ ਕੌਰ ਅਤੇ ਪੋਤਾ ਅਰਮਾਨ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਹਰਭਜਨ ਸਿੰਘ ਪੁੱਤਰ ਗੁਰਦੇਵ ਸਿੰਘ ਅਤੇ ਬਲਵੀਰ ਕੌਰ ਪਤਨੀ ਹਰਭਜਨ ਸਿੰਘ ਵਾਸੀ ਗੁਰੂ ਨਾਨਕ ਨਗਰ, ਗਲੀ ਨੰ: 5, ਨੇੜੇ ਇੰਦਰ ਮੈਮੋਰੀਅਲ ਸਕੂਲ, ਅਮਲੋਹ ਰੋਡ ਖੰਨਾ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਰਸ਼ਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ, ਸਾਨੂੰ ਕੋਈ ਮਾਣ-ਸਤਿਕਾਰ ਨਹੀਂ ਦਿੰਦਾ ਅਤੇ ਸਾਡੇ ਨਾਲ ਮਾੜਾ ਵਤੀਰਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਜੋਗਿੰਦਰ ਸਿੰਘ ਪੁੱਤਰ ਕਰਮ ਸਿੰਘ ਵਾ ਸੁਰਿੰਦਰ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ: ਈ. ਜੀ. 334, ਮੁਹੱਲਾ ਬਸ਼ੀਰਪੁਰਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਵਿੰਦਰ ਸਿੰਘ ਅਤੇ ਉਸ ਦੀ ਪਤਨੀ ਦੀਪਤੀ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਮਾੜਾ ਵਿਹਾਰ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਗੁਰਬਖ਼ਸ਼ ਸਿੰਘ ਪੁੱਤਰ ਵਰਿਆਮ ਸਿੰਘ, ਸੁਖਵਿੰਦਰ ਕੌਰ ਪਤਨੀ ਗੁਰਬਖ਼ਸ਼ ਸਿੰਘ, ਵਾਸੀਆਨ ਪਿੰਡ ਕੱਕੜਵਾਲ (ਸੰਗਰੂਰ) ਆਪਣੇ ਲੜਕੇ ਗੁਰਪ੍ਰੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁੱਦ ਜ਼ਿੰਮੇਵਾਰ ਹੋਣਗੇ।

ਮੈਂ, ਪਵਨ ਕੁਮਾਰ ਪੁੱਤਰ ਨੇਤ ਰਾਮ ਵਾਸੀ ਪਿੰਡ ਮੀਰਪੁਰ ਖੁਰਦ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਯੋਗੇਸ਼ ਕੁਮਾਰ ਅਤੇ ਇਸ ਦੀ ਪਤਨੀ ਰਿਪੀ ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ ਕੁਲਵੰਤ ਕੌਰ ਵਿਧਵਾ ਬਲਵੀਰ ਸਿੰਘ ਵਾਸੀ ਮੱਲ੍ਹੂ ਵਾਲੀਏ ਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦੀ ਹਾਂ। ਮੇਰਾ ਪੋਤਰਾ ਅਕਾਸ਼ਦੀਪ ਸਿੰਘ ਪੁੱਤਰ ਲੇਟ ਸ੍ਰੀ ਸਲਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਮੇਰਾ ਜਾਂ ਮੇਰੇ ਕਿਸੇ ਵੀ ਪਰਵਾਰਕ ਮੈਂਬਰਾਂ ਦਾ ਕੋਈ ਸੰਬੰਧ ਨਹੀਂ ਰਿਹਾ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਲਾਲ ਚੰਦ ਪੁੱਤਰ ਰਤਨ ਚੰਦ ਅਤੇ ਪੂਨਮ ਤਰੇਹਨ ਪਤਨੀ ਲਾਲ ਚੰਦ ਵਾਸੀ ਮਕਾਨ ਨੰ: 149, ਵਾਰਡ ਨੰ: 6, ਤਾਲਾਬ ਰੋਡ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਿਤ ਤਰੇਹਨ, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈ ਸਰਬਜੀਤ ਪਤਨੀ ਸੁਖਦੇਵ ਰਾਜ ਵਾਸੀ ਪ੍ਰੇਮ ਨਗਰ ਬਹਦਾਵਾਲ ਬਟਾਲਾ, ਜਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰੋਹੀਤ ਉਰਫ ਰਾਹੁਲ ਅਤੇ ਨੂੰਹ ਕੁਲਜੀਤ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ। ਮੈਂ ਇਹਨਾ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾ ਦੇ ਨਾਲ ਕਿਸੇ ਪ੍ਰਕਾਰ ਦਾ ਲੈਣ ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ।ਸੰਬੰਧਤ ਨੋਟ ਕਰਨ।

ਮੈਂ, ਸੁੱਚਾ ਸਿੰਘ ਪੁੱਤਰ ਸੰਗਾਰਾ ਸਿੰਘ ਵਾਸੀ ਬਾਬਾ ਫਰੀਦ ਨਗਰ, ਪਿੰਡ ਕਾਲੇ (ਘੰਣੂਪੁਰ) ਨਜਦੀਕ ਲੋਹਰੀ ਦੀ ਚੱਕੀ, ਛੇਹਰਟਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਅਤੇ ਉਸਦੀ ਪਤਨੀ ਕੰਵਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਤੋਂ ਵੱਖਰੇ ਰਹਿੰਦੇ ਹਨ। ਮੈਂ ਇਹਨਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੈਂ ਅਤੇ ਮੇਰਾ ਪਰਿਵਾਰ ਇਹਨਾਂ ਦੇ ਕਿਸੇ ਲੈਣ ਦੇਣ ਦਾ ਜਿੰਮੇਵਾਰ ਨਹੀਂ ਹੋਵੇਗਾ।

ਮੈ. ਸ਼ਿਵ ਕੁਮਾਰ ਪੁੱਤਰ ਸ੍ਰੀ ਰੋਸ਼ਨ ਲਾਲ, ਵਾਸੀ ਅਜਨਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਰਾਜਾ ਮੇਰਾ ਸੱਕਾ ਪੁੱਤਰ ਹੈ 9 ਰੰਜੂ ਬਾਲਾ ਮੇਰੀ ਪਤਨੀ ਹੈ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ ਇਸ ਲਈ ਮੈਂ ਇਹਨਾਂ ਨੂੰ ਆਪਣੀ ਚੁੱਕ ਅਤੇ ਅਚੁੱਕ ਜਾਇਦਾਦ ਤੋਂ ਬੇਦਖਲ ਕਰਕੇ ਲਿਖ ਦਿੰਦਾ ਹਾਂ ਕਿ ਇਹਨਾਂ ਦਾ ਮੇਰੀ ਜਾਇਦਾਦ ਦੇ ਨਾਲ ਕੋਈ ਸੰਬਧ ਵਾਸਤਾ ਨਹੀ ਹੋਵੇਗਾ ਇਹ ਆਪਣੇ ਚੰਗੇ ਮਾੜੇ ਕੰਮ ਦੇ ਖੁਦ ਜਿੰਮੇਵਾਰ ਹੋਣਗੇ।

ਮੈਂ ਚੰਦਰ ਮੁਖੀ ਪਤਨੀ ਸਵਰਗੀ ਬੈਸਾਖੀ ਰਾਮ ਵਾਸੀ ਪਿੰਡ ਹਰਿਆਊ ਖੁਰਦ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ, ਨੂੰਹ ਗੁਰਮੇਲ ਕੌਰ, ਪੋਤਰਾ ਅੰਗਰੇਜ਼ ਸਿੰਘ ਪੋਤਰੀ ਮਿਸ਼ਰੋ ਅਤੇ ਮੁਰਤੀ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਸਾਰਿਆਂ ਨੂੰ ਆਪਣੀ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਵਾਰ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਇੰਦਰਜੀਤ ਸਿੰਘ ਪੁੱਤਰ ਲੇਟ ਪਿਆਰਾ ਸਿੰਘ ਵਾਸੀ ਮਕਾਨ ਨੰ 134, ਅਮਰ ਐਵਿਨਿਊ ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰਤਾਪ ਸਿੰਘ ਉਰਫ ਬਬਲੂ ਤੇ ਇਸਦੀ ਪਤਨੀ ਸੋਨਿਆ ਕਸ਼ਪ ਮੇਰੇ ਕਹਿਣੇ ਤੋ ਬਾਹਰ ਹਨ, ਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈ ਇਹਨਾ ਨੂੰ ਆਪਣੀ ਚਲ/ਅਚਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਹਨਾ ਨਾਲ ਕਿਸੇ ਵੀ ਤਰ੍ਹਾ ਦਾ ਲੈਣ ਦੇਣ ਕਰਨ ਵਾਲਾ ਖੁਦ ਜੁਮੇਵਾਰ ਹੋਵੇਗਾ ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਹਨਾ ਨਾਲ ਖੁਨੀ ਰਿਸ਼ਤਾ ਖਤਮ ਹੋ ਗਿਆ ਹੈ।

ਮੈਂ ਸੁਖਦੇਵ ਸਿੰਘ ਪੁੱਤਰ ਚਰਨ ਦਾਸ ਵਾਸੀ ਮਕਾਨ ਨੰ 192/2577, ਗਲੀ ਨੰਬਰ 3, ਅਬਾਦੀ ਭੂਤਨਪੁਰਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੂਰਜ ਮੇਰੇ ਕਹਿਣੇ ਤੋ ਬਾਹਰ ਹੈ, ਤੇ ਮਾੜੀ ਸੰਗਤ ਦਾ ਸਿਕਾਰ ਹੈ ਇਸ ਲਈ ਮੈ ਇਸ ਨੂੰ ਆਪਣੀ ਚਲ/ਅਚਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਤਰ੍ਹਾ ਦਾ ਲੈਣ ਦੇਣ ਕਰਨ ਵਾਲਾ ਖੁਦ ਜੁਮੇਵਾਰ ਹੋਵੇਗਾ ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

ਮੈਂ ਰਜਿੰਦਰ ਸਿੰਘ ਸਾਂਘਾ ਪੁੱਤਰ ਸ. ਗੁਰਬਚਨ ਸਿੰਘ ਵਾਸੀ ਹਾਊਸ ਨੰਬਰ 35, ਧਰਮਪੁਰਾ ਗਲੀ ਨੰਬਰ 3 ਤਰਨ ਤਾਰਨ ਰੋਡ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਸ਼ਾਦੀ ਸ਼ੁਦਾ ਲੜਕੀ ਗਰੁਸ਼ਾ ਮੇਰੇ ਕੋਲ ਰਹਿੰਦੀ ਸੀ ਉਸਦਾ ਆਪਣੇ ਪਤੀ ਨਾਲ ਕੋਰਟ ਕੇਸ ਚਲ ਰਿਹਾ ਹੈ। ਉਹ ਹੁਣ ਸਾਨੂੰ ਜਾਨੋ ਮਾਰਨ ਦੀਆਂ ਧਮਕੀਆਂ ਦੇਂਦੀ ਹੈ ਅਤੇ ਸਾਡੇ ਕੰਟਰੋਲ ਤੋਂ ਵੀ ਬਾਹਰ ਹੈ। ਅਸੀਂ ਉਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਪਰਮਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਰੱਤਾ ਕਦੀਮ ਕਪੂਰਥਲਾ ਦੀ ਹਾਂ ਅਤੇ ਨੇਮ ਨਾਲ ਹੇਠ ਲਿਖਿਆ ਹਲਫੀਆ ਬਿਆਨ ਕਰਦੀ ਹਾਂ ਕਿ ਹਰਪ੍ਰੀਤ ਕੌਰ ਮੇਰੀ ਲੜਕੀ ਹੈ ਅਤੇ ਜਿਸਦੀ ਜਨਮ ਮਿਤੀ 07/09/2000 ਹੈ। ਮੇਰੀ ਲੜਕੀ ਆਪਣੀ ਮਰਜੀ ਨਾਲ ਸਾਡੇ ਘਰੋਂ ਚਲੀ ਗਈ ਹੈ ਅਤੇ ਆਪਣੀ ਹੀ ਮਨਮਰਜ਼ੀ ਕਰਦੀ ਹੈ ਸਾਡੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਲੜਕੀ ਹਰਪ੍ਰੀਤ ਕੌਰ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ ਜੋ ਵੀ ਇਸ ਨਾਲ ਕਿਸੇ ਕਿਸਮ ਦਾ ਕੋਈ ਵੀ ਲੈਣ ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ। ਇਸ ਵਿਚ ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੋਵੇਗਾ।

ਅਸੀਂ, ਅਸ਼ਵਨੀ ਕੁਮਾਰ ਦੁੱਗਲ ਪੁੱਤਰ ਕੇਵਲ ਕ੍ਰਿਸ਼ਨ ਦੁੱਗਲ ਅਤੇ ਸ਼ਸ਼ੀ ਦੁੱਗਲ ਪਤਨੀ ਅਸ਼ਵਨੀ ਕੁਮਾਰ ਦੁੱਗਲ ਵਾਸੀਆਨ ਮਕਾਨ ਨੰਬਰ 129 ਈ, ਗਲੀ ਨੰਬਰ 5, ਗੁਲਾਬ ਦੇਵੀ ਰੋਡ, ਸ਼ਹੀਦ ਬਾਬੂ ਲਾਲ ਸਿੰਘ ਨਗਰ, ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮਨੀਸ਼ ਦੁੱਗਲ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰਕ ਮੈਂਬਰਾਂ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ। ਇਸ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਵੀਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਡਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਸਵ: ਸੁਖਵਿੰਦਰ ਸਿੰਘ ਵਾਸੀ ਪਿੰਡ ਤੇ ਡਾਕ. ਗਰੋਤ ਪੋਕਰ, ਤਹਿ. ਅਤੇ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਰਨੈਲ ਸਿੰਘ ਜਿਸ ਦੀ ਜਨਮ ਮਿਤੀ 30/01/1990 ਹੈ, ਜੋ ਕਿ ਜਰਮਨ ਰਹਿ ਰਿਹਾ ਹੈ, ਮੇਰੇ ਕਹਿਣੇ ਤੋਂ ਬਾਹਰ ਹੈ। ਅੱਜ ਤੋਂ ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਵੀ ਵਾਸਤਾ/ਲੈਣ-ਦੇਣ ਨਹੀਂ ਹੈ। ਮੈਂ ਅਪਣੇ ਲੜਕੇ ਜਰਨੈਲ ਸਿੰਘ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਜੇਕਰ ਇਸ ਨਾਲ ਕੋਈ ਵੀ ਲੈਣ-ਦੇਣ ਕਰਦਾ ਹੈ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦਲਬੀਰ ਕੌਰ ਪਤਨੀ ਲੇਟ ਜਸਵੰਤ ਸਿੰਘ ਵਾਸੀ ਪਲਾਟ ਨੰ: 111, ਗਲੀ ਨੰ: 3, ਗੁਰਦੁਆਰੇ ਵਾਲੀ ਗਲੀ ਪਲਾਟ ਲੱਖਾ ਸਿੰਘ ਸੁਲਤਾਨਵਿੰਡ ਪਿੰਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਪੋਤਰੀ ਪਰਵੀਨ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਗੁਰਦੇਵ ਸਿੰਘ ਪੁੱਤਰ ਲੇਟ ਦਰਸ਼ਨ ਸਿੰਘ ਵਾਸੀ ਮਕਾਨ ਨੰ. 30 ਬੀ, ਸ਼ੇਰ ਸ਼ਾਹ ਸੂਰੀ ਰੋਡ, ਭੰਗਾਲੀਵਾਲਾ, ਛੇਹਰਟਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਵਜੀਤ ਸਿੰਘ ਅਤੇ ਇਸ ਦੀ ਪਤਨੀ ਹਰਜੀਤ ਕੌਰ ਅਤੇ ਇਨ੍ਹਾਂ ਦੀ ਲੜਕੀ ਰਬਾਬ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬਲਜੀਤ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਪਿੰਡ ਵੈਰੋ ਨੰਗਲ, ਡਾਕਖਾਨਾ ਰੰਗੜ ਨੰਗਲ, ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਿਕਰਮਜੀਤ ਸਿੰਘ (ਕੁਆਰਾ), ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਅਜੇ ਕੁਮਾਰ ਪੁੱਤਰ ਸ਼ਾਮ ਲਾਲ ਵਾਸੀ ਮਕਾਨ ਨੰ. 185, ਗਲੀ ਨੰ. 2, ਅਸ਼ੋਕ ਵਿਹਾਰ ਕਾਲੋਨੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਕੁਮਾਰ ਅਤੇ ਉਸਦੀ ਪਤਨੀ ਡੋਲੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਗੁਰਦਿਆਲ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਵਾਸੀ ਪਿੰਡ ਮੋਇਲਾ ਵਾਹਿਦਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਅਸ਼ੋਕ ਕੁਮਾਰ ਪੁੱਤਰ ਖਰੈਤੀ ਲਾਲ ਵਾਸੀ ਮਕਾਨ ਨੰ: ਬੀ-1/1273, ਕਬੀਰ ਨਗਰ, ਗਰੇਨ ਮਾਰਕਿਟ, ਜ਼ਿਲ੍ਹਾ ਜਲੰਧਰ, ਪੰਜਾਬ-144008 ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਨੀਸ਼ਿਕਾ ਜੋ ਕਿ ਸ਼ਾਦੀਸ਼ੁਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ, ਅਸ਼ੋਕ ਕੁਮਾਰ ਪੁੱਤਰ ਮੁਲਖ ਰਾਜ ਅਤੇ ਅਸ਼ੋਕ ਕੁਮਾਰੀ ਪਤਨੀ ਅਸ਼ੋਕ ਕੁਮਾਰ ਵਾਸੀ ਮਕਾਨ ਨੰ: 222, ਅੰਬਿਕਾ ਕਾਲੋਨੀ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੌਰਵ ਸ਼ਰਮਾ ਅਤੇ ਉਸ ਦੀ ਪਤਨੀ ਮੋਨਿਕਾ, ਜੋ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਦੋਨੋਂ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਸਾਡਾ ਇਨ੍ਹਾਂ ਨਾਲ ਅਤੇ ਇਨ੍ਹਾਂ ਦੀ ਬੱਚੀ ਜੈਜ਼ਲੀਨ ਸ਼ਰਮਾ ਦੇ ਨਾਲ ਕੋਈ ਤਲਕ-ਵਾਸਤਾ ਨਹੀਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 170016 ਏ, ਜੋ ਕਿ ਜਗਤਾਰ ਸਿੰਘ ਪੁੱਤਰ ਹਾਕਮ ਸਿੰਘ ਰਕਬਾ ਮੋਟਰ ਪਿੰਡ ਮੁੰਡੀ, ਕਪੂਰਥਲਾ ਦੇ ਨਾਂਅ ਪਰ ਚੱਲ ਰਿਹਾ ਹੈ, ਨੂੰ ਜਗਜੀਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਮੁੰਡੀ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਟਰਾਂਸਫਰ ਕਰਵਾਉਣ ਲਈ ਪਾਵਰਕਾਮ ਦਫ਼ਤਰ ਵਿਚ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ ਪਾਵਰਕਾਮ ਦਫ਼ਤਰ ਉੱਚਾ ਸ/ਡ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

(U/o 5 Rule 20 CPC)
(Underguardian And Ward Act)
In the Court of
Ms. Rana Kanwardeep Kaur Chahal
Principal Judge Family Court, Kapurthala
CNR No. PBKP01-003526-2024
Next Date:- 22-10-2026
Ajay Kumar
Vs.
General Public
Simran

NOTICE TO:
General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 22-10-2026 at 10:00 a.m.

For details logon to https://highcourtchd.gov.in/?mod=district_notice&district=Kapurthala

Principal Judge Family Court, Kapurthala
Dated, this day of 03-09-2026

## COURT NOTICE

(U/o 5 Rule 20 CPC)
In the Court of Aman Sharma
Additional Principal Judge Family Court, Amritsar
CNR No. PBAS01-020950-2023
Next Date:- 01-10-2026
Shelly Bhamre Vs. Shiv Kumar

Publication Issued To:
Shiv Kumar
Father : Yog Raj H. No. 230, Shivala Colony, Amritsar.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 01-10-2026 at 10:00 a.m.

For details logon to https://highcourtchd.gov.in/?trs=district_notice&district=Amritsar

Additional Principal Judge Family Court, Amritsar
Dated, this day 07-09-2026

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਸੁਖਵਿੰਦਰ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ, ਦੀਨਾਨਗਰ

ਹੁਕਮ

ਸ੍ਰੀ ਗੁਰਦੇਵ ਸਿੰਘ ਪੁੱਤਰ ਸੂਰਤ ਸਿੰਘ ਵਾਸੀ ਪਿੰਡ ਸ਼ੇਖਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਉਸ ਦਾ ਨਾਂਅ ਮਾਲ ਰਿਕਾਰਡ ਜੋ ਪਿੰਡ ਮਗਰਮੁਦੀਆਂ ਦੀ ਹ. ਬ. ਨੰ. ਵਿਚ ਹੈ, ਉਸ ਵਿਚ ਗੁਰਦੇਵ ਸਿੰਘ ਪੁੱਤਰ ਸੂਰਤ ਸਿੰਘ ਦੀ ਜਗ੍ਹਾ ਬਲਦੇਵ ਸਿੰਘ ਪੁੱਤਰ ਸੂਰਤ ਸਿੰਘ ਲਿਖਿਆ ਗਿਆ ਸੀ, ਜੋ ਕਿ ਗਲਤ ਹੈ। ਮਾਲ ਰਿਕਾਰਡ ਵਿੱਚ ਇਸ ਨਾਂਅ ਨੂੰ ਦਰੁਸਤ ਕਰਕੇ ਗੁਰਦੇਵ ਸਿੰਘ ਪੁੱਤਰ ਸੂਰਤ ਸਿੰਘ ਕੀਤਾ ਜਾਵੇ। ਦਰਖਾਸਤੀ ਵੱਲੋਂ ਦਿੱਤੀ ਗਈ ਦਰਖਾਸਤ ਸੰਬੰਧੀ ਫੀਲਡ ਸਟਾਫ ਪਾਸੋਂ ਪ੍ਰਾਪਤ ਹੋਈ ਰਿਪੋਰਟ ਮੁਤਾਬਕ ਰਿਕਾਰਡ ਮੁਲਾਹਜ਼ਾ ਕੀਤਾ ਗਿਆ ਬਰੂਏ ਇੰਤਕਾਲ ਨੰਬਰ 1117 ਬੇ ਵੱਲੋਂ ਬਚਨ ਸਿੰਘ -ਰਤਨ ਸਿੰਘ-ਭਜਨ ਸਿੰਘ ਪੁੱਤਰਾਨ ਬਾਵਾ ਸਿੰਘ ਬਹੱਕ ਕੁਲਵੰਤ ਸਿੰਘ-ਨਿਰਮਲ ਸਿੰਘ ਪੁੱਤਰਾਨ ਜੋਗਿੰਦਰ ਸਿੰਘ 1/3 ਹਿੱਸਾ ਹਿੰਮਤ ਸਿੰਘ -ਬਲਦੇਵ ਸਿੰਘ ਪੁੱਤਰ ਸੂਰਤ ਸਿੰਘ 1/3 ਹਿੱਸਾ ਨਿਰਮਲ ਸਿੰਘ -ਸੁਖਦੇਵ ਸਿੰਘ- ਸਤਨਾਮ ਸਿੰਘ -ਅਮਰੀਕ ਸਿੰਘ ਪੁੱਤਰ ਅਜੀਤ ਸਿੰਘ 1/3 ਮਿਤੀ 21/02/1987 ਨੂੰ ਮਨਜ਼ੂਰ ਹੋਇਆ ਹੈ। ਉਪਰੋਕਤ ਇੰਤਕਾਲ ਦਾ ਅਮਲ ਜਮ੍ਹਾਂਬੰਦੀ ਸਾਲ 1990-91 ਦੀ ਖੇਵਟ ਨੰਬਰ 6/16/1 ਵਿਚ ਹੋ ਗਿਆ ਅਤੇ ਅੰਦਰਾਜ਼ ਬਲਦੇਵ ਸਿੰਘ ਪੁੱਤਰ ਸੂਰਤ ਸਿੰਘ ਜੇਰਕਾਰ ਜਮ੍ਹਾਂਬੰਦੀ ਸਾਲ 2020-2021 ਵਿਚ ਇਸੇ ਤਰ੍ਹਾਂ ਚਲਿਆ ਆ ਰਿਹਾ ਹੈ। ਇਸ ਸੰਬੰਧੀ ਇਸ ਨੋਟਿਸ ਰਾਹੀਂ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਨਾਂਅ ਨੂੰ ਬਲਦੇਵ ਸਿੰਘ ਪੁੱਤਰ ਸੂਰਤ ਸਿੰਘ ਤੋਂ ਗੁਰਦੇਵ ਸਿੰਘ ਪੁੱਤਰ ਸੂਰਤ ਸਿੰਘ ਕਰਨ ਵਿੱਚ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਨੂੰ ਅਸਾਲਤਨ ਜਾਂ ਵਕਾਲਤਨ ਦੇ ਸਕਦਾ ਹੈ। ਨਿਸ਼ਚਿਤ ਸਮਾਂ ਬੀਤਣ ਉਪਰੰਤ ਕਿਸੇ ਦਾ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।ਇਹ ਇਸ਼ਤਿਹਾਰ ਅੱਜ ਮਿਤੀ 8/9/2026 ਨੂੰ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

ਸਹੀ/-ਸਹਾਇਕ ਕੁਲੈਕਟਰ ਦਰਜਾ, ਦੂਜਾ ਦੋਰਾਂਗਲਾ

## ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP42/435 ਦਲਵੀਰ ਸਿੰਘ ਪੁੱਤਰ ਭਗਵਾਨ ਸਿੰਘ ਪਿੰਡ ਰੌਲੀ ਤੋਂ ਨਾਂਅ ਬਦਲੀ ਕਰਕੇ ਲਖਵਿੰਦਰ ਸਿੰਘ ਅਤੇ ਸੁਖਵੰਤ ਸਿੰਘ ਪੁੱਤਰਾਨ ਦਲਵੀਰ ਸਿੰਘ ਪਿੰਡ ਰੌਲੀ (ਜਲੰਧਰ) ਦੇ ਨਾਂਅ ਪਰ ਸਾਂਝਾ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP06/68 ਜਗੀਰ ਸਿੰਘ ਪੁੱਤਰ ਬੁੜ ਸਿੰਘ ਪਿੰਡ ਬੀੜ ਬਾਲੋਕੀ ਤੋਂ ਨਾਂਅ ਬਦਲੀ ਕਰਕੇ ਅੰਗਰੇਜ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਬੀੜ ਬਾਲੋਕੀ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP17/541 ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਪਿੰਡ ਸਿਧਮ ਹਰੀ ਸਿੰਘ ਤੋਂ ਨਾਂਅ ਬਦਲੀ ਕਰਕੇ ਨਿਰਵੈਰ ਸਿੰਘ ਪੁੱਤਰ ਜਰਨੈਲ ਸਿੰਘ ਪਿੰਡ ਬੀੜ ਬਾਲੋਕੀ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP45/0089 ਬਘੇਲ ਸਿੰਘ ਪੁੱਤਰ ਜਵੰਦ ਸਿੰਘ ਪਿੰਡ ਸ਼ਾਹਪੁਰ ਤੋਂ ਨਾਂਅ ਬਦਲੀ ਕਰਕੇ ਹਰਜਿੰਦਰ ਸਿੰਘ ਪੁੱਤਰ ਹਰਪਾਲ ਸਿੰਘ ਪਿੰਡ ਸ਼ਾਹਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP45/0077 ਅਮਰਜੀਤ ਕੌਰ ਪਤਨੀ ਪ੍ਰੀਤਮ ਸਿੰਘ ਪਿੰਡ ਸ਼ਾਹਪੁਰ ਤੋਂ ਨਾਂਅ ਬਦਲੀ ਕਰਕੇ ਸਿਮਰਜੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਸ਼ਾਹਪੁਰ ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP04/206 ਗੁਰਦੀਪ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਪਿੰਡ ਲੋਹਗੜ ਤੋਂ ਨਾਂਅ ਬਦਲੀ ਕਰਕੇ ਮਨਰਾਜ ਸਿੰਘ ਪੁੱਤਰ ਪਰਵਿੰਦਰਪਾਲ ਸਿੰਘ ਵਾਸੀ ਸ਼ਾਹਕੋਟ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP22/600 ਦੀਦਾਰ ਸਿੰਘ ਪੁੱਤਰ ਜੈ ਸਿੰਘ ਪਿੰਡ ਮਹਿਸਮਪੁਰ ਤੋਂ ਨਾਂਅ ਬਦਲੀ ਕਰਕੇ ਬਲਕਾਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਮਹਿਸਮਪੁਰ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP 06/892 ਗੁਰਭਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਪਿੰਡ ਬਾਲੋਕੀ ਤੋਂ ਨਾਂਅ ਬਦਲੀ ਕਰਕੇ ਸਾਹਿਲ ਪੁੱਤਰ ਦਿਆਲ ਚੰਦ ਵਾਸੀ ਪੱਤੀ ਝੁੱਗੀਆਂ ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਖਾਤਾ ਨੰ: ਡੀ ਐਮ ਏ ਪੀ /328, ਜੋ ਕਿ ਪਿੰਡ ਧਰਮਪੁਰਾ ਵਿਖੇ ਬਾਜ ਸਿੰਘ ਪੁੱਤਰ ਲਾਲ ਸਿੰਘ ਵਾਸੀ ਅਚਾਨਕ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਸ਼ਾਮ ਸਿੰਘ ਪੁੱਤਰ ਬਾਜ ਸਿੰਘ ਵਾਸੀ ਅਚਾਨਕ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ PSPCL ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

## COURT NOTICE

(U/o 5 Rule 20 CPC)
In the Court of
Sh. Jaspreet Singh Minhas
Civil Judge Junior Division - 5, Patiala
CNR No. PBPT02-000717-2026
Next Date:- 14-10-2026
The Punjab State Cooperative Supply and Marketing Federation Limited
Vs.
Ravinder Sharma, Field Officer (Retd.) Markfed

Publication Issued To:
Ravinder Sharma, field officer (Retd.) Markfed S/o Hans Raj Sharma, R/O B-IX/185 Khuddi Gate Barnala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 14-10-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 5, Patiala
Dated, this day of 07-09-2026

## COURT NOTICE

(U/o 5 Rule 20 CPC)
In the Court of
Sh. Mandeep Singh
Additional Civil Judge Senior Division Samana, Samana
CNR No. PBPTC0-000911-2026
Next Date :- 05-10-2026
Sarbjit Kaur
Vs.
General Public

Publication Issued To:
General Public
:- Samana

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 05-10-2026 at 10:00 a.m.

For details logon to https://highcourtchd.gov.in/?mod=district_notice&district=patiala

Additional Civil Judge Senior Division Samana, Samana
Dated, this day of 05-09-2026

## COURT NOTICE

(U/o 5 Rule 20 CPC)
In the Court of
Sh. Jaspreet Singh Minhas
Civil Judge Junior Division - 5, Patiala
CNR No. Pbpt02-000719-2026
Next Date:- 14-10-2026
The Punjab State Cooperative Supply and Marketing Federation Limited
Vs.
Ravinder Sharma, Field Officer (Retd.) Markfed

Publication Issued To:
Ravinder Sharma, field officer (Retd.) Markfed S/o Hans Raj Sharma, R/O B-IX/185 Khuddi Gate Barnala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 14-10-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 5, Patiala
Dated, this day of 07-09-2026

## COURT NOTICE

(U/o 5 Rule 20 CPC)
In the Court of
Sh. Sandeep Kumar Singla
Principal Judge Family Court, Patiala
CNR No. PBPT01-008157-2025
Next Date :- 03-11-2026
Gurpreet Kaur
Vs.
Gurjeet Singh

Publication Issued to :
Gurjeet Singh S/o Balkar Singh, Resident of Village Lochma,Tehsil Rajpura, District Patiala

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 03-11-2026 at 10:00 a.m.

For details logon to https://highcourtchd.gov.in/?mod=district_notice&district=patiala

Principal Judge Family Court, Patiala
Dated, this day of 07.09.2026

## ਅਦਾਲਤੀ ਇਸ਼ਤਿਹਾਰ

Proclamation under order 5 Rule 20 CPC
ਬਾ ਅਦਾਲਤ ਤਹਿਸੀਲਦਾਰ ਬਾ ਅਖਤਿਆਰਾਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਜਗਰਾਉਂ ਜ਼ਿਲ੍ਹਾ ਲੁਧਿਆਣਾ।

ਮਿਸਲ ਨੰਬਰ 60 ਤੋਂ 63 /ਤਹਿ.

ਗੁਰਚਰਨ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਪਿੰਡ ਚੱਕਰ ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਰਾਹੀਂ ਮੁਖਤਿਆਰ ਖਾਸ ਸੁਖਚੈਨ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਨਰੈਣ ਸਿੰਘ ਵਾਸੀ ਪਿੰਡ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ। ....ਸਾਇਲ

ਬਨਾਮ

1. ਜਗਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਜੰਗੀਰ ਸਿੰਘ 2. ਸੁਖਵੀਰ ਸਿੰਘ ਪੁੱਤਰ ਨਾਹਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਚੱਕਰ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ। ......ਉੱਤਰਵਾਦੀ

ਅਰਾਜੀ ਵਾਕਿਆ ਪਿੰਡ ਚੱਕਰ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦੈਅਲਮ ਦੀ ਮਾਮੂਲੀ ਤਰੀਕੇ ਨਾਲ ਸੰਮਨ ਉੱਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 22-9-2026 ਨੂੰ ਸਵੇਰੇ 10 ਵਜੇ ਦੀ ਤਰੀਕ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦੈਅਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਾਰੀਖ ਉੱਤੇ ਆਪ ਜਾਂ ਕਿਸੇ ਵਕੀਲ ਰਾਹੀਂ ਇਸ ਅਦਾਲਤ ਵਿਚ ਪੇਸ਼ ਹੋਵੇ ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 3/9/2026 ਨੂੰ ਮੇਰੇ ਦਸਤਕਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਜਗਰਾਉਂ।
ਨੰਬਰ : 818/ਰੀਡਰ   ਮਿਤੀ : 3/9/2026

## PUBLIC NOTICE

We, Rajinder Singh Dhillon, S. Karaj Singh Dhillon sons of S. Gharam Singh Dhillon & Smt. Dalwinder Dhillon wife of S. Rajinder Singh Dhilon all resident of H. No. 78-A, Ranjit Avenue, Amritsar, declare that I was owner of the Property .i.e. Built Up House upon the Plot Private No. 78-A, total area measuring 500 sq. yards, bearing Khasra no. 405-407/10 min, situated at abadi Ranjit Avenue, A-Block, Rakba Gumtala Urban, Amritsar on the basis of the six sale deed dated 30.03.1998, vide document no. 10121, 10122, 10123 & Sale deed dated 31.03.1998, vide document no. 10148, 10149 & 10150 but I have lost the previous sale deed dated 01.06.1990, vide document no. 3461 as well as sale deed dated 31.03.1998, vide document no. 10149. That at present I have not mortgage the afore said property with any financial institution/Bank. In case of any defect, I shall be the sole responsible.

## PUBLIC NOTICE

It is inform to general public that , Balraj Dhir son of Sh. Brij Kumar Dhir resident of House No.F-20, A-Block, Sandhu Coony, Chheharta, Amritsaris owner of Property One House bearing Plot No.F-20, having measurement in Length 68 ft and breadth 30 ft, total area measuring 226 sq. yards 4 ½ sq. ft, bearing Khasra No. 445, 446 Min, which is bounded by(as per sale deed) East: Street 30 ft wide, west: House F-21, North: Property House No.F 05, south: Street 20 ft wide, situated at Kala Ghanupur Urban, Abadi Sandhu Colony,Tehsil and District Amritsar on the basis of sale deed dated 24.12.2002 bearing Document No. 10781 and it has been represented to the Bank that the previous original previous (i) Original General Power of Attorney dated 14.03.1995 registered on 16.03.1995 bearing Document No.1527 in favour of S.Satinderpal Singh son of S. Karam Singh (ii) Original Sale Deed Dated 28.07.1992 bearing Document No.6797 in favour of Gulshan Daughter of Sh. Chiman Singh Duggal and (iii) Special Power of Attorney Dated 09.07.1992 registered on 15.07.1992 bearing Document No.2574 in favour of S.Suwinder Singh son of S. Teja Singh have been lost and a Police Report vide G.D. No.026 Dated 02.09.2026 has been lodged in this regard with Police Station RANJIT AVENUE, Amritsar and now, he has approached the Bank to tender said property as security, if anyone has any objection or any claim over such property, he/she may inform the Bank within 15 days in writing alongwith proof of his objection/claim, within the given period.
BRANCH MANAGER, PUNJAB & SIND BANK, BRANCH KHALSA COLLEGE, AMRITSAR

## COURT NOTICE

(U/o 5 Rule 20 CPC)
In The Court of
Ms. Khyati Goyal
Civil Judge (Junior Division), Rupnagar
CNR No. PBRO02-000485-2025
Next Date:- 28-09-2026
Gurmeet Singh
Vs. Balvir Singh

Publication Issued To:
Balvir Singh
Father :- Ajit Singh
Village Bazidpur Tehsil Chamkaur Sahib District Rupnagar.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 28-09-2026 at 10:00 a.m.

For details logon to https://highcourtchd.gov.in/?mod=district_notice&district=Rupnagar

Civil Judge (Junior Division), Rupnagar
Dated, this day of 07-09-2026

## Public Notice

Under the instruction of ICICI Bank Ltd Mall Road Amritsar I hereby informed the general public that Jaspal Kaur w/o Gurjinder Singh is absolute owner of Property Plot no 98, Total Area 114 Square Yards, bearing Khasra no. 1627/465-466-467 min as per sale deed and according to Jamabandi Khasra no. 1627/465/466-469 min, situated at Tungbala Sub Urban Abadi Gokal Nagar, Tehsil & District Amritsar, Bounded as East: Road, West: Plot no 71, North Plot no 97, South: Plot no 98-A. That as per documents Thakar Surinder Lal s/o Thakar Bansi Ram sold 100 Square Yards of property to Basant Kumar Mehra s/o Kahan Chand Mehra vide sale deed regd dated 14.06.1985as doc no.3149. And also Thakar Surinder Lal s/o Thakar Bansi Ram sold 100 Square Yards of property to Basant Kumar Mehra s/o Kahan Chand Mehra vide sale deed regd dated 14.06.1985as doc no.3150. Then after the death of Basant Kumar Mehra s/o Kahan Chand Mehra his 200 sq yards of property was inherited by Rama wd/o Basant Kumar, Atul, Pankaj sons of Basant Kumar and same are shown as owners of 8 Marlas in the Jamabandi for the year 1991-92. Then Rama wd/o Basant Ram sold her 1/3 share i.e. 66.66 sq yards of property to Atul, Pankaj sons of Basant Kumar vide sale deed regd dated 24.03.1994 as doc no.22410 of which mutation no.8743 has been sanctioned by revenue authorities. Then Pankaj Mehra s/o Basant Kumar Mehra sold 14 Sq Yards of property to Atul Mehra s/o Basant Kumar Mehra vide sale deed regd dated 16.06.1994 as doc no.6832 of which mutation not found in the Jamabandi and in the Jamabandi for the year 2006-07, 2011-12, 2016-17, 2021-22 Atul s/o Basant Ram remained as owner of 4 Marlas instead of 4.5 Marlas. Then Atul Mehra s/o Basant Ram alias Basant Kumar Mehra sold 114 sq yards of property to Jaspal Kaur w/o Gurjinder Singh vide sale deed regd dated 18.05.2026 as doc no.2026-27/93/1/3218 of which mutation no.34284 has been sanctioned by revenue authorities. (mutation is of 4 Marlas instead of 4.5 Marlas) Property is 0.5 marlas short in the revenue records. Also as per previous title documents Khasra no is 1627/465-466-467 min while as per present sale deed Khasra no is 1627/465-466-467 min as per sale deed and according to Jamabandi Khasra no. 1627/465/466-469 min and also There is change in Khasra no's. Jaspal Kaur w/o Gurjinder Singh and Gurjinder singh so Joginer sidngh are taking loan from ICICI Bank Mall Road Amritsar. Gurjinder singh so Joginer sidngh has lost following original documents (1) Original Sale Deed executed by Rama wd/o Basant Ram sold her 1/3 share i.e. 66.66 sq yards of property to Atul, Pankaj sons of Basant Kumar vide sale deed regd dated 24.03.1994 as doc no.22410. DDR has been lodged with PS Ranjit Avenue dt 2.9.2026 no 48. Anybody having claim or claiming any prior rights or interest in any manner in this property or has raised loan by depositing the aforesaid sale deed to any person/bank/corporation/financial institution may approach the undersigned and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with ICICI Bank Ltd Mall Road Amritsar

ADV. VIKAS VERMA
MB: 9815156302

## ਡੂਓਲਿੰਗੋ ਨੇ ਪੰਜਾਬੀ ਰਾਹੀਂ ਅੰਗਰੇਜ਼ੀ ਸਿੱਖਣ ਦਾ ਕੋਰਸ ਕੀਤਾ ਲਾਂਚ

ਜਲੰਧਰ-ਮੋਬਾਈਲ ਲਰਨਿੰਗ ਪਲੇਟਫਾਰਮ ਡੂਓਲਿੰਗੋ ਨੇ ਪੰਜਾਬੀ ਬੋਲਣ ਵਾਲਿਆਂ ਲਈ 'ਲਰਨ ਇੰਗਲਿਸ਼ ਫ੍ਰਾਮ ਪੰਜਾਬੀ' ਕੋਰਸ ਲਾਂਚ ਕੀਤਾ ਹੈ। ਗੁਰਮੁਖੀ ਲਿਪੀ ਰਾਹੀਂ ਅੰਗਰੇਜ਼ੀ ਸਿੱਖਣ ਦੀ ਸਹੂਲਤ ਵਾਲਾ ਇਹ ਕੋਰਸ ਭਾਰਤ ਸਮੇਤ ਦੁਨੀਆ ਭਰ ਦੇ ਪੰਜਾਬੀ ਬੋਲਣ ਵਾਲਿਆਂ ਲਈ ਉਪਲਬਧ ਹੈ। ਕੰਪਨੀ ਮੁਤਾਬਕ ਇਸ ਦਾ ਉਦੇਸ਼ ਭਾਸ਼ਾਈ ਰੁਕਾਵਟ ਘਟਾ ਕੇ ਸਿੱਖਿਆ, ਰੁਜ਼ਗਾਰ ਅਤੇ ਵਿਸ਼ਵ ਪੱਧਰੀ ਸੰਚਾਰ ਦੇ ਮੌਕੇ ਵਧਾਉਣਾ ਹੈ। ਡੂਓਲਿੰਗੋ ਦੇ ਖੇਤਰੀ ਮਾਰਕੀਟਿੰਗ ਡਾਇਰੈਕਟਰ ਕਰਨਦੀਪ ਸਿੰਘ ਕਪਾਨੀ ਨੇ ਕਿਹਾ ਕਿ ਪੰਜਾਬੀ ਵਿੱਚ ਅੰਗਰੇਜ਼ੀ ਸਿੱਖਣਾ ਆਸਾਨ ਬਣਾ ਕੇ ਕੰਪਨੀ ਭਾਸ਼ਾਈ ਰੁਕਾਵਟ ਦੂਰ ਕਰਨ ਵਿੱਚ ਮਦਦ ਕਰ ਰਹੀ ਹੈ। ਇਹ ਹਿੰਦੀ ਤੋਂ ਬਾਅਦ ਉੱਤਰੀ ਭਾਰਤ ਲਈ ਡੂਓਲਿੰਗੋ ਦਾ ਦੂਜਾ ਖੇਤਰੀ ਭਾਸ਼ਾ ਆਧਾਰਿਤ ਅੰਗਰੇਜ਼ੀ ਕੋਰਸ ਹੈ।

## COURT NOTICE

(U/o 5 Rule 20 CPC)
In the Court of
Sh. Mayank Marwaha
Civil Judge Junior Division - 2 Rajpura
CNR No. PBPTA0-001725-2025
Next Date:- 16-10-2026
Satnam Singh
Vs.
State of Punjab
Suit For Declaration and Consequential Relief of Property

Publication Issued To:
General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 16-10-2026 at 10:00 a.m.

For details logon to https://highcourtchd.gov.in/?mod=district notice&district=patiala

Civil Judge Junior Division - 2 Rajpura
Dated, this day of 08-09-2026

## PUBLIC NOTICE

This is to be put to notice that on behalf of my client VASTU HOUSING FINANCE CORPORATION LTD Public Notice for loss of loss of original document may be publish by the company/owner in loan case of NIRALE SHEKHLan No. LP0000000368373
"Nagina Khatun W/o Mohammod Neralais owner in possession of House measuring 3 Marla (1 Marla =207 Sq. Ft. comprising under Khasra No. 1334, 1341, 1344, Situated at Abadi Chak Hussian Lamba Pind Tehsil and District Jalandharvide Sale Deed No. 6436 Dated 02.04.2026. The previous chain document i.e. Original Sale Deed No. 985 dated 04.05.2009 and Original Sale Deed No. 10463 dated 31.03.2010 and Original Sale Deed No. 12618 Dated 18.03.2016have been lost/ missing & is not traceable and owner haslodge/register DDR/Lost information report is respect to loss of above said document to police. If any concern, Bank or any person having claim. Objection related to above transactions/ document and any objection regarding mortgageof said property with AHFL, he/she may raiseobjectionundersigned Advocate within 7 days from the date of publication, failing which no claim will be entertained later by Shubham Housing Development Finance Company."

Lalit Kakkar, Advocate, Jalandhar
M - 9876107449

## ਪਬਲਿਕ ਨੋਟਿਸ

ਬਾ-ਅਦਾਲਤ ਸਬ-ਰਜਿਸਟਰਾਰ, ਧੂਰੀ।
ਨੋਟਿਸ ਬਨਾਮ ਆਮ ਪਬਲਿਕ

ਸ੍ਰੀ ਵਿਜੇ ਕੁਮਾਰ ਪੁੱਤਰ ਰਾਮ ਸਰੂਪ ਪੁੱਤਰ ਕੌਰ ਸੈਨ ਵਾਸੀ ਧੂਰੀ ਨੇ ਆਪਣੇ ਪਿਤਾ ਰਾਮ ਸਰੂਪ ਪੁੱਤਰ ਕੌਰ ਸੈਨ ਵਾਸੀ ਧੂਰੀ ਵੱਲੋਂ ਲਿਖਾਈ ਗਈ ਖਾਨਗੀ ਵਸੀਅਤ ਮਿਤੀ 15-07-2001 ਇਸ ਦਫ਼ਤਰ ਵਿੱਚ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਰਾਮ ਸਰੂਪ ਉਕਤ ਦੀ ਮਿਤੀ 11-11-2001 ਨੂੰ ਮੌਤ ਹੋ ਚੁੱਕੀ ਹੈ, ਇਹ ਵਸੀਅਤ ਉਨ੍ਹਾਂ ਨੇ ਆਪਣੇ ਪੁੱਤਰ ਵਿਜੇ ਕੁਮਾਰ ਅਤੇ ਪੋਤਰੇ ਤੁਸ਼ਾਰ ਗੋਇਲ-ਤੁਸੀਲ ਗੋਇਲ ਪੁੱਤਰਾਨ ਲਲਿਤ ਕੁਮਾਰ ਪੁੱਤਰ ਰਾਮ ਸਰੂਪ ਦੇ ਹੱਕ ਵਿੱਚ ਲਿਖੀ ਹੋਈ ਹੈ, ਇਸ ਲਈ ਇਹ ਖਾਨਗੀ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ 1908 ਦੀ ਧਾਰਾ 40(1) ਅਧੀਨ ਰਜਿਸਟਰਡ ਕੀਤੀ ਜਾਵੇ।

ਇਸ ਇਸ਼ਤਿਹਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਵਸੀਅਤ ਦੇ ਰਜਿਸਟਰਡ ਕਰਨ ਵਿੱਚ ਕੋਈ ਵੀ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿੱਚ ਆਪਣਾ ਇਤਰਾਜ਼ ਪੇਸ਼ ਕਰੇ, ਵਰਨਾ ਬਾਅਦ ਗੁਜ਼ਰਨੇ ਮਿਆਦ ਇਹ ਖਾਨਗੀ ਵਸੀਅਤ ਨਿਯਮਾਂ ਅਨੁਸਾਰ ਰਜਿਸਟਰਡ ਕਰ ਦਿੱਤੀ ਜਾਵੇਗੀ ਅਤੇ ਫਿਰ ਕਿਸੇ ਵੀ ਵਿਅਕਤੀ ਦਾ ਕੋਈ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ 07-09-2026 ਨੂੰ ਇਹ ਇਸ਼ਤਿਹਾਰ ਮੇਰੇ ਦਸਤਖ਼ਤ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਹੀ/-ਸਬ-ਰਜਿਸਟਰਾਰ ਧੂਰੀ।
ਨੰਬਰ 479/ਰ. ਕ. ਮਿਤੀ : 07/09/2026

## AXIS BANK LTD.

ਰਿਟੇਲ ਐਸੇਟ ਸੈਂਟਰ ਐਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117

ਕਾਰਪੋਰੇਟ ਦਫ਼ਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫ਼ਤਰ : [illegible] ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

[illegible]

ਰਿਜ਼ਰਵ ਕੀਮਤ: ਰੁ. 2,88,00,000/- (ਦੋ ਕਰੋੜ ਅਠਾਸੀ ਲੱਖ ਰੁਪਏ ਕੇਵਲ)

[illegible]

ਐਕਸਿਸ ਬੈਂਕ ਲਿਮਿਟਿਡ, ਐਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117

https://www.bankeauctions.com 'ਤੇ 26 ਸਤੰਬਰ 2026 ਨੂੰ [illegible]

ਅਚੱਲ ਜਾਇਦਾਦ ਨੰ. 22, ਰਕਬਾ 2612 ਵਰਗ ਗਜ਼, [illegible] ਉੱਤਰ : ਗੁਆਂਢੀ ਦਾ ਪਲਾਟ, ਦੱਖਣ : ਸੜਕ

https://www.axisbank.com/ [illegible] (ਮੋਬਾਈਲ ਨੰ. 98769-88348) [illegible]

ਮਿਤੀ : 09.09.2026, ਸਥਾਨ : ਅੰਮ੍ਰਿਤਸਰ   ਸਹੀ/- (ਅਧਿਕਾਰਤ ਅਫ਼ਸਰ), ਐਕਸਿਸ ਬੈਂਕ ਲਿਮਿਟਿਡ

# ਜ਼ਿੰਪਾ ਨੇ ਆਮ ਆਦਮੀ ਕਲੀਨਿਕਾਂ 'ਚ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਓ ਪੀ ਰਾਣਾ)**- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸ਼ਿਮਲਾ ਪਹਾੜੀ ਚੌਕ ਦੇ ਨੇੜੇ ਸਥਿਤ ਆਮ ਆਦਮੀ ਕਲੀਨਿਕ ਨਗਰ ਨਿਗਮ ਦਾ ਦੌਰਾ ਕਰਕੇ ਉੱਥੇ ਉਪਲਬਧ ਸਿਹਤ ਸਹੂਲਤਾਂ ਅਤੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਲੀਨਿਕ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ ਗੱਲਬਾਤ ਕਰਕੇ ਸਹੂਲਤਾਂ ਸੰਬੰਧੀ ਜਾਣਕਾਰੀ ਵੀ ਹਾਸਲ ਕੀਤੀ ਅਤੇ ਸਟਾਫ ਤੋਂ ਸਿਹਤ ਸੇਵਾਵਾਂ ਦੀ ਸਥਿਤੀ ਬਾਰੇ ਵਿਸਥਾਰ ਨਾਲ ਜਾਣਕਾਰੀ ਲਈ।



ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਇਸ ਸਮੇਂ 77 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਦਕਿ ਹੁਸ਼ਿਆਰਪੁਰ ਸ਼ਹਿਰ ਵਿੱਚ 9 ਕਲੀਨਿਕ ਹਨ, ਜਿਨ੍ਹਾਂ ਵਿੱਚ ਜ਼ਿਲ੍ਹਾ ਜੇਲ੍ਹ ਵਿੱਚ ਸਥਾਪਿਤ ਕਲੀਨਿਕ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਹਰੇਕ ਆਮ ਆਦਮੀ ਕਲੀਨਿਕ ਵਿੱਚ ਐਮ ਬੀ ਬੀ ਐੱਸ ਡਾਕਟਰ ਵਜੋਂ ਮੈਡੀਕਲ ਅਫ਼ਸਰ, ਬੀ ਐੱਸ ਸੀ ਨਰਸਿੰਗ ਪੱਧਰ ਦਾ ਕਲੀਨਿਕਲ ਅਸਿਸਟੈਂਟ, ਫਾਰਮੇਸੀ ਅਫ਼ਸਰ ਅਤੇ ਹੈਲਪਰ ਤਾਇਨਾਤ ਹਨ। ਕਲੀਨਿਕਾਂ ਵਿੱਚ ਲਗਭਗ 50 ਕਿਸਮ ਦੇ ਖ਼ੂਨ ਦੇ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ।

ਮਰੀਜ਼ਾਂ ਦੇ ਸੈਂਪਲ ਕਲੀਨਿਕ ਵਿੱਚ ਹੀ ਇਕੱਠੇ ਕਰਕੇ ਜਾਂਚ ਲਈ ਲੈਬਾਰਟਰੀ ਭੇਜੇ ਜਾਂਦੇ ਹਨ। ਇਸ ਤੋਂ ਇਲਾਵਾ ਲਗਭਗ 107 ਕਿਸਮ ਦੀਆਂ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ, ਇਨਫੈਕਸ਼ਨ ਅਤੇ ਹੋਰ ਆਮ ਬਿਮਾਰੀਆਂ ਦੀਆਂ ਦਵਾਈਆਂ ਸ਼ਾਮਲ ਹਨ। ਕੁੱਤੇ ਦੇ ਕੱਟਣ ਦੀ ਸਥਿਤੀ ਵਿੱਚ ਦਿੱਤੀ ਜਾਣ ਵਾਲੀ ਐਂਟੀ-ਰੇਬੀਜ਼ ਵੈਕਸੀਨ ਦੀ ਸਹੂਲਤ ਵੀ ਉਪਲਬਧ ਹੈ।

ਵਿਧਾਇਕ ਨੇ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿੱਚ ਸ਼ੂਗਰ, ਲੀਵਰ ਅਤੇ ਕਿਡਨੀ ਨਾਲ ਸਬੰਧਤ ਬਿਮਾਰੀਆਂ, ਥਾਇਰਾਇਡ ਸਮੇਤ ਵੱਖ-ਵੱਖ ਜਾਂਚਾਂ ਦੇ ਨਾਲ-ਨਾਲ ਹਾਈਪਰਟੈਂਸ਼ਨ ਅਤੇ ਸ਼ੂਗਰ ਦੀ ਸਕ੍ਰੀਨਿੰਗ ਅਤੇ ਬੱਚਿਆਂ ਵਿੱਚ ਪੋਸ਼ਣ ਪੱਧਰ ਦੀ ਜਾਂਚ ਵੀ ਕੀਤੀ ਜਾਂਦੀ ਹੈ। ਇਸ ਮੌਕੇ ਮੇਅਰ ਪਰਵੀਨ ਸੈਣੀ, ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਸੀਮਾ ਗਰਗ, ਡਾ. ਰੋਹਿਤ ਬਰੂਟਾ, ਵਰਿੰਦਰ ਵੈਦ, ਸੁਰੇਸ਼ ਸੋਨੀ, ਵਿਸ਼ਾਲ ਸ਼ਰਮਾ, ਬ੍ਰਿਜ ਮੱਟੂ, ਰਾਕੇਸ਼ ਕੁਮਾਰ ਬਿੱਲਾ ਸਮੇਤ ਹੋਰ ਪਤਵੰਤੇ ਵਿਅਕਤੀ ਹਾਜ਼ਰ ਸਨ।

## ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਈ ਓ ਨੂੰ ਦਿੱਤਾ ਮੰਗ ਪੱਤਰ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਸ਼ਹਿਰ ਵਿੱਚ ਵੱਧ ਰਹੀਆਂ ਰੇੜ੍ਹੀਆਂ-ਫੜ੍ਹੀਆਂ ਅਤੇ ਜਨਤਕ ਥਾਵਾਂ 'ਤੇ ਹੋ ਰਹੇ ਕਥਿਤ ਨਾਜਾਇਜ਼ ਕਬਜ਼ਿਆਂ ਦੇ ਮਾਮਲੇ ਨੂੰ ਲੈ ਕੇ ਭੋਗਪੁਰ ਦੇ ਲੋਕਾਂ ਵੱਲੋਂ ਨਗਰ ਕੌਂਸਲ ਭੋਗਪੁਰ ਦੇ ਕਾਰਜਕਾਰੀ ਅਫ਼ਸਰ (ਈ ਓ) ਰਾਜੀਵ ਉਬਰਾਏ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਵਿੱਚ ਸ਼ਹਿਰ ਦੀਆਂ ਸੜਕਾਂ, ਬਾਜ਼ਾਰਾਂ ਅਤੇ ਹੋਰ ਜਨਤਕ ਥਾਵਾਂ 'ਤੇ ਰੇੜ੍ਹੀਆਂ-ਫੜ੍ਹੀਆਂ ਅਤੇ ਕੁਝ ਦੁਕਾਨਦਾਰਾਂ ਵੱਲੋਂ ਕੀਤੇ ਗਏ ਕਥਿਤ ਨਜਾਇਜ਼ ਕਬਜ਼ਿਆਂ ਦਾ ਮੁੱਦਾ ਉਠਾਇਆ ਗਿਆ। ਲੋਕਾਂ ਨੇ ਮੰਗ ਕੀਤੀ ਕਿ ਅਜਿਹੇ ਕਬਜ਼ਿਆਂ ਨੂੰ ਹਟਾ ਕੇ ਆਮ ਜਨਤਾ ਨੂੰ ਆਉਣ-ਜਾਣ ਵਿੱਚ ਹੋ ਰਹੀ ਪ੍ਰੇਸ਼ਾਨੀ ਤੋਂ ਰਾਹਤ ਦਿਵਾਈ ਜਾਵੇ।



ਇਸ ਦੇ ਨਾਲ ਹੀ ਮੰਗ ਪੱਤਰ ਵਿੱਚ ਇਹ ਮਾਮਲਾ ਵੀ ਉਠਾਇਆ ਗਿਆ ਕਿ ਕੁਝ ਰੇੜ੍ਹੀਆਂ-ਫੜ੍ਹੀਆਂ ਵਾਲਿਆਂ ਨੂੰ ਦੁਕਾਨਦਾਰਾਂ ਵੱਲੋਂ ਕਥਿਤ ਤੌਰ 'ਤੇ ਨਜਾਇਜ਼ ਬਿਜਲੀ ਦੇ ਕਨੈਕਸ਼ਨ ਦਿੱਤੇ ਜਾ ਰਹੇ ਹਨ। ਇਸ ਮਾਮਲੇ ਦੀ ਵੀ ਜਾਂਚ ਕਰਵਾ ਕੇ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਭੋਗਪੁਰ ਦੇ ਲੋਕਾਂ ਨੇ ਈਓ ਰਾਜੀਵ ਉਬਰਾਏ ਨੂੰ ਅਪੀਲ ਕੀਤੀ ਕਿ ਸ਼ਹਿਰ ਵਿੱਚ ਹੋ ਰਹੇ ਸਾਰੇ ਨਜਾਇਜ਼ ਕਬਜ਼ਿਆਂ ਦੀ ਨਿਰਪੱਖ ਜਾਂਚ ਕਰਵਾ ਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਜੋ ਸ਼ਹਿਰ ਦੀ ਵਿਵਸਥਾ ਨੂੰ ਸੁਚਾਰੂ ਬਣਾਇਆ ਜਾ ਸਕੇ। ਇਸ ਮੌਕੇ ਮਨਦੀਪ ਸਿੰਘ ਮੰਨੂ ਦੁਸਾਂਝ, ਸਮੂਹ ਟੀਮ ਗੁਰਪ੍ਰੀਤ ਸਿੰਘ ਭੋਗਲ, ਅਰਵਿੰਦਰ ਸਿੰਘ ਝੱਮਟ, ਜਸਵੀਰ ਸਿੰਘ ਦੋਆਬਾ ਡੀਜ਼ਲ ਵਾਲੇ, ਸੁਖਦੀਪ ਸਿੰਘ ਭੋਗਲ (ਲੱਡੂ), ਗੁਰਪ੍ਰੀਤ ਸ਼ੂ ਪੈਲਸ, ਰਾਕੇਸ਼ ਮੱਟੂ, ਅਜੇ ਸਮੀਰ, ਹਰਜੀਤ ਸਿੰਘ, ਗੁਰਪ੍ਰੀਤ ਸਿੰਘ ਪੰਚ, ਪ੍ਰੀਤਮ ਸਿੰਘ, ਹੋਰ ਆਦਿ ਸ਼ਹਿਰ ਵਾਸੀ ਹਾਜ਼ਰ ਸਨ।

## ਬਾਲ ਭਿਖਿਆ ਰੋਕੂ ਟਾਸਕ ਫੋਰਸ ਵੱਲੋਂ ਵੱਖ-ਵੱਖ ਥਾਵਾਂ 'ਤੇ ਚੈਕਿੰਗ

**ਹੁਸ਼ਿਆਰਪੁਰ (ਓ ਪੀ ਰਾਣਾ)**- ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਰਹਿਨੁਮਾਈ ਹੇਠ ਪ੍ਰੋਜੈਕਟ 'ਜੀਵਨਜੋਤ' ਤਹਿਤ ਜਾਰੀ ਗਾਈਡਲਾਈਨਾਂ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਬਾਲ ਭਿਖਿਆ ਦੀ ਰੋਕਥਾਮ ਲਈ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ 5 ਅਤੇ 8 ਸਤੰਬਰ ਨੂੰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਦੀ ਅਗਵਾਈ ਹੇਠ ਬਾਲ ਭਿਖਿਆ ਰੋਕੂ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵੱਲੋਂ ਵੱਖ-ਵੱਖ ਥਾਵਾਂ 'ਤੇ ਚੈਕਿੰਗ ਅਤੇ ਰੇਡ ਕੀਤੀ ਗਈ। ਟਾਸਕ ਫੋਰਸ ਵੱਲੋਂ ਹੁਸ਼ਿਆਰਪੁਰ ਸ਼ਹਿਰ ਦੇ ਹਨੂਮਾਨ ਮੰਦਰ, ਸ਼ਨੀ ਮੰਦਰ, ਭੰਗੀ ਚੋਅ, ਫੂਡ ਸਟਰੀਟ ਅਤੇ ਦਸੂਹਾ ਦੇ ਮੇਨ ਬਾਜ਼ਾਰ ਤੇ ਬੱਸ ਸਟੈਂਡ ਵਿਖੇ ਚੈਕਿੰਗ ਕੀਤੀ ਗਈ। ਇਸ ਦੌਰਾਨ ਸ਼ਨੀ ਮੰਦਰ, ਹੁਸ਼ਿਆਰਪੁਰ ਤੋਂ ਇੱਕ ਬੱਚੇ ਅਤੇ ਸਬਜ਼ੀ ਮੰਡੀ, ਪੁਰਹੀਰਾਂ ਤੋਂ ਪੰਜ ਬੱਚਿਆਂ ਨੂੰ ਬਾਲ ਭਿਖਿਆ ਤੋਂ ਮੁਕਤ ਕਰਵਾਇਆ ਗਿਆ। ਇਨ੍ਹਾਂ ਸਾਰੇ ਬੱਚਿਆਂ ਨੂੰ ਬਾਲ ਭਲਾਈ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਗਿਆ। ਕਮੇਟੀ ਵੱਲੋਂ ਬੱਚਿਆਂ ਦੀ ਕਾਊਂਸਲਿੰਗ ਕੀਤੀ ਗਈ ਅਤੇ ਉਨ੍ਹਾਂ ਦੀ ਭਲਾਈ ਤੇ ਸੁਰੱਖਿਆ ਨੂੰ ਮੁੱਖ ਰੱਖਦਿਆਂ ਬੱਚਿਆਂ ਨੂੰ ਚਿਲਡਰਨ ਹੋਮ ਵਿੱਚ ਦਾਖ਼ਲ ਕਰਵਾਉਣ ਦਾ ਫੈਸਲਾ ਲਿਆ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕੋਈ ਬੱਚਾ ਭੀਖ ਮੰਗਦਾ ਜਾਂ ਬਾਲ ਮਜ਼ਦੂਰੀ ਕਰਦਾ ਨਜ਼ਰ ਆਉਂਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਬਾਲ ਹੈਲਪਲਾਈਨ ਨੰਬਰ 1098 'ਤੇ ਦਿੱਤੀ ਜਾਵੇ। ਇਸ ਕਾਰਵਾਈ ਦੌਰਾਨ ਬਾਲ ਸੁਰੱਖਿਆ ਅਫ਼ਸਰ ਹੁਸ਼ਿਆਰਪੁਰ ਜੈਸਮੀਨ ਵਸ਼ਿਸ਼ਟ, ਲੀਗਲ ਅਫ਼ਸਰ ਸੁਖਜਿੰਦਰ ਸਿੰਘ, ਸੋਸ਼ਲ ਵਰਕਰ ਅਮਨ ਅਤੇ ਚਾਈਲਡ ਹੈਲਪਲਾਈਨ ਦੀ ਸੁਪਰਵਾਈਜ਼ਰ ਦੀਕਸ਼ਾ ਸਮੇਤ ਹੋਰ ਸਟਾਫ਼ ਮੌਜੂਦ ਸੀ। ਐਸ ਐਚ ਓ ਸਿਟੀ ਗਗਨ ਸਿੰਘ ਵੱਲੋਂ ਦੋ ਪੁਲਿਸ ਅਧਿਕਾਰੀਆਂ ਨੂੰ ਵੀ ਟਾਸਕ ਫੋਰਸ ਦੀ ਟੀਮ ਨਾਲ ਤਾਇਨਾਤ ਕੀਤਾ ਗਿਆ।



## ਮਲਕੀਅਤ ਸਿੰਘ ਔਜਲਾ ਹੋਏ ਸਰੋਤਿਆਂ ਦੇ ਰੂਬਰੂ

**ਚੰਡੀਗੜ੍ਹ (ਸੁਰਜੀਤ ਸੁਮਨ)** ਪੰਜਾਬੀ ਸਾਹਿਤ ਸਭਾ ਖਰੜ (ਰਜਿ:) ਦੀ ਮਾਸਿਕ ਇੱਕਤਰਤਾ ਸਥਾਨਕ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਵਿਖੇ ਪ੍ਰਸਿੱਧ ਨਾਵਲਕਾਰ ਸੰਤਵੀਰ ਦੀ ਪ੍ਰਧਾਨਗੀ ਹੇਠ ਹੋਈ।ਪ੍ਰਧਾਨਗੀ ਮੰਡਲ ਵਿੱਚ ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ, ਨਕਸ਼ਦੀਪ ਪੰਜਕੋਹਾ, ਸੁਨੀਲਮ ਮੰਡ ਅਤੇ ਮਲਕੀਅਤ ਸਿੰਘ ਔਜਲਾ ਬਿਰਾਜਮਾਨ ਹੋਏ। ਪ੍ਰੋਗਰਾਮ ਵਿੱਚ ਹਾਜ਼ਰ ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਮਲਕੀਤ ਨਾਗਰਾ, ਗੁਰਸਿਮਰਨ ਸਿੰਘ, ਤਵਿੰਦਰ ਸਿੰਘ ਚੱਢਾ ਸਰਹਿੰਦ, ਕੈਪਟਨ ਸੇਵਾ ਸਿੰਘ ਸਰਹਿੰਦ, ਸੀਤਲ ਸਿੰਘ ਸਮਰਾਲਾ, ਰਣਜੀਤ ਸਿੰਘ ਮੋਹਾਲੀ, ਐਡਵੋਕੇਟ ਨੀਲਮ ਨਾਰੰਗ, ਗੁਰਜੀਤ ਸਿੰਘ ਲਾਂਬਾ ਖਰੜ, ਦਲਬੀਰ ਸਿੰਘ ਸਰੋਆ, ਬੰਤ ਸਿੰਘ ਦੀਪ, ਕੁਲਵੰਤ ਸਿੰਘ ਖੋਖਰ, ਸੁਖਵਿੰਦਰ ਸਿੰਘ ਦੁਰਾਲੀ, ਗੁਰਪ੍ਰੀਤ ਸਿੰਘ ਨਿਆਮੀਆ, ਡਾ. ਰੁਪਿੰਦਰ ਕੌਰ ਹੁੰਦਲ, ਸੁਨੀਲਮ ਮੰਡ, ਦਲਜੀਤ ਕੌਰ ਦਾਊਂ, ਅਲੀ ਰਾਜਪੁਰਾ, ਧਿਆਨ ਸਿੰਘ ਕਾਹਲੋਂ, ਭੁਪਿੰਦਰ ਸਿੰਘ ਝੱਜ, ਜਸਪਾਲ ਕੰਵਲ, ਮਨਦੀਪ ਰਿੰਪੀ, ਖੁਸ਼ੀ ਰਾਮ ਨਿਮਾਣਾ, ਅਮਰਜੀਤ ਕੌਰ ਮੋਰਿੰਡਾ, ਭਗਤ ਰਾਮ ਰੰਗਾੜਾ ਅਤੇ ਡਾ. ਸਿਮਰਜੀਤ ਕੌਰ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕਰਕੇ ਵਾਹ-ਵਾਹ ਖੱਟੀ। ਸਮਾਗਮ ਦੇ ਦੂਜੇ ਦੌਰ ਵਿੱਚ ਪ੍ਰਸਿੱਧ ਲੇਖਕ ਮਲਕੀਅਤ ਸਿੰਘ ਔਜਲਾ ਨੂੰ ਸਨਮਾਨਿਤ ਕੀਤਾ ਗਿਆ।ਮਲਕੀਅਤ ਸਿੰਘ ਔਜਲਾ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਸਭਾ ਦੇ ਪ੍ਰਧਾਨ ਡਾ. ਜਸਪਾਲ ਜੱਸੀ ਵੱਲੋਂ ਦਿੱਤੀ ਗਈ। ਮਲਕੀਤ ਸਿੰਘ ਔਜਲਾ ਨੇ ਆਪਣੇ ਸਹਿਤਕ ਸਫਰ ਬਾਰੇ ਦੱਸਿਆ।



ਇਸ ਮੌਕੇ ਮਲਕੀਅਤ ਸਿੰਘ ਔਜਲਾ ਨੂੰ ਸਭਾ ਵੱਲੋਂ ਲੋਈ ਅਤੇ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਜਾਬ ਸਿਵਲ ਸਕੱਤਰੇਤ ਦੇ ਅਧਿਕਾਰੀ ਤੇ ਭੰਗੜਾ ਕਲਾਕਾਰ ਭੁਪਿੰਦਰ ਸਿੰਘ ਝੱਜ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸੇ ਦੌਰਾਨ ਪੰਜਾਬੀ ਸਾਹਿਤ ਸਭਾ ਖਰੜ (ਰਜਿ:) ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਗੁਰਮੀਤ ਸਿੰਘ ਸਿੰਗਲ ਨੂੰ ਸਰਵ-ਸੰਮਤੀ ਨਾਲ ਸਭਾ ਦਾ ਪ੍ਰਧਾਨ ਚੁਣ ਲਿਆ ਗਿਆ ਹੈ।

## ਸਾਲਾਨਾ ਬਰਸੀ ਮੌਕੇ ਗੁਰਮਤਿ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭੁੰਗਰਨੀ ਵਿਖੇ ਬ੍ਰਹਮ ਗਿਆਨੀ 108 ਸੰਤ ਬਾਬਾ ਜੋਤਾ ਸਿੰਘ ਦੇ ਤੱਪ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬ੍ਰਹਮ ਗਿਆਨੀ 108 ਸੰਤ ਬਾਬਾ ਜੋਤਾ ਸਿੰਘ ਦੀ ਸਾਲਾਨਾ 47ਵੀਂ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਸੇਵਾਦਾਰ ਸਤਨਾਮ ਸਿੰਘ ਪਰਹਾਰ ਪੰਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ ਭੁੰਗਰਨੀ, ਭਾਈ ਪ੍ਰਸ਼ੋਤਮ ਸਿੰਘ ਭੁੰਗਰਨੀ, ਭਾਈ ਕੁਲਦੀਪ ਸਿੰਘ ਭੁੰਗਰਨੀ ਤੋਂ ਇਲਾਵਾ ਹੋਰ ਪੰਥ ਪ੍ਰਸਿੱਧ ਰਾਗੀ ਜੱਥੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਢਾਡੀ ਕਵੀਸ਼ਰ ਜੱਥੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਰਾਗੀ ਜੱਥੇ, ਪ੍ਰਮੁੱਖ ਸਖ਼ਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਲਾਨਾ ਸਮਾਗਮ ਦੌਰਾਨ ਬੀਬੀ ਸੁਰਜੀਤ ਕੌਰ, ਸਤਨਾਮ ਸਿੰਘ ਪਰਹਾਰ ਪੰਚ, ਦਲਜੀਤ ਕੌਰ, ਦਵਿੰਦਰ ਸਿੰਘ, ਭੁਪਿੰਦਰ ਸਿੰਘ, ਅਮਰੀਕ ਸਿੰਘ, ਤਰਲੋਚਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸਾਲਾਨਾ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।



## ਇੰਸਪੈਕਟਰ ਅਮਰਜੀਤ ਕੌਰ ਸਨਮਾਨਤ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਹਰ ਧਰਮ ਦੇ ਧਾਰਮਿਕ ਸਮਾਗਮਾਂ ਵਿੱਚ ਆਪਣਾ ਬਣਦਾ ਸਹਿਯੋਗ ਦੇ ਰਹੀ ਐਸ ਐਚ ਓ ਟਾਂਡਾ ਇੰਸਪੈਕਟਰ ਅਮਰਜੀਤ ਕੌਰ ਦਾ ਧੰਨਵਾਦ ਅਤੇ ਉਨ੍ਹਾਂ ਨੂੰ ਸਨਮਾਨਤ ਕਰਨ ਲਈ ਸ਼੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਦੇ ਸਰਪਰਸਤ ਮਿੱਕੀ ਪੰਡਿਤ, ਵਾਈਸ ਪ੍ਰਧਾਨ ਗਗਨ ਭੱਟੀ, ਮੁਖ ਸਲਾਹਕਾਰ ਸ਼ਿਵਮ ਵੈਦ, ਜਿੰਦਰ ਬਨਿਆਲ, ਹਰਜੀਤ ਸਿੰਘ, ਸਾਬੀ ਕੁਮਾਰ ਸਮੇਤ ਸਮੂਹ ਸੋਸਾਇਟੀ ਮੈਂਬਰਾਂ ਨੇ ਇੰਸਪੈਕਟਰ ਅਮਰਜੀਤ ਕੌਰ ਨੂੰ ਮਾਤਾ ਚਿੰਤਪੁਰਨੀ ਦਾ ਸਰੂਪ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਤੇ ਮਿੱਕੀ ਪੰਡਿਤ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜਿਹੜੇ ਵੀ ਅਫਸਰ ਕਿਸੇ ਵੀ ਧਰਮ ਦੇ ਧਾਰਮਿਕ ਸਮਾਗਮਾਂ ਦੌਰਾਨ ਸੁਰੱਖਿਆ ਸਬੰਧੀ ਪੁਖਤਾ ਪ੍ਰਬੰਧ ਕਰਕੇ ਉਸ ਸਮਾਗਮ ਦੀ ਪ੍ਰਬੰਧਕ ਕਮੇਟੀ ਨੂੰ ਆਪਣਾ ਭਰਪੂਰ ਸਹਿਯੋਗ ਦਿੰਦੇ ਹਨ ਸ੍ਰੀ ਨਵ ਦੁਰਗਾ ਚਿੰਤਪੁਰਨੀ ਲੰਗਰ ਸੇਵਾ ਸੋਸਾਇਟੀ ਉਨ੍ਹਾਂ ਅਧਿਕਾਰੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਧੰਨਵਾਦ ਕਰਦੀ ਹੈ ਤਾਂ ਜੋ ਸਰਕਾਰੀ ਅਧਿਕਾਰੀਆਂ ਨੂੰ ਹਰ ਵਰਗ ਦੇ ਧਾਰਮਿਕ ਸਮਾਗਮਾਂ ਵਿੱਚ ਆਪਣਾ ਯੋਗਦਾਨ ਪਾਉਣ ਦੀ ਪ੍ਰੇਰਨਾ ਮਿਲ ਸਕੇ। ਉਨ੍ਹਾਂ ਟਰੈਫਿਕ ਵਿੱਚ ਵਾਧਾ ਹੋਣ ਕਾਰਨ ਟਾਂਡਾ ਸ਼ਹਿਰ ਦੇ ਚੌਂਕਾਂ ਵਿੱਚ ਆਮ ਜਨਤਾ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਤਾਂ ਜੋ ਚੌਂਕਾਂ ਵਿੱਚ ਲਗਾਏ ਜਾ ਰਹੇ ਪੁਲਿਸ ਨਾਕਿਆਂ ਵਿੱਚ ਹੋਰ ਵਾਧਾ ਕੀਤਾ ਜਾ ਸਕੇ।



## ਅਧਿਆਪਕ ਦਿਵਸ 'ਤੇ ਸਕੂਲ ਨੂੰ ਇਨਵਰਟਰ ਤੇ ਬੈਟਰਾ ਭੇਟ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਅਧਿਆਪਕ ਦਿਵਸ ਮੌਕੇ ਸਰਕਾਰੀ ਮਿਡਲ ਸਕੂਲ ਕਕਰਾਲੀ ਨੂੰ ਬੈਟਰਾ ਭੇਟ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਮਨਮਿੰਦਰ ਕੌਰ ਨੇ ਦੱਸਿਆ ਕਿ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਗੁਰਵਿੰਦਰ ਸਿੰਘ ਕਕਰਾਲੀ, ਸਰਪੰਚ ਸਵਰਨ ਸਿੰਘ ਕਕਰਾਲੀ, ਸਤਵਿੰਦਰ ਸਿੰਘ, ਸਵਰਨ ਸਿੰਘ ਕਕਰਾਲੀ ਅਤੇ ਪਿੰਡ ਦੇ ਪਤਵੰਤੇ ਸੱਜਣਾ ਵਲੋਂ ਸਕੂਲ ਨੂੰ ਅਧਿਆਪਕ ਦਿਵਸ ਮੌਕੇ ਇਨਵਰਟਰ ਅਤੇ ਬੈਟਰਾ ਭੇਟ ਕੀਤਾ ਗਿਆ ਹੈ। ਇਸ ਮੌਕੇ ਸਕੂਲ ਅਧਿਆਪਕ ਅਸ਼ਵਨੀ ਕੁਮਾਰ ਸ਼ਰਮਾ ਨੇ ਸਾਰੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਸਕੂਲ ਨੂੰ ਸਮੇਂ ਸਮੇਂ ਸਾਰੇ ਪਿੰਡ ਵਾਸੀ ਭਰਪੂਰ ਸਹਿਯੋਗ ਕਰਦੇ ਹਨ। ਸਾਬਕਾ ਅਧਿਆਪਕ ਜਸਬੀਰ ਸਿੰਘ ਸ਼ਾਂਤਪੁਰੀ ਵਲੋਂ ਪਿੰਡ ਦੇ ਪਤਵੰਤੇ ਸੱਜਣਾਂ ਦੀ ਇਸ ਉੱਦਮ ਲਈ ਸ਼ਾਲਾਘਾ ਕੀਤੀ।ਇਸ ਮੌਕੇ ਇਸ ਇਨਵਰਟਰ ਨੂੰ ਫਿੱਟ ਕਰਨ ਦੀ ਸੇਵਾ ਬਲਬੀਰ ਸਿੰਘ ਵੱਲੋਂ ਕੀਤੀ ਗਈ।



## ਗੋਸਲ 'ਸੰਤ ਵਿਨੋਬਾ ਭਾਵੇ' ਐਵਾਰਡ ਨਾਲ ਸਨਮਾਨਤ

**ਚੰਡੀਗੜ੍ਹ (ਸੁਰਜੀਤ ਸੁਮਨ)** ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਨੂੰ ਸਾਹਿਤ ਅਤੇ ਸਮਾਜ ਸੇਵਾ ਵਿੱਚ ਵੱਡਾ ਯੋਗਦਾਨ ਪਾਉਣ ਲਈ ਸੈਕਟਰ-43 ਚੰਡੀਗੜ੍ਹ ਵਿਖੇ ਨਾਮੀ ਸੰਸਥਾ ਅਚਾਰੀਆ ਕੁਲ ਚੰਡੀਗੜ੍ਹ ਵਲੋਂ 'ਸੰਤ ਵਿਨੋਬਾ ਭਾਵੇ' ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸੰਸਥਾ ਵੱਲੋਂ ਉਨ੍ਹਾਂ ਨੂੰ ਇਹ ਅਵਾਰਡ 125 ਕਿਤਾਬਾਂ ਦਾ ਲੇਖਕ ਹੋਣ ਵਜੋਂ ਦਿੱਤਾ ਗਿਆ ਹੈ, ਜਿਸ ਵਿੱਚ ਵਿਸ਼ੇਸ਼ ਸਨਮਾਨ ਚਿੰਨ੍ਹ ਤੇ ਸ਼ਾਲ ਸ਼ਾਮਿਲ ਸੀ। ਨਾਲ ਹੀ ਇਸ ਮੌਕੇ ਸੰਸਥਾ ਦੀ ਪ੍ਰੈੱਸ ਸਕੱਤਰ ਬਲਜਿੰਦਰ ਸ਼ੇਰਗਿੱਲ ਅਤੇ ਚੰਡੀਗੜ੍ਹ ਦੇ ਆਸ-ਪਾਸ ਦੇ ਪ੍ਰਸਿੱਧ ਪੱਤਰਕਾਰਾਂ ਤੇ ਸਾਹਿਤਕਾਰਾਂ ਨੂੰ ਵੀ ਸਨਮਾਨਤ ਕੀਤਾ ਗਿਆ ਹੈ। ਪ੍ਰਿੰ. ਗੋਸਲ ਨੂੰ ਸਨਮਾਨਿਤ ਕਰਨ ਦੀ ਰਸਮ ਚੰਡੀਗੜ੍ਹ ਤੋਂ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ, ਕੇ.ਕੇ. ਸਾਰਦਾ, ਪ੍ਰੇਮ ਵਿਜ ਅਤੇ ਪ੍ਰੇਮ ਲਤਾ ਵਲੋਂ ਕੀਤੀ ਗਈ। ਇਸ ਮੌਕੇ ਸਾਬਕਾ ਡਿਪਟੀ ਸੈਕਟਰੀ ਪੰਜਾਬ ਸਰਕਾਰ ਰਾਜ ਕੁਮਾਰ ਸਾਹੋਵਾਲੀਆ, ਸਭਾ ਦੇ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਜੋਗ, ਕਾਰਜਕਾਰੀ ਜਨਰਲ ਸਕੱਤਰ ਅਤੇ ਸਲਾਹਕਾਰ ਬਲਵਿੰਦਰ ਸਿੰਘ, ਧਿਆਨ ਸਿੰਘ ਕਾਹਲੋਂ ਸੁਭਾਸ਼ ਭਾਸਕਰ, ਗੁਰਦਰਸ਼ਨ ਸਿੰਘ ਮਾਵੀ ਅਤੇ ਹੋਰ ਸਾਹਿਤਕਾਰਾਂ ਨੇ ਵੱਲੋਂ ਪ੍ਰਿੰ. ਗੋਸਲ ਨੂੰ ਵਧਾਈ ਦਿੱਤੀ ਗਈ।



## ਪਰਮ ਸੇਵਾ ਵੈੱਲਫੇਅਰ ਸੋਸਾਇਟੀ ਦੀ ਇਕੱਤਰਤਾ

**ਚੰਡੀਗੜ੍ਹ (ਸੁਰਜੀਤ ਸੁਮਨ)**- ਪਰਮ ਸੇਵਾ ਵੈੱਲਫੇਅਰ ਸੋਸਾਇਟੀ (ਰਜਿ.) ਦੀ ਇਕੱਤਰਤਾ ਚੇਅਰਮੈਨ ਡਾ. ਸੰਤ ਸੁਰਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ, ਗੋਲਡਨ ਜੁਬਲੀ ਹਾਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੋਈ। ਸੁਸਾਇਟੀ ਦੇ ਪ੍ਰਧਾਨ ਸੋਮ ਨਾਥ ਭੱਟ ਨੇ ਮਾਰਚ ਮਹੀਨੇ ਹੋਈ ਪਿਛਲੀ ਮੀਟਿੰਗ ਵਿੱਚ ਪਾਸ ਕੀਤੇ ਮਤਿਆਂ ਸਬੰਧੀ ਵਿਸਥਾਰ-ਪੂਰਵਕ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਤਿੰਨ ਮਤਿਆਂ ਵਿੱਚੋਂ ਦੋ ਮਾਸਿਕ ਸਨਮਾਨ ਮੈਂਬਰਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹੇ ਹਨ, ਪਰੰਤੂ ਤੀਜਾ ਮਤਾ ਮੈਂਬਰਾਂ ਦੇ ਮੱਠੇ ਹੁੰਗਾਰੇ ਕਾਰਨ ਸਿਰੇ ਨਹੀਂ ਚੜ੍ਹ ਸਕਿਆ। ਮੰਚ ਸੰਚਾਲਨ ਕਰਦਿਆਂ ਉਨ੍ਹਾਂ ਸੁਸਾਇਟੀ ਦੇ ਕੰਮਾਂ ਬਾਰੇ ਵੀ ਚਾਨਣਾ ਪਾਇਆ। ਇਸ ਇਕੱਤਰਤਾ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਅੱਖਾਂ ਦੇ ਮਾਹਿਰ ਡਾ. ਅਵਤਾਰ ਸਿੰਘ ਅਤੇ ਗਾਇਨੀ ਮਾਹਿਰ ਉਨ੍ਹਾਂ ਦੀ ਪਤਨੀ ਡਾ. ਪਰਮਪ੍ਰੀਤ ਕੌਰ ਘੁੰਮਣ ਵੱਲੋਂ ਵੀ ਸ਼ਿਰਕਤ ਕੀਤੀ ਗਈ। ਦੋਵੇਂ ਡਾਕਟਰ ਸਾਹਿਬਾਨ ਵੱਲੋਂ ਸਿਹਤ ਸਮੱਸਿਆਵਾਂ ਸਬੰਧੀ ਮੈਂਬਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਲੋੜੀਂਦੇ ਟਿਪਸ ਵੀ ਦਿੱਤੇ। ਉਨ੍ਹਾਂ ਆਮ ਪਰਵਾਰਾਂ ਨੂੰ ਸਿਹਤ ਸਬੰਧੀ ਆ ਰਹੀਆਂ ਮੁਸ਼ਕਲਾਂ ਦਾ ਉਚੇਚਾ ਜ਼ਿਕਰ ਕੀਤਾ।ਹਾਜ਼ਰ ਮੈਂਬਰਾਂ ਵੱਲੋਂ ਵੀ ਇਸ ਸਬੰਧੀ ਆਪਣੇ ਆਪਣੇ ਵਿਚਾਰ ਪ੍ਰਗਟਾਏ ਗਏ। ਇਸ ਮੌਕੇ ਡਾ. ਸੰਤ ਸੁਰਿੰਦਰਪਾਲ ਸਿੰਘ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਦੇ ਪਰਵਾਰਾਂ ਦੇ ਰਹਿਣ-ਸਹਿਣ ਦਾ ਫ਼ਰਕ ਦਰਸਾਉਂਦਿਆਂ, ਉਨ੍ਹਾਂ ਦੀਆਂ ਵੱਖ ਵੱਖ ਸਮੱਸਿਆਵਾਂ ਦਾ ਜ਼ਿਕਰ ਕੀਤਾ। ਮਾਸਟਰ ਲਛਮਣ ਸਿੰਘ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਨੇਕ ਕੰਮਾਂ ਦੀ ਸ਼ਲਾਘਾ ਕੀਤੀ। ਜ਼ਿਲ੍ਹਾ ਖਜ਼ਾਨਾ ਅਫ਼ਸਰ, ਚੰਡੀਗੜ੍ਹ ਸੋਨੀਆ ਮਹਾਜਨ ਵੱਲੋਂ ਸੁਸਾਇਟੀ ਨਾਲ ਜੁੜਨ ਦਾ ਆਪਣਾ ਤਜਰਬਾ ਸਾਂਝਾ ਕੀਤਾ। ਵਿੱਤ ਸਕੱਤਰ ਬਹਾਦਰ ਸਿੰਘ ਵੱਲੋਂ ਸੁਸਾਇਟੀ ਦਾ ਲੇਖਾ-ਜੋਖਾ ਪੇਸ਼ ਕੀਤਾ ਗਿਆ। ਮੀਟਿੰਗ ਵਿੱਚ ਸ਼ਾਮਲ ਹੋਏ ਨਵੇਂ ਦੋ ਮੈਂਬਰਾਂ ਹਰਬਖ਼ਸ਼ ਸਿੰਘ ਅਤੇ ਮਿੰਨੂ ਕਾਂਸਲ ਦਾ ਸਵਾਗਤ ਕੀਤਾ ਗਿਆ। ਉਕਤ ਤੋਂ ਇਲਾਵਾ ਇਸ ਇਕੱਤਰਤਾ ਵਿੱਚ ਹਰਬੰਸ ਸਿੰਘ, ਸਮਰੱਥ ਸਿੰਘ, ਸੁਰਿੰਦਰ ਸਿੰਘ (ਰੋਪੜ), ਅਸ਼ੀਸ਼ ਕੁਮਾਰ, ਹਰਮੇਸ਼ ਚੰਦਰ ਭੱਲਾ, ਅਨਿਲ ਕੁਮਾਰ, ਧਰਮਪਾਲ ਸ਼ਰਮਾ, ਗੁਰਸ਼ਰਨਜੀਤ ਸਿੰਘ, ਲਖਵੀਰ ਸਿੰਘ, ਜਸਵੀਰ ਸਿੰਘ, ਬਲਜਿੰਦਰ ਸਿੰਘ, ਸੁਨੀਲ ਕੁਮਾਰ ਸ਼ਰਮਾ, ਪੰਕਜ ਵਰਧਨ, ਮਮਤਾ ਗੌਤਮ, ਅੰਜੂ ਛਾਬੜਾ, ਸੁਖਵੰਤ ਕੌਰ, ਚੰਦਰਕਾਂਤਾ, ਸੁਚਿਤਾ ਤਿਵਾੜੀ ਅਤੇ ਰਾਜ ਕੁਮਾਰੀ ਆਦਿ ਵੱਲੋਂ ਸ਼ਿਰਕਤ ਕੀਤੀ ਗਈ।



## ਪਸ਼ੂ ਭਲਾਈ ਤੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)**- ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀ ਸਿਹਤ ਸੰਭਾਲ, ਪਸ਼ੂ ਭਲਾਈ, ਰੋਗਾਂ ਦੀ ਰੋਕਥਾਮ ਅਤੇ ਸਰਕਾਰ ਵੱਲੋਂ ਪਸ਼ੂ ਪਾਲਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਸਿਵਲ ਵੈਟਰਨਰੀ ਹਸਪਤਾਲ ਤਲ੍ਹਣ ਵਿਖੇ ਪਸ਼ੂ ਭਲਾਈ ਅਤੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਪਛਾਣ, ਰੋਕਥਾਮ, ਸਮੇਂ ਸਿਰ ਟੀਕਾਕਰਨ, ਸਫ਼ਾਈ ਦੇ ਇੰਤਜ਼ਾਮ, ਸੰਤੁਲਿਤ ਖੁਰਾਕ ਅਤੇ ਵਿਗਿਆਨਕ ਢੰਗ ਨਾਲ ਪਸ਼ੂ ਪਾਲਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਪਸ਼ੂ ਪਾਲਕਾਂ ਨੂੰ ਪਸ਼ੂ ਵਿੱਚ ਬਿਮਾਰੀ ਦੇ ਲੱਛਣ ਦਿਖਾਈ ਦੇਣ 'ਤੇ ਆਪਣੇ ਪੱਧਰ 'ਤੇ ਇਲਾਜ ਕਰਨ ਦੀ ਬਜਾਏ ਤੁਰੰਤ ਸਰਕਾਰੀ ਵੈਟਰਨਰੀ ਹਸਪਤਾਲ ਜਾਂ ਵੈਟਰਨਰੀ ਅਧਿਕਾਰੀ ਨਾਲ ਸੰਪਰਕ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਵਿਭਾਗੀ ਅਧਿਕਾਰੀਆਂ ਨੇ ਪਸ਼ੂ ਪਾਲਕਾਂ ਨੂੰ ਪਸ਼ੂਪਾਲਣ ਨੂੰ ਆਮਦਨ ਦਾ ਮਜ਼ਬੂਤ ਸਰੋਤ ਬਣਾਉਣ, ਪਸ਼ੂਆਂ ਦੀ ਉਤਪਾਦਕਤਾ ਵਧਾਉਣ ਅਤੇ ਪਸ਼ੂ ਭਲਾਈ ਦੇ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਵਿਗਿਆਨਕ ਪਸ਼ੂ ਪਾਲਣ ਤਕਨੀਕਾਂ ਅਪਣਾਉਣ ਦੀ ਅਪੀਲ ਕੀਤੀ। ਇਸ ਮੌਕੇ ਡਿਪਟੀ ਡਾਇਰੈਕਟਰ ਡਾ. ਰਾਮ ਮੂਰਤੀ ਨੇ ਕਿਹਾ ਕਿ ਪਸ਼ੂਆਂ ਦੀ ਸਿਹਤ ਸਿੱਧੇ ਤੌਰ 'ਤੇ ਪਸ਼ੂ ਪਾਲਕਾਂ ਦੀ ਆਮਦਨ ਅਤੇ ਪਰਿਵਾਰ ਦੀ ਆਰਥਿਕ ਖ਼ੁਸ਼ਹਾਲੀ ਨਾਲ ਜੁੜੀ ਹੋਈ ਹੈ। ਇਸ ਮੌਕੇ ਸਹਾਇਕ ਡਾਇਰੈਕਟਰ ਡਾ. ਕੁਲਵਿੰਦਰ, ਸੀਨੀਅਰ ਵੈਟਰਨਰੀ ਅਫ਼ਸਰ ਡਾ. ਜਸਬੀਰ, ਵੈਟਰਨਰੀ ਅਫ਼ਸਰ ਸਿਵਲ ਵੈਟਰਨਰੀ ਹਸਪਤਾਲ ਤਲ੍ਹਣ ਡਾ. ਭਾਰਤੀ ਰਾਜ, ਵੈਟਰਨਰੀ ਅਫ਼ਸਰ ਡਾ. ਸੁਮਿਤ ਅਤੇ ਸਰਪੰਚ ਗ੍ਰਾਮ ਪੰਚਾਇਤ ਤਲ੍ਹਣ ਹੰਸ ਰਾਜ ਮੌਜੂਦ ਸਨ।

## ਲਾਡੋ ਲਕਸ਼ਮੀ ਯੋਜਨਾ ਦੀਆਂ ਲਾਭਪਾਤਰੀ ਔਰਤਾਂ ਨੂੰ ਕਿਸੇ ਹੋਰ ਯੋਜਨਾ ਦੇ ਲਾਭ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ : ਮੁੱਖ ਮੰਤਰੀ



**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਦੀਨਦਿਆਲ ਲਾਡੋ ਲਕਸ਼ਮੀ ਯੋਜਨਾ ਸੂਬੇ ਦੀਆਂ ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਸ਼ੁਰੂ ਕੀਤੀ ਹੈ। ਇਸ ਯੋਜਨਾ ਦਾ ਲਾਭ ਲੈਣ ਵਾਲੀ ਜਾਂ ਇਸ ਲਈ ਰਜਿਸਟ੍ਰੇਸ਼ਨ ਕਰਵਾਉਣ ਵਾਲੀ ਕਿਸੇ ਵੀ ਮਾਂ-ਭੈਣ ਨੂੰ ਕਿਸੇ ਵੀ ਹੋਰ ਸਰਕਾਰੀ ਯੋਜਨਾ ਦੇ ਲਾਭ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ। ਇਸ ਯੋਜਨਾ ਦਾ ਲਾਭ ਲੈਣ ਲਈ ਪਹਿਲਾਂ ਪਰਵਾਰ ਦੀ ਵੱਧ ਤੋਂ ਵੱਧ ਆਮਦਨ 1 ਲੱਖ ਰੁਪਏ ਹੋਣ ਦੀ ਸ਼ਰਤ ਸੀ, ਜਿਸ ਨੂੰ ਹੁਣ ਵਧਾ ਕੇ 1.80 ਲੱਖ ਰੁਪਏ ਕੀਤਾ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਔਰਤਾਂ ਨੂੰ ਇਸ ਯੋਜਨਾ ਦਾ ਲਾਭ ਮਿਲ ਸਕੇ।

ਮੁੱਖ ਮੰਤਰੀ ਨੇ ਦੱਸਿਆ ਕਿ ਕੁਝ ਵਿਰੋਧੀ ਪਾਰਟੀਆਂ ਦੇ ਨੇਤਾ ਔਰਤਾਂ ਵਿੱਚ ਇਹ ਭਰਮ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਜੇਕਰ ਉਨ੍ਹਾਂ ਨੇ ਲਾਡੋ ਲਕਸ਼ਮੀ ਯੋਜਨਾ ਲਈ ਰਜਿਸਟ੍ਰੇਸ਼ਨ ਕੀਤੀ ਤਾਂ ਉਨ੍ਹਾਂ ਦੇ ਹੋਰ ਪੈਨਸ਼ਨ ਵਰਗੇ ਲਾਭ ਬੰਦ ਹੋ ਜਾਣਗੇ, ਪਰ ਇਸ ਗੱਲ ਵਿੱਚ ਕੋਈ ਸੱਚਾਈ ਨਹੀਂ ਹੈ। ਲਾਡੋ ਲਕਸ਼ਮੀ ਯੋਜਨਾ ਲਈ ਰਜਿਸਟ੍ਰੇਸ਼ਨ ਕਰਵਾਉਣ ਜਾਂ ਇਸ ਯੋਜਨਾ ਦਾ ਲਾਭ ਲੈਣ ਵਾਲੀਆਂ ਸਾਰੀਆਂ ਮਾਵਾਂ-ਭੈਣਾਂ ਨੂੰ ਹੋਰ ਸਾਰੀਆਂ ਯੋਜਨਾਵਾਂ ਦੇ ਲਾਭ ਪਹਿਲਾਂ ਦੀ ਤਰ੍ਹਾਂ ਹੀ ਮਿਲਦੇ ਰਹਿਣਗੇ।

## ਮੁਫ਼ਤ ਮੈਡੀਕਲ ਕੈਂਪ ਲਗਾਇਆ

**ਅਲਾਵਲਪੁਰ, (ਮਦਨ ਬੰਗੜ, ਪਰਮਜੀਤ ਸਿੰਘ)**- ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ. ਪੰਜਾਬ ਦੀ ਸਮੁੱਚੀ ਟੀਮ ਅਤੇ ਪਿਮਸ ਹਸਪਤਾਲ ਜਲੰਧਰ ਤੋਂ ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਪਹੁੰਚੀ ਮੈਡੀਕਲ ਟੀਮ ਵੱਲੋਂ ਪਿੰਡ ਡਾਡੀਆ ਵਿਖੇ ਮੁਫ਼ਤ ਜਨਰਲ ਮੈਡੀਸਨ ਮੈਡੀਕਲ ਕੈਂਪ ਲਗਾਇਆ ਗਿਆ।ਇਹ ਮੈਡੀਕਲ ਕੈਂਪ ਮਾਸਟਰ ਮੋਹਨ ਸਿੰਘ ਡਾਡੀਆ ਅਤੇ ਸਮੂਹ ਗੁੱਗਾ ਜਾਹਰ ਪੀਰ ਪ੍ਰਬੰਧਕ ਕਮੇਟੀ ਦੇ ਨਿੱਘੇ ਸੱਦੇ 'ਤੇ ਲਗਾਇਆ ਗਿਆ। ਕੈਂਪ ਦੌਰਾਨ ਡਾਕਟਰੀ ਟੀਮ ਵੱਲੋਂ ਲੋੜਵੰਦ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਲੋੜ ਅਨੁਸਾਰ ਮੁਫ਼ਤ ਜਨਰਲ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ।ਇਸ ਕੈਂਪ ਵਿੱਚ ਪਿੰਡ ਅਤੇ ਆਸ-ਪਾਸ ਦੇ ਇਲਾਕਿਆਂ ਤੋਂ 150 ਦੇ ਕਰੀਬ ਲੋੜਵੰਦਾਂ ਨੇ ਮੁਫ਼ਤ ਮੈਡੀਕਲ ਸੇਵਾਵਾਂ ਦਾ ਭਰਪੂਰ ਲਾਭ ਲਿਆ। ਇਸ ਮੌਕੇ ਮਰੀਜ਼ਾਂ ਨੂੰ ਸਿਹਤ ਸਬੰਧੀ ਜ਼ਰੂਰੀ ਜਾਣਕਾਰੀ ਵੀ ਦਿੱਤੀ ਗਈ।ਇਸ ਮੌਕੇ ਮਾਸਟਰ ਮੋਹਨ ਸਿੰਘ ਜੀ ਡਾਡੀਆ ਵੱਲੋਂ ਕੈਂਪ ਦੇ ਮੁੱਖ ਪ੍ਰਬੰਧਕ ਰਾਜੇਸ਼ ਕੁਮਾਰ ਅਤੇ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ. ਪੰਜਾਬ ਦੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।



## ਮਾਨ ਨੇ ਪੰਚਾਇਤ ਦੇ ਵਿਕਾਸ ਕੰਮਾਂ ਦਾ ਲੇਖਾ ਜੋਖਾ ਲਿਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡਾਂ ਦੀਆਂ ਪੰਚਾਇਤਾਂ ਨੂੰ ਦਿੱਤੀਆਂ ਗ੍ਰਾਂਟਾ ਦਾ ਲੇਖਾ ਜੋਖਾ ਅਤੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਸੁਣਨ ਲਈ ਲੋਕ ਮਿਲਣੀਆ ਪ੍ਰੋਗਰਾਮ ਤਹਿਤ ਬਲਾਕ ਨੂਰਮਹਿਲ ਦੇ ਪਿੰਡ ਪੰਡੋਰੀ ਜਗੀਰ ਵਿਖੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆ ਜਿੱਥੇ ਪੰਚਾਇਤ ਨੂੰ ਦਿੱਤੀਆਂ ਗਰਾਟਾਂ ਦਾ ਹਿਸਾਬ ਕਿਤਾਬ ਕਰਦਿਆਂ ਸਰਪੰਚ ਕੋਲੋ ਜਾਣਿਆ ਕਿ ਕਿਹੜੇ ਕੰਮ ਹੋਏ ਕਿਹੜੇ ਕੰਮ ਨਹੀਂ ਹੋਏ ਜਦੋਂ ਕਿ ਖਾਤਿਆਂ ਵਿੱਚ ਲੱਖਾਂ ਰੁਪਏ ਪਏ ਹਨ।

ਬੀਬੀ ਮਾਨ ਨੇ ਆਖਿਆ ਮੇਰੀ ਕੋਸ਼ਿਸ਼ ਹੈ ਕਿ ਵਿਕਾਸ ਕਾਰਜ ਜਲਦ ਹੋਣ ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਹੋਣ। ਬੀਬੀ ਮਾਨ ਨੇ ਸੈਕਟਰੀਆਂ ਨੂੰ ਹਦਾਇਤ ਕੀਤੀ ਕਿ ਹਰੇਕ ਸਰਪੰਚ ਨੂੰ ਸਮਾਂ ਦਿਓ ਤਾਂ ਕਿ ਸ਼ੁਰੂ ਕੰਮ ਨਿਪਰੇ ਚੜਨ। ਇਸ ਸਮੇਂ ਲੋਕਾਂ ਦੇ ਨਿੱਜੀ ਕੰਮ ਸੁਣੇ ਗਏ, ਮੌਕੇ ਤੇ ਨਿਪਟਾਰਾ ਕੀਤਾ, ਰਹਿੰਦੇ ਕੰਮ ਜਲਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਸਰਪੰਚ ਗੁਰਮੇਲ ਰਾਮ, ਅਮਨਦੀਪ ਕੌਰ, ਕੁਲਦੀਪ ਕੌਰ, ਲਖਵੀਰ ਸਿੰਘ, ਗੁਰਮੇਲ ਸਿੰਘ, ਜਸਵੀਰ ਸਿੰਘ ਨਿੱਕਾ ਸਮਸ਼ਾਬਾਦ, ਹਰਪ੍ਰੀਤ ਸਿੰਘ, ਜਸਪਾਲ ਸਿੰਘ ਜੱਸਾ ਆਦਿ ਹਾਜ਼ਰ ਸਨ।

## ਨਾਬਾਲਗ ਬੱਚਿਆਂ ਦੇ ਦੋ ਪਹੀਆ ਵਾਹਨਾਂ ਦੇ ਕੀਤੇ ਚਲਾਨ

**ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)**- ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਬੱਚਿਆਂ ਦੀ ਸੁਰੱਖਿਆ ਲਈ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਪਰ ਇਸ ਦੇ ਬਾਵਜੂਦ ਕਈ ਮਾਪੇ ਆਪਣੇ ਨਾਬਾਲਗ ਬੱਚਿਆਂ ਨੂੰ ਦੋ ਪਹੀਆ ਵਾਹਨ ਦੇ ਕੇ ਉਨ੍ਹਾਂ ਦੀ ਜਾਨ ਜੋਖਮ ਵਿੱਚ ਪਾ ਰਹੇ ਹਨ। ਕਾਨੂੰਨ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੱਡੇ ਦੋ ਪਹੀਆ ਵਾਹਨ ਚਲਾਉਣ ਦੀ ਇਜਾਜ਼ਤ ਨਹੀਂ ਹੈ।



ਇਸੇ ਸਬੰਧ ਵਿੱਚ ਬਿਨਪਾਲਕੇ ਪਿੰਡ ਵਿਖੇ ਪੁਲਸ ਵੱਲੋਂ ਸਕੂਲ ਦੇ ਅੱਗੇ ਨਾਕਾਬੰਦੀ ਕਰਕੇ ਸਕੂਲ ਆਉਣ-ਜਾਣ ਵਾਲੇ ਵਿਦਿਆਰਥੀਆਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਜਿਨ੍ਹਾਂ ਵਿਦਿਆਰਥੀਆਂ ਦੀ ਉਮਰ 18 ਸਾਲ ਤੋਂ ਘੱਟ ਪਾਈ ਗਈ ਅਤੇ ਉਹ ਦੋ ਪਹੀਆ ਵਾਹਨ ਚਲਾ ਰਹੇ ਸਨ, ਉਨ੍ਹਾਂ ਦੇ ਚਲਾਨ ਕੀਤੇ ਗਏ। ਪੁਲਸ ਦੀ ਕਾਰਵਾਈ ਤੋਂ ਬਚਣ ਲਈ ਕੁਝ ਵਿਦਿਆਰਥੀਆਂ ਨੇ ਆਪਣੇ ਵਾਹਨ ਪ੍ਰਾਈਵੇਟ ਥਾਵਾਂ 'ਤੇ ਖੜ੍ਹੇ ਕਰ ਦਿੱਤੇ, ਪਰ ਪੁਲਸ ਮੁਲਾਜ਼ਮ ਪੂਰੀ ਤਰ੍ਹਾਂ ਮੁਸਤੈਦ ਰਹੀ ਅਤੇ ਅਜਿਹੇ ਵਾਹਨਾਂ 'ਤੇ ਵੀ ਨਜ਼ਰ ਰੱਖੀ ਗਈ। ਜੋ ਵੀ ਨਾਬਾਲਗ ਬੱਚਾ ਵੱਡੇ ਦੋ ਪਹੀਆ ਵਾਹਨ ਨਾਲ ਮਿਲਿਆ, ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦਿਆਂ ਚਲਾਨ ਕੀਤਾ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਲਾਹਦੜਾ ਥਾਣਾ ਦੇ ਸਬ ਇੰਸਪੈਕਟਰ ਬਲਵੀਰ ਸਿੰਘ ਨੇ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਬੱਚਾ ਕਾਨੂੰਨ ਅਨੁਸਾਰ ਵੱਡਾ ਦੋ ਪਹੀਆ ਵਾਹਨ ਨਹੀਂ ਚਲਾ ਸਕਦਾ। ਉਨ੍ਹਾਂ ਕਿਹਾ ਕਿ ਪੁਲਸ ਅਤੇ ਪ੍ਰਸ਼ਾਸਨ ਦੀ ਇਹ ਕਾਰਵਾਈ ਕਿਸੇ ਨੂੰ ਤੰਗ ਕਰਨ ਲਈ ਨਹੀਂ, ਸਗੋਂ ਬੱਚਿਆਂ ਦੀ ਜਾਨ ਅਤੇ ਭਵਿੱਖ ਦੀ ਸੁਰੱਖਿਆ ਲਈ ਕੀਤੀ ਜਾ ਰਹੀ ਹੈ। ਸਕੂਲ ਦੇ ਮੁੱਖ ਅਧਿਆਪਕ ਸੁਰਿੰਦਰ ਕੁਮਾਰ ਰਾਣਾ ਨੇ ਵੀ ਮਾਪਿਆਂ ਨੂੰ ਵੀ ਅਪੀਲ ਅਤੇ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੇ ਨਾਬਾਲਗ ਬੱਚਿਆਂ ਨੂੰ ਦੋ ਪਹੀਆ ਵਾਹਨ ਦੇ ਕੇ ਉਨ੍ਹਾਂ ਦੀ ਜਾਨ ਜੋਖਮ ਵਿੱਚ ਨਾ ਪਾਉਣ।

## ਸਾਹਿਤ ਸਿਰਜਣ ਤੇ ਕਾਵਿ ਗਾਇਨ ਮੁਕਾਬਲੇ ਲਈ ਵਿਦਿਆਰਥੀਆਂ ਦੇ ਨਾਂਵਾਂ ਦੀ ਮੰਗ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)** ਜ਼ਿਲ੍ਹਾ ਭਾਸ਼ਾ ਅਫ਼ਸਰ, ਕਪੂਰਥਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਵਿੱਚ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣ ਅਤੇ ਕਾਵਿ ਗਾਇਨ ਮੁਕਾਬਲਿਆਂ ਲਈ ਵਿੱਦਿਅਕ ਸੰਸਥਾਵਾਂ ਪਾਸੋਂ ਵਿਦਿਆਰਥੀਆਂ ਦੇ ਨਾਂਵਾਂ ਦੀ ਮੰਗ ਕੀਤੀ ਗਈ ਹੈ। ਇਸ ਵਿੱਚ ਅਗਾਊਂ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀ ਹੀ ਭਾਗ ਲੈ ਸਕਦੇ ਹਨ। ਹਰੇਕ ਸਕੂਲ ਇੱਕ ਵਿਧਾ (ਕਵਿਤਾ, ਕਹਾਣੀ, ਲੇਖ ਰਚਨਾ ਅਤੇ ਕਾਵਿ ਗਾਇਨ) ਵਿੱਚ ਕੇਵਲ ਦੋ-ਦੋ ਵਿਦਿਆਰਥੀ ਹੀ ਭੇਜ ਸਕਦਾ ਹੈ। ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲੈਣਗੇ। ਲੇਖ, ਕਵਿਤਾ ਅਤੇ ਕਹਾਣੀ ਰਚਨਾ ਲਈ ਮੁਕਾਬਲੇ ਵਿੱਚ ਮੌਕੇ ਤੇ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ 300 ਸ਼ਬਦ ਤੱਕ ਦੀ ਕਵਿਤਾ 600 ਸ਼ਬਦਾਂ ਤੱਕ ਲੇਖ, ਕਹਾਣੀ ਰਚਨਾ ਕਰਨੀ ਹੋਵੇਗੀ। ਇਹ ਰਚਨਾ ਮੌਲਿਕ ਹੋਣੀ ਚਾਹੀਦੀ ਹੈ ਕਿਤੇ ਪ੍ਰਕਾਸ਼ਿਤ ਨਾ ਹੋਵੇ।



ਕਵਿਤਾ ਗਾਇਨ ਵਿੱਚ ਕਵਿਤਾ ਜੋ ਕਿਸੇ ਪੁਸਤਕ, ਰਸਾਲੇ, ਅਖ਼ਬਾਰ ਆਦਿ ਵਿੱਚ ਛਪੀ ਹੋਵੇ, ਨੂੰ ਹੀ ਗਾਉਣ ਦੀ ਆਗਿਆ ਦਿੱਤੀ ਜਾਵੇਗੀ। ਇਸ ਕਾਵਿ ਰਚਨਾ ਦਾ ਸਰੋਤ ਦੱਸਣਾ ਲਾਜ਼ਮੀ ਹੋਵੇਗਾ। ਇਹ ਰਚਨਾ ਗਾ ਕੇ ਹੀ ਪੇਸ਼ ਕੀਤੀ ਜਾਣੀ ਹੋਵੇਗੀ ਇਹ ਮੁਕਾਬਲਾ ਵਿਅਕਤੀਗਤ ਹੋਵੇਗਾ, ਸਮੂਹ ਗਾਇਨ ਵਰਜਿਤ ਹੈ। ਕਵਿਤਾ ਗਾਇਨ ਕਰਨ ਸਮੇਂ ਸੁਵਿਧਾ ਅਨੁਸਾਰ ਸਾਜ਼ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਸ ਗਾਇਨ ਲਈ ਘੱਟੋ ਘੱਟ ਤਿੰਨ ਮਿੰਟ ਅਤੇ ਵੱਧ ਤੋਂ ਵੱਧ ਪੰਜ ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਇਸ ਮੁਕਾਬਲੇ ਦੀ ਥਾਂ ਬਾਰੇ ਪ੍ਰਤਿਭਾਗੀਆ ਅਤੇ ਸੰਸਥਾਵਾਂ ਨੂੰ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਣਕਾਰੀ ਦੇ ਦਿੱਤੀ ਜਾਵੇਗੀ॥ ਜੇਤੂ ਵਿਦਿਆਰਥੀਆਂ ਨੂੰ ਇਨਾਮ ਪਹਿਲਾ ਇਨਾਮ 1000/-, ਦੂਜਾ ਇਨਾਮ 750/-, ਤੀਜਾ ਇਨਾਮ 500/- ਜਾਂ ਇੰਨੇ ਮੁੱਲ ਦੀਆਂ ਭਾਸ਼ਾ ਵਿਭਾਗ, ਪੰਜਾਬ ਦੁਆਰਾ ਛਪੀਆਂ ਪੁਸਤਕਾਂ ਦੇ ਰੂਪ ਵਿੱਚ ਦਿੱਤੀ ਜਾਵੇਗੀ। ਇਸ ਦੇ ਨਾਲ ਜੇਤੂ ਵਿਦਿਆਰਥੀਆਂ ਨੂੰ ਜ਼ਿਲ੍ਹਾ ਭਾਸ਼ਾ ਅਫ਼ਸਰ ਪਾਸੋਂ ਪ੍ਰਮਾਣ ਪੱਤਰ ਵੀ ਪ੍ਰਾਪਤ ਹੋਵੇਗਾ।

## ਮਾਲੜੀ 'ਤੇ ਹਮਲਾ ਕਰਨ ਵਾਲੇ ਸਰਪੰਚ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ : ਤਰਕਸ਼ੀਲ ਸੁਸਾਇਟੀ

**ਜਲੰਧਰ (ਨ ਜ਼ ਸ)**- ਤਰਕਸ਼ੀਲ ਸੁਸਾਇਟੀ ਪੰਜਾਬ ਨੇ ਤਲਵੰਡੀ ਸਲੇਮ ਦੇ ਸਰਪੰਚ ਅਤੇ ਉਸਦੇ ਲਾਠੀਮਾਰਾਂ ਵੱਲੋਂ ਪੁਲਸ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਸ਼ਹੀਦ ਪਾਸ਼ ਯਾਦਗਾਰੀ ਕਮੇਟੀ ਦੇ ਆਗੂ ਹਰਮੇਸ਼ ਮਾਲੜੀ ਨੂੰ ਜਾਤੀ ਸੂਚਕ ਸ਼ਬਦ ਬੋਲਣ,ਗਾਲ੍ਹਾਂ ਕੱਢਣ ਅਤੇ ਲੱਤਾਂ ਬਾਹਾਂ ਤੋੜਨ ਦੀਆਂ ਧਮਕੀਆਂ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਤੋਂ ਸਰਪੰਚ ਪ੍ਰਦੀਪ ਸਿੰਘ ਅਤੇ ਉਸ ਦੇ ਲਾਠੀਮਾਰਾਂ ਨੂੰ ਸਖ਼ਤ ਧਾਰਾਵਾਂ ਹੇਠ ਤੁਰੰਤ ਗ੍ਰਿਫਤਾਰ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਉਨ੍ਹਾਂ ਨੇ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਤੋਂ ਨਾਜਾਇਜ਼ ਕਬਜਾ ਤੁਰੰਤ ਹਟਾਉਣ ਦੀ ਮੰਗ ਕੀਤੀ। ਇਸ ਸੰਬੰਧੀ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਸੁਖਵਿੰਦਰ ਬਾਗਪੁਰ,ਸੁਮੀਤ ਅੰਮ੍ਰਿਤਸਰ, ਜਸਵਿੰਦਰ ਫਗਵਾੜਾ, ਸੁਰਜੀਤ ਟਿੱਬਾ ਅਤੇ ਜੋਨ ਆਗੂ ਸੁਖਦੇਵ ਫਗਵਾੜਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਨਜਾਇਜ ਕਬਜਾ ਹਟਾਉਣ ਲਈ ਕੋਈ ਠੋਸ ਕਾਰਵਾਈ ਨਾ ਕੀਤੀ ਗਈ ਤਾਂ 9 ਸਤੰਬਰ ਨੂੰ ਤਲਵੰਡੀ ਸਲੇਮ ਵਿਖੇ ਅਵਤਾਰ ਪਾਸ਼ ਦੇ 76ਵੇਂ ਜਨਮ ਤੇ ਹੋਣ ਵਾਲੇ ਇਨਕਲਾਬੀ ਸਭਿਆਚਾਰਕ ਸਮਾਗਮ ਮੌਕੇ ਕਿਸੇ ਵੀ ਵਿਵਾਦ ਲਈ ਸਥਾਨਕ ਜ਼ਿਲਾ ਪ੍ਰਸ਼ਾਸ਼ਨ ਅਤੇ ਸਥਾਨਕ ਵਿਧਾਇਕ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼ਹੀਦ ਪਾਸ਼-ਹੰਸ ਰਾਜ ਯਾਦਗਾਰੀ ਕਮੇਟੀ ਅਤੇ ਸਮੂਹ ਲੋਕ ਪੱਖੀ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਹਲਕੇ ਦੀ ਵਿਧਾਇਕ ਨੂੰ ਮੰਗ ਪੱਤਰ ਦੇਣ ਦੇ ਬਾਵਜੂਦ ਨਾ ਤਾਂ ਉਸ ਕੰਪਲੈਕਸ 'ਚੋਂ ਝੂਲੇ ਅਤੇ ਓਪਨ ਜਿੰਮ ਹਟਾਏ ਗਏ ਹਨ ਅਤੇ ਨਾ ਹੀ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਗਈ ਹੈ।

## ਬੀ ਐੱਸ ਸੀ (ਇਕਨਾਮਿਕਸ) ਸਮੈਸਟਰ ਦੂਜਾ ਦਾ ਨਤੀਜਾ ਰਿਹਾ ਸ਼ਾਨਦਾਰ

**ਜਲੰਧਰ (ਸ਼ੈਲੀ ਐਲਬਰਟ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੈਚੂਲਰ ਆਫ ਸਾਇੰਸ ਇਨ ਇਕਨਾਮਿਕਸ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਪ੍ਰਭਲੀਨ ਕੌਰ ਨੇ 10 ਵਿਚੋਂ 8.24 ਸੀ ਜੀ ਪੀ ਏ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ ਤੇ ਵਿਦਿਆਰਥਣ, ਉਸ ਦੇ ਮਾਪੇ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਵਿਦਿਆਰਥਣ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਸਿਮਰਨਜੀਤ ਸਿੰਘ ਬੈਂਸ, ਮੁਖੀ ਇਕਨਾਮਿਕਸ ਵਿਭਾਗ, ਡਾ. ਸਰਬਜੀਤ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਗੀਤਿਕਾ ਸ਼ਰਮਾ ਅਤੇ ਪ੍ਰੋ. ਕਿਰਨ ਬਾਲਾ ਵੀ ਹਾਜ਼ਰ ਸਨ।



## 'ਆਦਿ ਧਰਮ' ਸਮਾਗਮ 1 ਨਵੰਬਰ ਨੂੰ ਹੋਵੇਗਾ : ਸੰਤ ਸਰਵਣ ਦਾਸ ਬੋਹਣ

**ਹੁਸ਼ਿਆਰਪੁਰ (ਓ ਪੀ ਰਾਣਾ)**- ਸਮਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਮਜਬੂਤ ਕਰਨ ਲਈ ਸਥਾਪਿਤ ਕੀਤੇ ਆਦਿ ਧਰਮ ਦੇ 100 ਸਾਲਾ ਸਥਾਪਨਾ ਵਰੇਗੰਢ ਦੀ ਖੁਸ਼ੀ 'ਚ ਮਹਾਨ ਆਦਿ ਧਰਮ ਸਮਾਗਮ 1 ਨਵੰਬਰ ਨੂੰ ਡੇਰਾ ਸੰਤ ਮੇਲਾ ਰਾਮ ਨਗਰ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੰਤ ਸਰਵਣ ਦਾਸ ਜੀ ਗੱਦੀ ਨਸ਼ੀਨ ਡੇਰਾ 108 ਸੰਤ ਸੀਤਲ ਦਾਸ ਬੋਹਣ ਵਲੋਂ 100 ਸਾਲ ਸੰਤ ਸਮਾਜ ਆਦਿ ਧਰਮ ਦੇ ਨਾਲ ਮਹਾਨ ਸਮਾਗਮ ਦੇ ਕਾਰਡ ਸੰਗਤਾਂ ਲਈ ਜਾਰੀ ਕਰਦਿਆਂ ਕੀਤਾ। ਇਸ ਮੌਕੇ ਸੰਤ ਸਤਵਿੰਦਰ ਹੀਰਾ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ (ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ.ਭਾਰਤ) ਅਤੇ ਮਹੰਤ ਪ੍ਰਸ਼ੋਤਮ ਲਾਲ ਗੱਦੀ ਨਸ਼ੀਨ ਇਤਿਹਾਸਕ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਿਰ ਸੱਚਖੰਡ ਚੱਕ ਹਕੀਮ ਫਗਵਾੜਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਹਾਨ ਆਦਿ ਧਰਮ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਡੇਰਾ 108 ਸੰਤ ਮੇਲਾ ਰਾਮ ਨਗਰ (ਫਿਲੌਰ ) ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਬੋਹਣ ਵਾਲਿਆਂ ਦੀ ਰਹਿਨੁਮਾਈ ਅਤੇ ਸੰਤ ਪਰਮਜੀਤ ਦਾਸ ਜੀ ਨਗਰ ਵਾਲਿਆਂ ਦੀ ਦੇਖ ਰੇਖ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ, ਜਿਸ ਦੇ ਕਾਰਡ ਸੰਤ ਸਰਵਣ ਦਾਸ ਜੀ ਵਲੋਂ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਸੰਗਤਾਂ ਲਈ ਜਾਰੀ ਕੀਤੇ ਹਨ। ਉਨਾਂ ਦੱਸਿਆ ਕਿ ਇਨਾਂ ਸਮਾਗਮਾਂ ਵਿੱਚ ਭਾਰਤ ਦੀਆਂ ਉੱਘੀਆਂ ਮਹਾਨ ਸਖਸ਼ੀਅਤਾਂ ਤੋਂ ਇਲਾਵਾ ਸੰਤ ਮਹਾਂਪੁਰਸ਼, ਬੁੱਧੀਜੀਵੀ, ਵਿਦਵਾਨ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ। ਉਨ੍ਹਾਂ ਸਮੂਹ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਹੁੰਮ ਹੁਮਾ ਕੇ ਪਹੁੰਚ ਕੇ ਆਦਿ ਧਰਮ ਦੇ ਝੰਡੇ ਬੁਲੰਦ ਕਰਨ ਦੀ ਅਪੀਲ ਕੀਤੀ ਅਤੇ ਜਨਗਣਨਾ ਵਿੱਚ ਆਦਿ ਧਰਮ ਲਿਖਵਾਉਣ ਅਤੇ ਆਦਿ ਧਰਮ ਦਾ ਕਾਲਿਮ ਸਥਾਪਤ ਕਰਾਉਣ ਲਈ ਸਮਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਮਜਬੂਤ ਕਰਨ ਲਈ 1 ਨਵੰਬਰ ਨੂੰ ਆਦਿ ਧਰਮ ਸਮਾਗਮ ਨਗਰ ਵਿਖੇ ਹਾਜ਼ਰੀ ਭਰਨ ਦੀ ਅਪੀਲ ਕੀਤੀ। ਇਸ ਮੌਕੇ ਕੈਪਟਨ ਬੀ ਕੇ ਨਈਅਰ ਇੰਗਲੈਂਡ, ਇੰਸਪੈਕਟਰ ਰਾਮ ਭੱਜ ਕਰਾੜੀ (ਰਿਟਾ.), ਲਵਪ੍ਰੀਤ ਡੇਰਾ ਬੋਹਣ, ਗਿਆਨੀ ਰਵਿੰਦਰ ਸਿੰਘ ਹਰਮੋਏ, ਠਾਕੁਰ ਦਾਸ ਆਦਿ ਹਾਜ਼ਰ ਸਨ।



## ਕਿਸਾਨ ਸਾਇੰਸਦਾਨ ਗੋਸ਼ਟੀ ਕਰਵਾਈ

**ਭਲਾਣ (ਹਰਭਜਨ ਸਿੰਘ ਢਿੱਲੋਂ)**- ਨੇੜਲੇ ਪਿੰਡ ਭੱਲੜੀ ਵਿਖੇ ਮੁੱਖ ਖੇਤੀਬਾੜੀ ਅਫ਼ਸਰ ਰੂਪਨਗਰ ਡਾ. ਨਿਰਮਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਅਮਰਜੀਤ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਵਿੱਚ ਆਤਮਾ ਸਕੀਮ ਅਧੀਨ ਕਿਸਾਨ ਸਾਇੰਸਦਾਨ ਗੋਸ਼ਟੀ ਲਗਾਈ ਗਈ। ਇਸ ਪ੍ਰੋਗਰਾਮ ਵਿੱਚ ਵਰਿੰਦਰ ਸਿੰਘ ਬੀ ਟੀ ਐੱਮ ਵੱਲੋਂ ਆਤਮਾ ਸਕੀਮ ਅਤੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੇ ਹਾਨੀਕਾਰਕ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਪੂਰੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ. ਅਮਰਜੀਤ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਵਲੋ ਪੀ ਐੱਮ ਕਿਸਾਨ ਸਨਮਾਨ ਨਿਧੀ ਯੋਜਨਾ, ਅਗਰੀਸਟੈਕ ਤੇ ਕਿਸਾਨ ਆਈ ਡੀ ਬਣਾਉਣ ਅਤੇ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਕਿਸਾਨਾਂ ਨੂੰ ਵਿਸਥਾਪੂਰਵਕ ਜਾਣਕਾਰੀ ਦਿੱਤੀ ਅਤੇ ਲਾਭ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕੇ ਵੀ ਕੇ ਰੂਪਨਗਰ ਤੋਂ ਡਾ. ਸੰਜੀਵ ਆਹੂਜਾ ਵਲੋਂ ਬਾਗਬਾਨੀ, ਸਾਉਣੀ ਦੀਆਂ ਸਬਜ਼ੀ ਕਿੱਟਾਂ ਅਤੇ ਡਾ.ਅੰਕੁਰਦੀਪ ਵੱਲੋਂ ਐਗਰੋਫੋਰੈਸਟਰੀ, ਪਾਪੂਲਰ ਸਬੰਧੀ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦਿੱਤੀ। ਮੱਛੀ ਪਾਲਣ ਵਿਭਾਗ ਵੱਲੋਂ ਵਿਭਾਗ ਵਿੱਚ ਚੱਲ ਰਹੀਆਂ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਵਿੱਚ ਖੇਤੀਬਾੜੀ ਵਿਭਾਗ ਤੋਂ ਗੁਰਜੀਤ ਸਿੰਘ ਏ ਐੱਸ ਆਈ, ਅਰਜਨ ਸਿੰਘ ਏ ਟੀ ਐੱਮ, ਬੀਰ ਚੰਦ ਵੱਲੋਂ ਸਹਿਯੋਗ ਦਿੱਤਾ ਗਿਆ। ਇਸ ਪ੍ਰੋਗਰਾਮ ਵਿੱਚ 100 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ ਗਿਆ ਜਿਸ ਵਿੱਚ ਮੌਕੇ ਤੇ ਸਰਪੰਚ ਬਲਵੰਤ ਸਿੰਘ, ਅਗਾਂਹਵਧੂ ਕਿਸਾਨ ਹੁਸ਼ਿਆਰ ਸਿੰਘ, ਜਸਵੀਰ ਸਿੰਘ, ਜਗਵੀਰ ਸਿੰਘ, ਜਗਤਾਰ ਸਿੰਘ ਸੈਕਟਰੀ, ਰਾਕੇਸ਼ ਵਰਮਾ, ਹਰਪਾਲ ਸਿੰਘ, ਬਲਮ ਸਿੰਘ, ਮੇਜਰ ਸਿੰਘ, ਸੋਨੀ ਸੈਣੀ, ਦੀਪ ਪੰਚ ਆਦਿ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



## ਭਗਤ ਨੇ ਟੀ ਬੀ ਦੇ ਮਰੀਜ਼ਾਂ ਨੂੰ ਵੰਡੀਆਂ ਪੋਸ਼ਣ ਕਿੱਟਾਂ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਸੂਬੇ ਦੇ ਹਰ ਵਿਅਕਤੀ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ ਹੈ।ਉਹ ਸਥਾਨਕ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਵਿਖੇ ਟੀ ਬੀ ਦੇ ਮਰੀਜ਼ਾਂ ਨੂੰ ਪੋਸ਼ਣ ਕਿੱਟਾਂ ਦੀ ਵੰਡ ਮੌਕੇ ਸੰਬੋਧਨ ਕਰ ਰਹੇ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਨੂੰ ਮਜ਼ਬੂਤ ਕਰਨ ਅਤੇ ਸੂਬਾ ਵਾਸੀਆਂ ਨੂੰ ਬਿਹਤਰ ਤੇ ਗੁਣਵੱਤਾ ਭਰਪੂਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਰਾਹੀਂ ਜਿਥੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਮੁਫ਼ਤ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਹਨ ਉਥੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ। ਟੀ ਬੀ ਦੇ ਮਰੀਜ਼ਾਂ ਨੂੰ ਪੋਸ਼ਣ ਕਿੱਟਾਂ ਦੀ ਵੰਡ ਕਰਦਿਆਂ ਕੈਬਨਿਟ ਮੰਤਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚੋਂ ਟੀ ਬੀ ਦੇ ਜੜ੍ਹੋਂ ਖ਼ਾਤਮੇ ਲਈ ਵਚਨਬੱਧ ਹੈ।ਉਨ੍ਹਾਂ ਦੱਸਿਆ ਕਿ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਟੀ ਬੀ ਦਾ ਮੁਫ਼ਤ ਇਲਾਜ ਤੇ ਟੈਸਟ ਕੀਤੇ ਜਾਂਦੇ ਹਨ।ਉਨ੍ਹਾਂ ਟੀ.ਬੀ. ਦੇ ਮਰੀਜ਼ਾਂ ਨੂੰ ਦਵਾਈ ਦਾ ਕੋਰਸ ਪੂਰਾ ਕਰਨ ਅਤੇ ਡਾਕਟਰਾਂ ਦੇ ਕਹੇ ਅਨੁਸਾਰ ਸਾਵਧਾਨੀਆਂ ਵਰਤਣ ਦੀ ਅਪੀਲ ਵੀ ਕੀਤੀ। ਇਸ ਬਿਮਾਰੀ ਦੇ ਖਾਤਮੇ ਲਈ ਉਨ੍ਹਾਂ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ 'ਤੇ ਵੀ ਜ਼ੋਰ ਦਿੱਤਾ। ਇਸ ਤੋਂ ਪਹਿਲਾਂ ਸਿਵਲ ਸਰਜਨ ਡਾ. ਰਾਜੇਸ਼ ਗਰਗ ਵੱਲੋਂ ਸਿਵਲ ਹਸਪਤਾਲ ਵਿੱਚ ਪਹੁੰਚਣ 'ਤੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਜ ਟੀ.ਬੀ. ਮੁਕਤ ਭਾਰਤ ਮੁਹਿੰਮ ਤਹਿਤ ਟੀ.ਬੀ. ਦੇ ਮਰੀਜ਼ਾਂ ਨੂੰ 80 ਪੋਸ਼ਣ ਕਿੱਟਾਂ ਦੀ ਵੰਡ ਕੀਤੀ ਹੈ। ਇਸ ਦੌਰਾਨ ਟੀ.ਬੀ. ਦੀ ਬਿਮਾਰੀ ਸਬੰਧੀ ਜਾਗਰੂਕਤਾ ਲਈ ਕਰਵਾਏ ਗਏ ਪੋਸਟਰ ਮੇਕਿੰਗ ਅਤੇ ਲੇਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਵਰਿੰਦਰ ਰਿਆੜ, ਐੱਮ ਈ ਆਈ ਓ ਗੁਰਦੀਪ ਸਿੰਘ ਤੋਂ ਇਲਾਵਾ ਸਿਵਲ ਹਸਪਤਾਲ ਦਾ ਸਟਾਫ਼ ਵੀ ਮੌਜੂਦ ਸੀ।



# ਬਲਾਕ ਪੱਧਰੀ ਖੇਡਾਂ ਦੇ ਮੁਕਾਬਲੇ ਕਰਵਾਏ



ਨਵਾਂਸ਼ਹਿਰ (ਮਨਜ ਲਾਡੀ)- ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ 2026-27 ਸੀਜ਼ਨ-4 ਦੇ ...

# ਸ਼ੱਕੀ ਹਾਲਾਤ 'ਚ ਮਿਲੇ ਅਣਪਛਾਤੇ ਨੌਜਵਾਨ ਨੇ ਹਸਪਤਾਲ 'ਚ ਤੋੜਿਆ ਦਮ

ਫੇਰਾ ਬੱਸੀ (ਵਿਨੈ ਕੁਮਾਰ ਜੈਨ)- ...

# ਡਾ. ਮਨਮੋਹਨ ਨੂੰ ਪ੍ਰਦਾਨ ਕੀਤਾ ਗਿਆ ਭੂਸ਼ਨ ਧਿਆਨਪੁਰੀ ਯਾਦਗਾਰੀ ਲਾਈਫ ਟਾਈਮ ਅਚੀਵਮੈਂਟ ਅਵਾਰਡ

ਚੰਡੀਗੜ੍ਹ (ਸੁਰਜੀਤ ਸੁਮਨ)- ...



## ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ 'ਚ 'ਖੇਡਾਂ ਵਤਨ ਪੰਜਾਬ' ਦੀਆਂ ਦਾ ਅਹਿਮ ਯੋਗਦਾਨ : ਭਗਤ



ਜਲੰਧਰ (ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ)- ...

# ਰਸੂਲਪੁਰ ਵਿਖੇ ਤਿੰਨ ਰੋਜ਼ਾ ਸਾਲਾਨਾ ਸਮਾਗਮ ਕਰਵਾਇਆ

ਮਹਿਤਪੁਰ (ਨਿਰਮਲ ਸਿੰਘ ਕਲਸੀ)- ...



# ਕਲੱਬ ਆਫ ਹੁਸ਼ਿਆਰਪੁਰ ਵੱਲੋਂ ਅਧਿਆਪਕ ਦਿਵਸ ਮਨਾਇਆ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ...

# ਲਾਟਰੀ ਵਿਭਾਗ 'ਚ ਕਰੋੜਾਂ ਦੀ ਧਾਂਦਲੀ ਦੇ ਦੋਸ਼, ਚੰਨੀ ਨੇ ਵਿੱਤ ਮੰਤਰੀ ਚੀਮਾ ਨੂੰ ਘੇਰਿਆ

ਮਹਿਤਪੁਰ (ਨਿਰਮਲ ਸਿੰਘ ਕਲਸੀ)- ...



# 10 ਘੰਟਿਆਂ ਦੀ ਭਾਲ ਤੋਂ ਬਾਅਦ ਲੜਕੀ ਨੂੰ ਲੱਭਿਆ

ਪੰਚਕੂਲਾ (ਜਤਿੰਦਰ ਕੁਮਾਰ)- ...

# ਚੱਬੇਵਾਲ ਨੇ ਮਲਕਪੁਰ-ਵਾਹਦ ਪੁਲ ਦੀ ਉਸਾਰੀ ਲਈ ਗ੍ਰਾਂਟ ਦਾ ਕੀਤਾ ਐਲਾਨ

ਫਗਵਾੜਾ (ਡਾ. ਰਮਨ, ਜਸਵਿੰਦਰ ਸਿੰਘ)- ...



# ਸੁਪਰ ਟੀ-10 ਲੀਗ ਦਾ ਅਧਿਕਾਰਤ ਆਗਾਜ਼, ਕਿਰਨ ਮੋਰੇ ਲੀਗ ਕਮਿਸ਼ਨਰ ਨਿਯੁਕਤ

ਮੋਹਾਲੀ (ਗੁਰਜੀਤ ਬਿੱਲਾ)- ...




# ਦੋ ਧਿਰਾਂ ਵਿਚਾਲੇ ਖ਼ੂਨੀ ਝੜਪ, ਦੋ ਔਰਤਾਂ ਸਮੇਤ 7 ਜ਼ਖ਼ਮੀ



ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)- ...

# ਨਵਾਂਸ਼ਹਿਰ 'ਚ ਸਾਫ਼-ਸਫਾਈ ਦਾ ਦਿਖਣ ਲੱਗਾ ਅਸਰ : ਕੰਗ

ਨਵਾਂਸ਼ਹਿਰ (ਮਨਜ ਲਾਡੀ)- ...



# ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ ਵੱਲੋਂ 19ਵੇਂ ਫਾਊਂਡੇਸ਼ਨ ਸਪਤਾਹ ਦੀ ਸਮਾਪਤੀ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ...

# ਅਧਿਆਪਕਾਂ, ਪ੍ਰਿੰਸੀਪਲ ਨੂੰ ਸੀ ਪੀ ਡੀ ਪ੍ਰੋਗਰਾਮ ਅਧੀਨ ਦਿੱਤੀ ਟ੍ਰੇਨਿੰਗ

ਮੋਹਾਲੀ (ਗੁਰਜੀਤ ਬਿੱਲਾ)- ...

# ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦਾ ਕੱਟਿਆ ਚਲਾਨ

ਨਵਾਂ ਸ਼ਹਿਰ (ਮਨਜ ਲਾਡੀ)- ...

# ਅਕਾਲੀ ਦਲ ਵਾਰਿਸ ਪੰਜਾਬ ਦੀ ਮੀਟਿੰਗ



ਮੋਹਾਲੀ (ਜਗਤਾਰ ਸਿੰਘ ਹੁੰਦਲ)- ...

# ਸਟੂਡੈਂਟ ਕੌਂਸਲ ਦੀ ਇੰਸਟਾਲੇਸ਼ਨ ਸੈਰੇਮਨੀ

ਜਲੰਧਰ (ਸ਼ੈਲੀ ਐਲਬਰਟ)- ...



# ਦਰਬਾਰ ਮਈਆ ਭਗਵਾਨ ਦਾ ਸਾਲਾਨਾ ਜੋੜ ਮੇਲਾ ਸ਼ਰਧਾ ਧੂਮਧਾਮ ਨਾਲ ਮਨਾਇਆ

ਫਿਲੌਰ (ਹਰਜਿੰਦਰ ਕੌਰ ਚਾਹਲ)- ...



# ਭੂਨੋਂ ਛਿੰਝ ਮੇਲੇ 'ਚ ਚੋਰਾਂ ਦੀ ਝੰਡੀ

ਮਹਿਲਪੁਰ (ਸਰਦੀ)- ...



# ਆਬੂਧਾਬੀ ਗਏ ਵਿਅਕਤੀ ਦੀ ਮੌਤ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ...



# ਨਾਰਾਜ਼ ਆਗੂਆਂ ਤੇ ਅਹੁਦੇਦਾਰਾਂ ਦੀ 'ਆਪ' 'ਚ ਘਰ ਵਾਪਸੀ

ਫਿਲੌਰ (ਨਿਰਮਲ)- ...



# ਬੈਂਕਾਂ ਨੂੰ ਖੇਤੀਬਾੜੀ ਤੇ ਸਹਾਇਕ ਧੰਦਿਆਂ ਲਈ ਕਰਜ਼ਾ ਦੇਣ ਦੀ ਹਦਾਇਤ

ਜਲੰਧਰ (ਇਕਬਾਲ ਸਿੰਘ ਉੱਭੀ)- ...



# ਗੁਰਨਾਮ ਸਿੰਘ ਦਾਊਦ ਨਮਿਤ ਸ਼ਰਧਾਂਜਲੀ ਸਮਾਗਮ ਭਲਕੇ



ਜਲੰਧਰ (ਨ ਜ਼ ਸ)- ...

# ਰਾਤ ਸਮੇਂ ਭਾਰੀ ਵਾਹਨਾਂ ਦੇ ਲੰਘਣ 'ਤੇ ਪਾਬੰਦੀ



ਬੰਗਾ (ਅਵਤਾਰ ਕਲੇਰ)- ...

## ਸਰਕਾਰ ਤੇ ਪ੍ਰਸ਼ਾਸਨ ਆਂਗਣਵਾੜੀ ਵਰਕਰ ਤੋਂ ਵਾਧੂ ਕੰਮ ਲੈਣਾ ਬੰਦ ਕਰੇ : ਗੁਰਚਰਨ ਕੌਰ



ਮੋਗਾ (ਇਕਬਾਲ ਸਿੰਘ ਖਹਿਰਾ)-ਆਂਗਣਵਾੜੀ ਵਰਕਰਾਂ ਨੇ ਆਪਣੇ ਨਾਲ ਹੋ ਰਹੀਆਂ ਜ਼ਿਆਦਤੀਆਂ ਸਬੰਧੀ ਮੋਗਾ ਦੇ ਏ.ਡੀ.ਸੀ. ਨੂੰ ਮੰਗ ਪੱਤਰ ਸੌਂਪਿਆ ਤੇ ਮੰਗ ਕੀਤੀ ਕਿ ਉਨ੍ਹਾਂ ਨਾਲ ਹੋ ਰਹੀ ਜ਼ਿਆਦਤੀ ਨੂੰ ਤੁਰੰਤ ਬੰਦ ਕੀਤਾ ਜਾਵੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿੱਤ ਸਕੱਤਰ ਗੁਰਚਰਨ ਕੌਰ ਸੂਬਾ ਸਕੱਤਰ ਬਲਵਿੰਦਰ ਕੌਰ ਖੋਸਾ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਦੀ ਰਾਸ਼ਨ ਕਾਰਡ ਵੈਰੀਫਿਕੇਸ਼ਨ ਦੀ ਡਿਊਟੀ ਲਗਾਈ ਗਈ ਹੈ, ਪਰ ਆਂਗਣਵਾੜੀ ਵਰਕਰ ਕੋਲ ਪਹਿਲਾਂ ਹੀ ਮੋਬਾਈਲ 'ਤੇ ਬਹੁਤ ਜ਼ਿਆਦਾ ਕੰਮ ਹੈ।ਇਸ ਲਈ ਸਰਕਾਰ ਤੇ ਪ੍ਰਸ਼ਾਸਨ ਆਂਗਣਵਾੜੀ ਵਰਕਰ ਤੋਂ ਵਾਧੂ ਕੰਮ ਲੈਣਾ ਬੰਦ ਕਰੇ।ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਸਰਬਜੀਤ ਕੌਰ ਤਤਾਰੀਏ ਵਾਲਾ, ਜ਼ਿਲ੍ਹਾ ਕਮੇਟੀ ਮੈਂਬਰ ਗੁਰਵਿੰਦਰ ਕੌਰ, ਮੈਂਬਰ ਬੇਅੰਤ ਕੌਰ, ਕਰਮਜੀਤ ਕੌਰ ਤਾਰੇ ਵਾਲਾ, ਪਰਮਜੀਤ ਕੌਰ ਤਲਵੰਡੀ ਭੰਗੇਰੀਆਂ, ਬਲਵੰਤ ਕੌਰ ਲੰਢੇਕੇ, ਸੁਖਵਿੰਦਰ ਕੌਰ ਰੌਲੀ, ਮਲਕੀਤ ਕੌਰ ਦੁਸਾਂਝ, ਦਵਿੰਦਰ ਕੌਰ ਸੰਧੂਆਂ ਵਾਲਾ ਪਰਮਜੀਤ ਕੌਰ ਘੱਲਕਲਾਂ, ਜਸਵਿੰਦਰ ਕੌਰ ਕੋਕਰੀ ਕਲਾਂ, ਛਿੰਦਰਪਾਲ ਕੌਰ ਮੋਗਾ, ਜਸਵਿੰਦਰ ਕੌਰ, ਸੁਖਮੰਦਰ ਕੌਰ, ਨਰਿੰਦਰ ਪਾਲ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰ ਹਾਜ਼ਰ ਸਨ।

## ਇੰਚਾਰਜ ਬਦਲਣਾ ਕਾਂਗਰਸ ਪਾਰਟੀ ਦੀ ਨਾਕਾਮੀ ਦਾ ਸਬੂਤ : ਕਰੁਣ ਕੌੜਾ



ਨਾਭਾ (ਅਮਨ ਗਰਗ)-ਸੀਨੀਅਰ ਭਾਜਪਾ ਆਗੂ ਕਰੁਣ ਕੌੜਾ ਨੇ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਨਵਾਂ ਇੰਚਾਰਜ ਨਿਯੁਕਤ ਕੀਤੇ ਜਾਣ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਵਾਰ-ਵਾਰ ਇੰਚਾਰਜ ਬਦਲਣਾ ਪੰਜਾਬ ਕਾਂਗਰਸ ਦੀ ਸੰਗਠਨਾਤਮਕ ਨਾਕਾਮੀ ਤੇ ਅੰਦਰੂਨੀ ਧੜੇਬੰਦੀ ਦਾ ਸਪੱਸ਼ਟ ਸਬੂਤ ਹੈ।ਉਨ੍ਹਾਂ ਕਿਹਾ ਕਿ ਭੂਪੇਸ਼ ਬਘੇਲ ਨੂੰ ਹਟਾ ਕੇ ਸਚਿਨ ਪਾਇਲਟ ਨੂੰ ਜ਼ਿੰਮੇਵਾਰੀ ਦੇਣ ਨਾਲ ਕੇਵਲ ਚਿਹਰਾ ਬਦਲਿਆ ਹੈ, ਪਰ ਪੰਜਾਬ ਕਾਂਗਰਸ ਦੇ ਅੰਦਰ ਚੱਲ ਰਹੀ ਖਿੱਚੋਤਾਣ, ਆਪਸੀ ਵਿਰੋਧ ਅਤੇ ਲੀਡਰਸ਼ਿਪ ਦਾ ਸੰਕਟ ਖ਼ਤਮ ਨਹੀਂ ਹੋਵੇਗਾ।ਪੰਜਾਬ ਕਾਂਗਰਸ ਦੇ ਆਗੂ ਸੂਬੇ ਦੇ ਲੋਕਾਂ ਦੇ ਮੁੱਦਿਆਂ ਦੀ ਗੱਲ ਕਰਨ ਦੀ ਬਜਾਏ ਆਪਣੀ ਕੁਰਸੀ ਅਤੇ ਨਿੱਜੀ ਸਿਆਸੀ ਹਿੱਤਾਂ ਦੀ ਲੜਾਈ ਵਿੱਚ ਉਲਝੇ ਹੋਏ ਹਨ।ਕਰੁਣ ਕੌੜਾ ਨੇ ਕਿਹਾ ਕਿ ਸਚਿਨ ਪਾਇਲਟ ਪਹਿਲਾਂ ਆਪਣੀ ਪਾਰਟੀ ਦੇ ਅੰਦਰਲੇ ਵਿਵਾਦਾਂ ਤੇ ਧੜੇਬੰਦੀ ਨਾਲ ਜੂਝਦੇ ਰਹੇ ਹਨ। ਹੁਣ ਦੇਖਣਾ ਹੋਵੇਗਾ ਕਿ ਉਹ ਪੰਜਾਬ ਕਾਂਗਰਸ ਦੇ ਵੱਖ-ਵੱਖ ਧੜਿਆਂ ਨੂੰ ਕਿਸ ਤਰ੍ਹਾਂ ਇਕੱਠਾ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਿਰਫ਼ ਇੰਚਾਰਜ ਜਾਂ ਚਿਹਰੇ ਬਦਲਣ ਨਾਲ ਗੁੰਮਰਾਹ ਨਹੀਂ ਹੋਣਗੇ, ਸਗੋਂ ਪਾਰਟੀਆਂ ਦੇ ਕੰਮ ਤੇ ਨੀਤੀਆਂ ਦੇ ਆਧਾਰ 'ਤੇ ਫ਼ੈਸਲਾ ਕਰਨਗੇ।

## ਫ਼ਿਜ਼ੀਓਥੈਰੇਪੀ ਦਿਵਸ ਮੌਕੇ ਸੀਨੀਅਰ ਸਿਟੀਜ਼ਨ ਦੇ ਨਾਲ ਸੈਮੀਨਾਰ



ਜਗਰਾਉਂ (ਅਮਿਤ ਖੰਨਾ)-ਡਾਕਟਰ ਸਾਹਿਲ ਫਿਜ਼ੀਓਥੈਰੇਪੀ ਕਲੀਨਿਕ ਵੱਲੋਂ ਸੀਨੀਅਰ ਸਿਟੀਜ਼ਨ ਭਵਨ ਵਿੱਚ ਫਿਜ਼ੀਓਥੈਰੇਪੀ ਦਿਵਸ ਮੌਕੇ ਸੈਮੀਨਾਰ ਲਾਇਆ ਗਿਆ।ਸੈਮੀਨਾਰ ਵਿੱਚ ਸੀਨੀਅਰ ਸਿਟੀਜ਼ਨ ਮੈਂਬਰਾਂ ਨੂੰ ਸੈਮੀਨਾਰ ਦੇ ਮੁੱਖ ਬੁਲਾਰੇ ਡਾਕਟਰ ਸਾਹਿਲ ਦੁਆ ਨੇ ਸੈਮੀਨਾਰ ਵਿੱਚ ਭਾਗ ਲੈਣ ਵਾਲੇ ਮੈਂਬਰਾਂ ਨੂੰ ਫਿਜ਼ੀਓਥੈਰੇਪੀ ਵਿਧੀ ਬਾਰੇ ਵਿਸਥਾਰ ਵਿੱਚ ਦੱਸਿਆ ਕਿ ਕਈ ਅਜਿਹੀਆਂ ਬਿਮਾਰੀਆਂ ਹਨ, ਜਿਨ੍ਹਾਂ ਦਾ ਸਫਲ ਇਲਾਜ ਫਿਜ਼ੀਓਥੈਰੇਪੀ ਵਿਧੀ ਰਾਹੀਂ ਕੀਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਸਹੀ ਤੇ ਡਿਗਰੀ ਪ੍ਰਾਪਤ ਫਿਜ਼ੀਓਥੈਰੇਪੀ ਡਾਕਟਰ ਕੋਲੋਂ ਇਲਾਜ ਕਰਾਉਣ ਨਾਲ ਕਈ ਤਰ੍ਹਾਂ ਦੇ ਅਪ੍ਰੇਸ਼ਨਾਂ ਤੋਂ ਬਚਾਇਆ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਗਰਦਨ ਦਾ ਦਰਦ, ਕਮਰ ਦਰਦ, ਹੱਡੀਆਂ ਜੋੜਾਂ ਦਾ ਦਰਦ, ਮੋਢੇ ਦਾ ਦਰਦ, ਲਕਵਾ ਆਦਿ ਹੋਰ ਵੀ ਕਈ ਬਿਮਾਰੀਆਂ ਹਨ, ਜਿਨ੍ਹਾਂ ਦੇ ਇਲਾਜ ਨੂੰ ਡਾਕਟਰ ਫਿਜ਼ੀਓਥੈਰੇਪੀ ਵਿਧੀ ਨੂੰ ਪਹਿਲ ਦਿੰਦੇ ਹਨ।ਉਨ੍ਹਾਂ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਇਲਾਜ ਕਿਸੇ ਅਣਜਾਣ ਤੇ ਅਣਟਰੇਡ ਵਿਅਕਤੀ ਤੋਂ ਕਰਾਉਣ ਦੀ ਬਜਾਏ ਸਹੀ ਤੇ ਤਜਰਬੇਕਾਰ ਡਾਕਟਰ ਤੋਂ ਕਰਾਉਣ।ਸੀਨੀਅਰ ਸਿਟੀਜ਼ਨ ਦੇ ਸੈਕਟਰੀ ਸ਼ਸ਼ੀ ਭੂਸ਼ਣ ਜੈਨ ਨੇ ਦੱਸਿਆ ਕਿ ਸਮੇਂ-ਸਮੇਂ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਕੈਂਪ ਸੈਮੀਨਾਰ ਭਵਿੱਖ ਵਿੱਚ ਵੀ ਲਗਾਏ ਜਾਣੇ ਚਾਹੀਦੇ ਹਨ। ਉਨ੍ਹਾਂ ਤਜਰਬਾ ਸਾਂਝਾ ਕਰਦਿਆਂ ਦੱਸਿਆ ਕਿ ਕਈ ਵਿਅਕਤੀ ਹਨ, ਜਿਨ੍ਹਾਂ ਦਾ ਸਫਲ ਇਲਾਜ ਫਿਜ਼ੀਓਥੈਰੇਪੀ ਰਾਹੀਂ ਹੋਇਆ ਹੈ।ਡਾਕਟਰ ਸੁਦਰਸ਼ਨ ਸ਼ਰਮਾ ਨੇ ਕਿਹਾ ਇਹ ਸੈਮੀਨਾਰ ਨੌਜਵਾਨਾਂ ਲਈ ਵੀ ਲਾਏ ਜਾਣ। ਇਸ ਬਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ।

## ਚੀਮਾ ਵੱਲੋਂ ਛਾਜਲੀ 'ਚ ਬੀ ਡੀ ਪੀ ਓ ਦਫ਼ਤਰ ਦਾ ਨੀਂਹ ਪੱਥਰ




ਦਿੜ੍ਹਬਾ (ਜਸਵੀਰ ਲਾਡੀ)-ਪਿੰਡ ਛਾਜਲੀ ਵਿਖੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਛਾਜਲੀ ਵਿਖੇ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਬਲਾਕ ਵਿਕਾਸ ਅਤੇ ਪੰਚਾਇਤ ਦਫ਼ਤਰ (ਬੀ.ਡੀ.ਪੀ.ਓ.) ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਤੇ ਟੱਕ ਲਗਾ ਕੇ ਉਸਾਰੀ ਕਾਰਜਾਂ ਦੀ ਰਸਮੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਨਵਾਂ ਦਫ਼ਤਰ ਪੇਂਡੂ ਪ੍ਰਸ਼ਾਸਨ ਨੂੰ ਲੋਕਾਂ ਦੇ ਹੋਰ ਨੇੜੇ ਲਿਆਉਣ ਦੇ ਨਾਲ ਇਲਾਕੇ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਵੇਗਾ। ਇਲਾਕਾ ਵਾਸੀਆਂ, ਪੰਚਾਇਤ ਸੰਮਤੀ ਮੈਂਬਰਾਂ, ਚੇਅਰਮੈਨਾਂ, ਵਾਈਸ ਚੇਅਰਮੈਨਾਂ ਤੇ ਪੰਚਾਂ-ਸਰਪੰਚਾਂ ਨੂੰ ਮੁਬਾਰਕਬਾਦ ਦਿੰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੁਝ ਮਹੀਨੇ ਪਹਿਲਾਂ ਇਸ ਬਲਾਕ ਨੂੰ ਮਨਜ਼ੂਰੀ ਦਿੱਤੀ ਗਈ ਸੀ।ਉਨ੍ਹਾਂ ਕਿਹਾ ਕਿ ਨਵਾਂ ਬਲਾਕ ਦਫ਼ਤਰ ਹੋਂਦ ਵਿੱਚ ਆਉਣ ਨਾਲ ਪੰਚਾਇਤਾਂ ਨੂੰ ਆਪਣੇ ਕੰਮਾਂ ਲਈ ਦੂਰ-ਦੁਰਾਡੇ ਦੇ ਬਲਾਕ ਦਫ਼ਤਰਾਂ ਵਿੱਚ ਜਾਣ ਦੀ ਲੋੜ ਖ਼ਤਮ ਹੋਵੇਗੀ ਅਤੇ ਸੇਵਾਵਾਂ ਸਥਾਨਕ ਪੱਧਰ 'ਤੇ ਵਧੇਰੇ ਸੁਖਾਲੀਆਂ ਹੋਣਗੀਆਂ।ਵਿੱਤ ਮੰਤਰੀ ਨੇ ਦੱਸਿਆ ਕਿ 6600 ਵਰਗ ਫੁੱਟ ਵਿੱਚ ਉਸਾਰੇ ਜਾਣ ਵਾਲੇ ਇਸ ਭਵਨ ਨੂੰ ਛੇ ਮਹੀਨਿਆਂ ਅੰਦਰ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਇੱਥੇ ਰਿਸੈਪਸ਼ਨ, ਚੇਅਰਮੈਨ ਰੂਮ, ਬੀ.ਡੀ.ਪੀ.ਓ. ਰੂਮ, ਸਟਾਫ਼ ਹਾਲ, ਮੀਟਿੰਗ ਹਾਲ, ਰਿਕਾਰਡ ਰੂਮ, ਵੇਟਿੰਗ ਏਰੀਆ, ਨਰੇਗਾ ਸਟਾਫ਼ ਰੂਮ ਅਤੇ ਪਖਾਨਿਆਂ ਸਮੇਤ ਆਧੁਨਿਕ ਸਹੂਲਤਾਂ ਮੁਹੱਈਆ ਕਰਾਈਆਂ ਜਾਣਗੀਆਂ।

## ਜਲਾਲਪੁਰ 'ਚ ਬਣਾਇਆ ਆਧੁਨਿਕ ਖੇਡ ਮੈਦਾਨ



ਸਨੌਰ (ਰਾਜਿੰਦਰ ਬਿੰਦ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਿੰਡ ਜਲਾਲਪੁਰ ਦੇ ਖੇਡ ਪ੍ਰੇਮੀਆਂ ਨੂੰ ਵੱਡਾ ਤੋਹਫ਼ਾ ਦਿੰਦਿਆਂ 30.22 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਆਧੁਨਿਕ ਖੇਡ ਮੈਦਾਨ ਦਾ ਉਦਘਾਟਨ ਕੀਤਾ, ਜਿਸ ਨਾਲ ਇਲਾਕੇ ਦੇ ਨੌਜਵਾਨਾਂ ਵਿੱਚ ਭਾਰੀ ਖ਼ੁਸ਼ੀ ਦੀ ਲਹਿਰ ਦੌੜ ਗਈ।ਇਸ ਮੌਕੇ ਹੈਪੀ ਪਹਾੜੀਪੁਰ ਚੇਅਰਮੈਨ, ਗੁਰਜੀਤ ਸਿੰਘ ਭੱਠਲਾਂ, ਰਾਮ ਇੰਦਰ ਸਿੰਘ ਜਮਨਾ, ਗੁਰਮੀਤ ਸਿੰਘ ਅਸਰਪੁਰ, ਗੁਰਪ੍ਰੀਤ ਸਿੰਘ ਸਰਪੰਚ, ਰਾਜਵਿੰਦਰ ਸਿੰਘ ਰਾਜਾ ਧੰਜੂ, ਸੀਨੀਅਰ ਮੀਤ ਪ੍ਰਧਾਨ ਯੁਵਰਾਜ ਸਿੰਘ ਤੋਂ ਇਲਾਵਾ ਪੰਚਾਇਤ ਦੇ ਨੁਮਾਇੰਦੇ, ਖੇਡ ਕਲੱਬਾਂ ਦੇ ਨੁਮਾਇੰਦੇ, ਬਲਾਕ ਪ੍ਰਧਾਨ, ਪਾਰਟੀ ਦੇ ਸੀਨੀਅਰ ਆਗੂ, ਵਲੰਟੀਅਰ ਅਤੇ ਪਿੰਡ ਦੇ ਖੇਡ ਪ੍ਰੇਮੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਵਾਲੀਬਾਲ, ਹੈਂਡਬਾਲ ਤੇ ਬੈਡਮਿੰਟਨ ਖਿਡਾਰੀਆਂ ਦੀ ਰਾਜ ਪੱਧਰੀ ਖੇਡਾਂ ਲਈ ਚੋਣ



ਬਠਿੰਡਾ (ਰਾਜੀਵ ਗੋਇਲ)-'ਦ ਆਕਸਫੋ ਸਕੂਲ ਆਫ਼ ਐਜੂਕੇਸ਼ਨ' ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜਿਸ ਦੇ ਵਿਦਿਆਰਥੀ ਵਿੱਦਿਅਕ ਖੇਤਰ ਵਿੱਚ ਹੀ ਨਹੀਂ, ਸਗੋਂ ਖੇਡ ਜਗਤ ਦੇ ਵੀ ਚਮਕਦੇ ਸਿਤਾਰੇ ਹਨ, ਇਸ ਸੰਸਥਾ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਮੱਲਾਂ ਮਾਰਦੇ ਹੋਏ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਬਠਿੰਡਾ ਵਿਖੇ ਹੋਈਆਂ ਪੰਜਾਬ ਸਕੂਲ, ਜ਼ਿਲ੍ਹਾ ਖੇਡਾਂ ਵਿੱਚ ਆਕਸਫੋ ਸੰਸਥਾ ਦੀਆਂ ਖਿਡਾਰਨਾਂ ਨੇ ਅੰਡਰ-14 ਲੜਕੀਆਂ, ਵਾਲੀਬਾਲ ਟੂਰਨਾਮੈਂਟ ਵਿੱਚ ਦੂਜੇ ਸਥਾਨ 'ਤੇ ਰਹਿ ਕੇ ਚਾਂਦੀ ਮੈਡਲ ਪ੍ਰਾਪਤ ਕੀਤਾ ਹੈ। ਇਸ ਸੰਸਥਾ ਦੀਆਂ ਲੜਕੀਆਂ ਨੇ ਵੀ ਵਾਲੀਬਾਲ ਸਮੈਸ਼ਿੰਗ ਵਿੱਚ ਤੀਜਾ ਸਥਾਨ ਪ੍ਰਾਪਤ ਕਰਦੇ ਹੋਏ ਤਾਂਬੇ ਦਾ ਤਮਗਾ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ-19 ਲੜਕਿਆਂ ਨੇ ਬੈਡਮਿੰਟਨ ਵਿੱਚ ਤਾਂਬੇ ਦਾ ਮੈਡਲ ਪ੍ਰਾਪਤ ਕੀਤਾ ਹੈ ਤੇ ਕੁਸ਼ਤੀ ਵਿੱਚ ਇਕਮਨ ਕੌਰ ਬਰਾੜ ਨੇ ਤਾਂਬੇ ਦਾ ਮੈਡਲ ਪ੍ਰਾਪਤ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਸੰਸਥਾ ਦੀ ਵਿਦਿਆਰਥਣ ਪ੍ਰਨੀਤ ਕੌਰ ਤੇ ਸ਼ੁਭਰੀਤ ਕੌਰ ਦੀ ਵਾਲੀਬਾਲ ਵਿੱਚ ਰਾਜ ਪੱਧਰੀ ਟੂਰਨਾਮੈਂਟ ਲਈ ਚੋਣ ਹੋਈ ਹੈ। ਜ਼ਿਕਰ ਕਰਨਾ ਬਣਦਾ ਹੈ ਕਿ ਪ੍ਰਨੀਤ ਕੌਰ ਦੀ ਬੀਚ ਵਾਲੀਬਾਲ ਲਈ ਵੀ ਰਾਜ ਪੱਧਰੀ ਮੁਕਾਬਲੇ ਲਈ ਚੋਣ ਹੋ ਚੁੱਕੀ ਹੈ। ਇਸ ਦੇ ਨਾਲ-ਨਾਲ ਸਾਫ਼ਿਰ ਵਰਮਾ ਤੇ ਖ਼ੁਸ਼ਜੀਤ ਸਿੰਘ (ਅੰਡਰ-19) ਨੂੰ ਵੀ ਹੈਂਡਬਾਲ ਵਿੱਚ ਰਾਜ ਪੱਧਰੀ ਖੇਡਾਂ ਵਿੱਚ ਚੁਣਿਆ ਗਿਆ ਹੈ। ਬੈਡਮਿੰਟਨ ਵਿੱਚ ਸ਼ੁਭਮ ਗਰਗ ਦੀ ਰਾਜ ਪੱਧਰੀ ਤੌਰ 'ਤੇ ਚੋਣ ਹੋਣਾ ਵੀ ਸੰਸਥਾ ਲਈ ਬੜੇ ਮਾਣ ਵਾਲੀ ਗੱਲ ਹੈ।

## ਯੁਵਕਾਂ ਲਈ ਮੁਫ਼ਤ ਸਕਿਉਰਟੀ ਗਾਰਡ ਕੋਰਸ ਸ਼ੁਰੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਪੰਜਾਬ ਸਰਕਾਰ ਵੱਲੋਂ ਯੁਵਕਾਂ ਨੂੰ ਰੋਜ਼ਗਾਰ ਯੋਗ ਬਣਾਉਣ ਦੇ ਉਦੇਸ਼ ਨਾਲ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਖੇ ਮੁਫ਼ਤ ਸਕਿਉਰਟੀ ਗਾਰਡ ਕੋਰਸ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਫ਼ਰੀਦਕੋਟ ਤੇ ਮੋਗਾ ਜ਼ਿਲ੍ਹਿਆਂ ਦੇ ਯੁਵਕ ਇਸ ਕੋਰਸ ਲਈ ਅਰਜ਼ੀ ਦੇ ਸਕਦੇ ਹਨ, ਜੋ ਯੁਵਕ ਸਕਿਉਰਟੀ ਗਾਰਡ ਦਾ ਕੋਰਸ ਕਰਨਾ ਚਾਹੁੰਦੇ ਹਨ, ਉਹ ਜਲਦੀ ਤੋਂ ਜਲਦੀ ਸਵੇਰੇ 8:00 ਵਜੇ ਤੋਂ 11:00 ਵਜੇ ਤੱਕ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਰਿਪੋਰਟ ਕਰਨ ਤੇ ਆਪਣੀ ਰਜਿਸਟਰੇਸ਼ਨ ਕਰਵਾਉਣ।ਉਨ੍ਹਾਂ ਕਿਹਾ ਕਿ ਇਸ ਕੋਰਸ ਲਈ ਸੀਟਾਂ ਸੀਮਤ ਹਨ। ਇਹ ਕੋਰਸ ਸਤੰਬਰ 2026 ਦੇ ਦੂਸਰੇ ਜਾਂ ਤੀਸਰੇ ਹਫਤੇ ਤੋਂ ਸ਼ੁਰੂ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਕੋਰਸ ਪੂਰੀ ਤਰ੍ਹਾਂ ਮੁਫ਼ਤ ਹੈ ਤੇ ਕੋਰਸ ਪੂਰਾ ਹੋਣ ਉਪਰੰਤ ਯੁਵਕਾਂ ਨੂੰ ਮਾਨਤਾ ਪ੍ਰਾਪਤ ਸਰਟੀਫਿਕੇਟ ਦਿੱਤਾ ਜਾਵੇਗਾ, ਜਦਕਿ ਕੈਂਪ ਵਿੱਚ ਰਹਿਣ ਦੌਰਾਨ ਖਾਣ-ਪੀਣ ਤੇ ਰਹਾਇਸ਼ ਦੀ ਸਹੂਲਤ ਵੀ ਬਿਲਕੁਲ ਮੁਫ਼ਤ ਪ੍ਰਦਾਨ ਕੀਤੀ ਜਾਵੇਗੀ।ਚਾਹਵਾਨ ਯੁਵਕ ਆਪਣੇ ਨਾਲ 10ਵੀਂ ਜਾਂ 12ਵੀਂ ਦਾ ਅਸਲ ਸਰਟੀਫਿਕੇਟ ਤੇ ਫੋਟੋਸਟੇਟ ਕਾਪੀ, ਪੰਜਾਬ ਰਿਹਾਇਸ਼ ਦਾ ਸਬੂਤ, ਦੋ ਪਾਸਪੋਰਟ ਸਾਈਜ਼ ਫੋਟੋ, ਇੱਕ ਕਾਪੀ, ਇੱਕ ਪੈੱਨ, ਖਾਣ-ਪੀਣ ਲਈ ਬਰਤਨ ਤੇ ਰਹਿਣ ਲਈ ਬਿਸਤਰਾ ਆਦਿ ਲੈ ਕੇ ਆਉਣ।

## 'ਇਸ ਧਰਤੀ 'ਤੇ ਰਹਿੰਦਿਆਂ' ਪੁਸਤਕ 'ਤੇ ਵਿਚਾਰ-ਗੋਸ਼ਟੀ ਤੇ ਕਵੀ ਦਰਬਾਰ



ਖੰਨਾ (ਸੁਖਵਿੰਦਰ ਸਿੰਘ ਭਾਦਲਾ) ਜਦੋਂ ਸ਼ਬਦ ਸਿਰਫ਼ ਕਾਗਜ਼ 'ਤੇ ਨਹੀਂ ਰਹਿੰਦੇ, ਸਗੋਂ ਮਨੁੱਖ ਦੇ ਅੰਦਰਲੇ ਸੰਸਾਰ, ਸਮਾਜ ਦੀ ਪੀੜ ਤੇ ਸਮੇਂ ਦੇ ਸਵਾਲਾਂ ਨੂੰ ਆਪਣੀ ਆਵਾਜ਼ ਦੇਣ ਲੱਗਦੇ ਹਨ ਤਾਂ ਸਾਹਿਤ ਇੱਕ ਜ਼ਿੰਮੇਵਾਰੀ ਬਣ ਜਾਂਦਾ ਹੈ।ਅਜਿਹੀ ਹੀ ਸਾਹਿਤਕ ਸਾਂਝ ਦਾ ਸਬੂਤ ਬਣੀ ਕਲਾ ਸੰਗਮ ਨੀਲੋਂ ਪੁਲ ਦੀ ਮਹੀਨਾਵਾਰ ਇਕੱਤਰਤਾ, ਜੋ ਸੰਤ ਕਿਰਪਾਲ ਸਿੰਘ ਸੇਵਾ ਪੰਥੀ ਪਬਲਿਕ ਹਾਇਰ ਸੈਕੰਡਰੀ ਸਕੂਲ ਵਿਖੇ ਉੱਘੇ ਸਾਹਿਤਕਾਰ ਸੁਰਿੰਦਰ ਰਾਮਪੁਰੀ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਪ੍ਰਸਿੱਧ ਸ਼ਾਇਰ ਡਾ. ਅਮਰਜੀਤ ਕੌਂਕੇ ਦੇ ਨਵੇਂ ਕਾਵਿ-ਸੰਗ੍ਰਹਿ 'ਇਸ ਧਰਤੀ 'ਤੇ ਰਹਿੰਦਿਆਂ' ਨੂੰ ਕੇਂਦਰ ਬਣਾ ਕੇ ਵਿਸ਼ੇਸ਼ ਵਿਚਾਰ-ਗੋਸ਼ਟੀ ਕਰਵਾਈ ਗਈ।ਸਭਾ ਦੀ ਸ਼ੁਰੂਆਤ ਕਰਦਿਆਂ ਜਨਰਲ ਸਕੱਤਰ ਬੁੱਧ ਸਿੰਘ ਨੀਲੋਂ ਨੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਨਿੱਘਾ ਜੀ ਆਇਆਂ ਨੂੰ ਆਖਿਆ ਤੇ ਡਾ. ਕੌਂਕੇ ਦੀ ਸਾਹਿਤਕ ਯਾਤਰਾ ਬਾਰੇ ਚਾਨਣਾ ਪਾਇਆ। ਰੂ-ਬ-ਰੂ ਦੌਰਾਨ ਡਾ. ਅਮਰਜੀਤ ਕੌਂਕੇ ਨੇ ਆਪਣੀ ਜ਼ਿੰਦਗੀ ਦੇ ਉਨ੍ਹਾਂ ਪੰਨਿਆਂ ਨੂੰ ਵੀ ਫਰੋਲਿਆ, ਜਿਨ੍ਹਾਂ 'ਤੇ ਵੰਡ ਦਾ ਦਰਦ, ਸੰਘਰਸ਼ ਦੀ ਧੁੱਪ ਤੇ ਸਿਰਜਣਾ ਦੀ ਛਾਂ ਦਰਜ ਹੈ।ਉਨ੍ਹਾਂ ਦੱਸਿਆ ਕਿ 1947 ਦੀ ਵੰਡ ਦਾ ਦਰਦ ਹੰਢਾਉਂਦਿਆਂ ਉਨ੍ਹਾਂ ਦਾ ਪਰਵਾਰ ਪਾਕਿਸਤਾਨ ਤੋਂ ਆ ਕੇ ਜਗਰਾਉਂ ਨੇੜਲੇ ਪਿੰਡ ਕੌਂਕੇ ਕਲਾਂ ਵਿੱਚ ਵੱਸਿਆ।ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਉਨ੍ਹਾਂ ਉੱਚ ਵਿੱਦਿਆ ਹਾਸਲ ਕੀਤੀ ਤੇ ਸਾਹਿਤ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ।ਡਾ. ਕੌਂਕੇ ਨੇ ਪੰਜਾਬ ਦੇ ਕਾਲੇ ਦਿਨਾਂ ਦੇ ਆਪਣੀ ਸਿਰਜਣਾ 'ਤੇ ਪਏ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਹੁਣ ਤੱਕ ਕਵਿਤਾ ਦੀਆਂ ਅੱਠ ਪੁਸਤਕਾਂ ਲਿਖ ਚੁੱਕੇ ਹਨ ਤੇ ਵੱਖ ਵੱਖ ਭਾਸ਼ਾਵਾਂ ਵਿੱਚ ਲਗਭਗ 45 ਪੁਸਤਕਾਂ ਦਾ ਅਨੁਵਾਦ ਕੀਤਾ ਹੈ।'ਔਰਤ ਮੇਰੇ ਅੰਦਰ' ਦੇ ਅਨੁਵਾਦ ਲਈ ਉਨ੍ਹਾਂ ਨੂੰ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਉਹ ਸਾਲ 2003 ਤੋਂ ਸਾਹਿਤਕ ਮੈਗਜ਼ੀਨ 'ਪ੍ਰਤੀਮਾਨ' ਦਾ ਨਿਰੰਤਰ ਸੰਪਾਦਨ ਕਰ ਰਹੇ ਹਨ।ਇਸ ਮੌਕੇ ਉਨ੍ਹਾਂ ਆਪਣੀ ਨਵੀਂ ਕਿਤਾਬ ਵਿੱਚੋਂ ਚੋਣਵੀਆਂ ਕਵਿਤਾਵਾਂ ਦਾ ਪ੍ਰਭਾਵਸ਼ਾਲੀ ਪਾਠ ਕਰਕੇ ਸਰੋਤਿਆਂ ਨੂੰ ਆਪਣੀ ਕਾਵਿ-ਦੁਨੀਆ ਦੇ ਰੂ-ਬ-ਰੂ ਕਰਵਾਇਆ।

ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਅਮਰਜੀਤ ਸਿੰਘ ਨੇ ਪੁਸਤਕ 'ਤੇ ਗੰਭੀਰ ਆਲੋਚਨਾਤਮਕ ਪਰਚਾ ਪੜ੍ਹਦਿਆਂ ਕਿਹਾ ਕਿ ਡਾ. ਕੌਂਕੇ ਨਜ਼ਮ ਦੇ ਬੇਹੱਦ ਸਮਰੱਥ ਸ਼ਾਇਰ ਹਨ।ਉਨ੍ਹਾਂ ਕਿਹਾ ਕਿ 'ਇਸ ਧਰਤੀ 'ਤੇ ਰਹਿੰਦਿਆਂ' ਵਿੱਚ 'ਧਰਤੀ' ਕੇਵਲ ਮਿੱਟੀ ਦਾ ਟੁਕੜਾ ਨਹੀਂ, ਸਗੋਂ ਮਨੁੱਖੀ ਮਨ, ਸਮਾਜਿਕ ਚੇਤਨਾ ਤੇ ਕੁਦਰਤ ਤੇ ਮਸ਼ੀਨ ਵਿਚਲੇ ਦਵੰਦ ਦਾ ਡੂੰਘਾ ਪ੍ਰਤੀਕ ਬਣ ਕੇ ਉੱਭਰਦੀ ਹੈ।ਵਿਚਾਰ-ਚਰਚਾ ਵਿੱਚ ਸ੍ਰੀ ਭੈਣੀ ਸਾਹਿਬ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ, ਦੀਪ ਦਿਲਬਰ ਤੇ ਪ੍ਰਧਾਨਗੀ ਕਰ ਰਹੇ ਸੁਰਿੰਦਰ ਰਾਮਪੁਰੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਮਾਗਮ ਦੇ ਦੂਜੇ ਪੜਾਅ ਵਿੱਚ ਕਵੀ ਦਰਬਾਰ ਹੋਇਆ, ਜਿਸ ਵਿੱਚ ਅਵਤਾਰ ਉਟਾਲ, ਮਨਜੀਤ ਘਣਗਸ, ਭੁਪਿੰਦਰ ਡਿਓਟਨੇ, ਬਿੱਟੂ ਮਾਨੂੰਪੁਰੀਆ, ਦੀਪ ਦਿਲਬਰ ਤੇ ਕਰਨੈਲ ਸਿਵੀਆ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਅੰਤ ਵਿੱਚ ਸਭਾ ਦੇ ਮੀਤ ਪ੍ਰਧਾਨ ਕਰਨੈਲ ਸਿਵੀਆ ਨੇ ਸਮੂਹ ਮਹਿਮਾਨਾਂ ਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸੁਖਵਿੰਦਰ ਭਾਦਲਾ, ਗਮਦੂਰ ਘਣਗਸ, ਕੁਲਵਿੰਦਰ ਮਾਨੂੰਪੁਰੀ ਤੇ ਅਮਨ ਅਜ਼ਾਦ ਸਮੇਤ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ।ਪ੍ਰਬੰਧਕੀ ਜ਼ਿੰਮੇਵਾਰੀਆਂ ਬਲਵੰਤ ਮਾਂਗਟ, ਅਮਨ ਆਜ਼ਾਦ, ਕੁਲਵਿੰਦਰ ਮਾਨੂੰਪੁਰੀ ਤੇ ਬਿੱਟੂ ਮਾਨੂੰਪੁਰੀਆ ਨੇ ਬਾਖ਼ੂਬੀ ਨਿਭਾਈਆਂ।

## ਚੇਅਰਮੈਨ ਢਿੱਲੋਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਦੀ ਕਰਵਾਈ ਸ਼ੁਰੂਆਤ

ਧੂਰੀ (ਮੋਹਿਤ ਗਰਗ)-ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਪਿੰਡ ਰਾਜੋਮਾਜਰਾ ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਖਿਡਾਰੀਆਂ ਨੂੰ ਉਤਸ਼ਾਹਤ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।ਚੇਅਰਮੈਨ ਢਿੱਲੋਂ ਨੇ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਖੇਡ ਮੁਕਾਬਲੇ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਲਈ ਮੰਚ ਪ੍ਰਦਾਨ ਕਰਦੇ ਹਨ ਤੇ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਪਿੰਡ ਪੱਧਰ ਤੋਂ ਖਿਡਾਰੀਆਂ ਦੀ ਪ੍ਰਤਿਭਾ ਦੀ ਪਛਾਣ ਕਰਕੇ ਉਨ੍ਹਾਂ ਨੂੰ ਅੱਗੇ ਵਧਣ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨਾ ਹੈ।ਚੇਅਰਮੈਨ ਨੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਅਤੇ ਆਪਣੀ ਮਿਹਨਤ ਤੇ ਲਗਨ ਨਾਲ ਇਲਾਕੇ ਤੇ ਪੰਜਾਬ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਰਪੰਚ ਮਨਪ੍ਰੀਤ ਸਿੰਘ, ਬਲਾਕ ਪ੍ਰਧਾਨ ਸੁਰਜੀਤ ਸਿੰਘ ਧਰਮ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

## ਪੀ ਜੀ ਆਈ ਨੇ ਸਿਹਤ ਸੇਵਾਵਾਂ ਤੇ ਖੋਜ ਖੇਤਰ 'ਚ ਮਹੱਤਵਪੂਰਨ ਯੋਗਦਾਨ ਪਾਇਆ : ਪ੍ਰੋ. ਚਤੁਰਵੇਦੀ



ਸਮਰਾਲਾ (ਸੁਰਜੀਤ ਸਿੰਘ) ਐਨਆਈਐਨਈ ਆਡੀਟੋਰੀਅਮ ਵਿੱਚ ਕਰਾਏ ਗਏ ਸਮਾਰੋਹ 'ਚ ਪ੍ਰੋ. ਚਤੁਰਵੇਦੀ ਨੇ ਪੀਜੀਆਈ ਨੂੰ ਦੇਸ਼ ਦੀਆਂ ਮਹੱਤਵਪੂਰਨ ਸਿਹਤ ਸੰਸਥਾਵਾਂ ਵਿੱਚੋਂ ਇੱਕ ਦੱਸਿਆ।ਉਨ੍ਹਾਂ ਕਿਹਾ ਕਿ ਸੰਸਥਾਨ ਨੇ ਸਿਹਤ ਸੇਵਾ, ਮੈਡੀਕਲ ਸਿੱਖਿਆ ਅਤੇ ਖੋਜ ਦੇ ਖੇਤਰ 'ਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਮਾਰੋਹ ਵਿੱਚ ਆਈਐੱਮਟੈਕ ਚੰਡੀਗੜ੍ਹ ਦੀ ਡਾਇਰੈਕਟਰ ਡਾ. ਅਲਕਾ ਰਾਓ, ਪੀਜੀਆਈ ਦੇ ਸਾਬਕਾ ਡਾਇਰੈਕਟਰ ਪ੍ਰੋ. ਯੋਗੇਸ਼ ਚਾਵਲਾ, ਡੀਨ (ਅਕੈਡਮਿਕਸ) ਪ੍ਰੋ. ਸੰਜੇ ਜੈਨ, ਡੀਨ (ਰਿਸਰਚ) ਪ੍ਰੋ. ਸੰਜੀਵ ਹਾਂਡਾ, ਮੈਡੀਕਲ ਸੁਪਰਡੈਂਟ-ਕਮ-ਹੈੱਡ, ਹਸਪਤਾਲ ਐਡਮਿਨਿਸਟ੍ਰੇਸ਼ਨ ਪ੍ਰੋ. ਅਸ਼ੋਕ ਕੁਮਾਰ ਤੇ ਵਿੱਤੀ ਸਲਾਹਕਾਰ ਰਵਿੰਦਰ ਸਿੰਘ ਸਮੇਤ ਸੀਨੀਅਰ ਅਧਿਕਾਰੀ, ਡਾਕਟਰ, ਨਰਸਿੰਗ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।ਪ੍ਰੋ. ਚਤੁਰਵੇਦੀ ਨੇ ਕਿਹਾ ਕਿ ਏਆਈ ਮਰੀਜ਼ਾਂ ਦੀਆਂ ਜਾਂਚ ਰਿਪੋਰਟਾਂ, ਹਸਪਤਾਲ ਦੇ ਰਿਕਾਰਡ ਅਤੇ ਵਿਗਿਆਨਕ ਖੋਜ ਤੋਂ ਜ਼ਰੂਰੀ ਜਾਣਕਾਰੀ ਘੱਟ ਸਮੇਂ ਵਿੱਚ ਸਾਹਮਣੇ ਲਿਆ ਸਕਦਾ ਹੈ। ਇਸ ਨਾਲ ਡਾਕਟਰਾਂ ਨੂੰ ਮਰੀਜ਼ ਦੇ ਇਲਾਜ ਸਬੰਧੀ ਬਿਹਤਰ ਫੈਸਲਾ ਲੈਣ ਵਿੱਚ ਮਦਦ ਮਿਲੇਗੀ। ਪ੍ਰੋ. ਚਤੁਰਵੇਦੀ ਨੇ ਕਿਹਾ ਕਿ ਭਾਰਤ ਵਿੱਚ ਵਰਤੀ ਜਾਣ ਵਾਲੀ ਏਆਈ ਤਕਨੀਕ ਇੱਥੋਂ ਦੇ ਮਰੀਜ਼ਾਂ ਅਤੇ ਬਿਮਾਰੀਆਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਜਾਣੀ ਚਾਹੀਦੀ ਹੈ। ਪੱਛਮੀ ਦੇਸ਼ਾਂ ਦੇ ਅੰਕੜਿਆਂ 'ਤੇ ਤਿਆਰ ਕੀਤੇ ਸਿਸਟਮ ਭਾਰਤੀ ਮਰੀਜ਼ਾਂ ਅਤੇ ਇੱਥੋਂ ਦੀਆਂ ਸਿਹਤ ਜ਼ਰੂਰਤਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ।ਪੀਜੀਆਈ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਸੰਸਥਾਨ ਦੀ ਵਧ ਰਹੀ ਸਮਰੱਥਾ ਅਤੇ ਮਰੀਜ਼ਾਂ ਨੂੰ ਮਿਲ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨੇ 17 ਜੁਲਾਈ ਨੂੰ ਐਡਵਾਂਸਡ ਮਦਰ ਐਂਡ ਚਾਈਲਡ ਸੈਂਟਰ ਅਤੇ ਐਡਵਾਂਸਡ ਨਿਊਰੋਸਾਇੰਸ ਸੈਂਟਰ ਦਾ ਉਦਘਾਟਨ ਕੀਤਾ ਸੀ। ਇਨ੍ਹਾਂ ਦੋਵਾਂ ਕੇਂਦਰਾਂ ਨਾਲ ਸੰਸਥਾਨ ਨੂੰ 800 ਬੈੱਡ ਮਿਲੇ ਹਨ। ਇਸ ਨਾਲ ਪੀਜੀਆਈ ਦੀ ਬੈੱਡ ਸਮਰੱਥਾ 2,200 ਤੋਂ ਵਧ ਕੇ 3,000 ਹੋ ਗਈ ਹੈ।ਇਨ੍ਹਾਂ ਕੇਂਦਰਾਂ ਦੇ ਉਦਘਾਟਨ ਦੀ ਅਧਿਕਾਰਤ ਪੁਸ਼ਟੀ ਕੇਂਦਰ ਸਰਕਾਰ ਵੱਲੋਂ ਵੀ ਕੀਤੀ ਗਈ ਸੀ।

## ਫ਼ਿਰੋਜ਼ਪੁਰ ਮੰਡਲ ਨੇ ਅਗਸਤ 'ਚ ਮਾਲ ਢੁਆਈ ਤੋਂ 124.72 ਕਰੋੜ ਰੁਪਏ ਕਮਾਏ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਰੇਲਵੇ ਮੰਡਲ ਨੇ ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਦੀ ਅਗਵਾਈ ਹੇਠ ਅਗਸਤ 2026 ਦੌਰਾਨ ਮਾਲ ਢੁਆਈ ਦੇ ਖੇਤਰ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 124.72 ਕਰੋੜ ਰੁਪਏ ਦਾ ਮਾਲੀਆ ਹਾਸਲ ਕੀਤਾ ਹੈ। ਇਹ ਰੇਲਵੇ ਦੇ ਪ੍ਰਧਾਨ ਦਫ਼ਤਰ ਵੱਲੋਂ ਨਿਰਧਾਰਤ ਟੀਚੇ ਨਾਲੋਂ ਕਰੀਬ 28 ਫੀਸਦੀ ਵੱਧ ਹੈ। ਇਸ ਮਾਲੀਏ ਵਿਚ ਖੁਰਾਕੀ ਅਨਾਜ ਦੀ ਲੋਡਿੰਗ ਤੋਂ 108.79 ਕਰੋੜ ਰੁਪਏ ਤੇ ਪੀਸਮੀਲ ਲੋਡਿੰਗ ਤੋਂ 0.25 ਕਰੋੜ ਰੁਪਏ ਦੀ ਆਮਦਨ ਸ਼ਾਮਲ ਹੈ। ਮੰਡਲ ਵੱਲੋਂ ਮਾਲ ਢੁਆਈ ਨੂੰ ਹੋਰ ਸੁਚਾਰੂ ਬਣਾਉਣ ਲਈ ਕਈ ਨਵੀਆਂ ਪਹਿਲਕਦਮੀਆਂ ਵੀ ਕੀਤੀਆਂ ਗਈਆਂ ਹਨ। ਇਸੇ ਤਹਿਤ ਕੰਟੇਨਰ ਡਿਪੋ ਢੰਡਾਰੀ ਕਲਾਂ ਤੋਂ ਦਾਦਰੀ ਲਈ ਕੌਨਕੋਰ ਦੇ ਨਿਰਯਾਤ ਕੰਟੇਨਰ ਰੇਕ ਦੀ ਪਹਿਲੀ ਸਫਲ ਲੋਡਿੰਗ ਕੀਤੀ ਗਈ। ਇਸ ਸੇਵਾ ਦੇ ਸ਼ੁਰੂ ਹੋਣ ਨਾਲ ਹਰ ਮਹੀਨੇ ਦੋ ਵਾਧੂ ਕੰਟੇਨਰ ਰੇਕਾਂ ਦੀ ਆਵਾਜਾਈ ਹੋਣ ਦੀ ਉਮੀਦ ਹੈ। ਹਰ ਸ਼ਨੀਵਾਰ ਚੱਲਣ ਵਾਲੀ ਹਫ਼ਤਾਵਾਰੀ ਸੇਵਾ ਰਾਹੀਂ ਨਿਰਯਾਤ ਮਾਲ ਨੂੰ ਜਵਾਹਰ ਲਾਲ ਨਹਿਰੂ ਪੋਰਟ, ਮੁੰਦਰਾ ਕੰਟੇਨਰ ਟਰਮੀਨਲ ਤੇ ਪਿਪਾਵਾਵ ਪੋਰਟ ਤੱਕ ਤੇਜ਼ੀ ਤੇ ਸੁਵਿਧਾਜਨਕ ਢੰਗ ਨਾਲ ਪਹੁੰਚਾਇਆ ਜਾ ਸਕੇਗਾ। ਅਗਸਤ ਮਹੀਨੇ ਦੌਰਾਨ ਮੰਡਲ ਨੇ ਮਾਲ ਲੋਡਿੰਗ ਵਿਚ ਹੋਰ ਵੀ ਨਵੇਂ ਰਿਕਾਰਡ ਤੇ ਉਪਲਬਧੀਆਂ ਦਰਜ ਕੀਤੀਆਂ। ਸਾਹਨੇਵਾਲ ਤੋਂ ਅਨੰਤਨਾਗ ਲਈ ਪਹਿਲੀ ਵਾਰ ਐੱਫ.ਐੱਮ.ਸੀ.ਜ਼ੀ ਤੇ ਨਵਾਂਸ਼ਹਿਰ ਦੋਆਬਾ ਤੋਂ ਅਨੰਤਨਾਗ ਲਈ ਕੈਟਲ ਫੀਡ ਦੇ ਪੀਸਮੀਲ ਵੈਗਨ ਸਫਲਤਾਪੂਰਵਕ ਰਵਾਨਾ ਕੀਤੇ ਗਏ। ਇਸ ਤੋਂ ਇਲਾਵਾ ਲੁਧਿਆਣਾ ਤੇ ਅੰਮ੍ਰਿਤਸਰ ਰੇਲਵੇ ਸਟੇਸ਼ਨਾਂ 'ਤੇ ਪਾਰਸਲ ਪਾਰਕਿੰਗ ਤੇ ਸਟੈਕਿੰਗ ਸਹੂਲਤਾਂ ਦਾ ਅਲਾਟਮੈਂਟ ਵੀ ਕੀਤਾ ਗਿਆ। ਰੇਲਗੱਡੀ ਨੰਬਰ 14624 ਵਿੱਚ ਐੱਸ ਐੱਲ ਆਰ ਲੀਜ਼ਿੰਗ ਕੰਟਰੈਕਟ ਵੀ ਸਫਲਤਾਪੂਰਵਕ ਅਲਾਟ ਕੀਤਾ ਗਿਆ ਹੈ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ/ਫਰੇਟ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਕਿ ਫਿਰੋਜ਼ਪੁਰ ਮੰਡਲ ਵੱਲੋਂ ਮਾਲ ਢੁਆਈ ਨੂੰ ਉਤਸ਼ਾਹਿਤ ਕਰਨ ਲਈ ਨਵੀਆਂ ਵਸਤੂਆਂ ਤੇ ਨਵੇਂ ਮਾਲ ਗਾਹਕਾਂ ਦੀ ਪਛਾਣ ਕੀਤੀ ਜਾ ਰਹੀ ਹੈ। ਬਿਜ਼ਨੈੱਸ ਡਿਵੈਲਪਮੈਂਟ ਯੂਨਿਟ ਰਾਹੀਂ ਵਪਾਰੀਆਂ ਨਾਲ ਲਗਾਤਾਰ ਸੰਪਰਕ ਕਰਕੇ ਉਨ੍ਹਾਂ ਨੂੰ ਰੇਲ ਰਾਹੀਂ ਮਾਲ ਭੇਜਣ ਦੇ ਲਾਭਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੇਲਵੇ ਵੱਲੋਂ ਤੇਜ਼, ਸੁਰੱਖਿਅਤ ਤੇ ਵਾਤਾਵਰਨ ਪੱਖੋਂ ਅਨੁਕੂਲ ਮਾਲ ਢੁਆਈ ਸੇਵਾਵਾਂ ਮੁਹੱਈਆ ਕਰਵਾਉਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

## ਮੁਹੱਲਾ ਕਲੀਨਿਕ 'ਚ ਬਿਜਲੀ ਸਪਲਾਈ ਨਾ ਹੋਣ ਕਾਰਨ ਮਰੀਜ਼ ਤੇ ਸਟਾਫ਼ ਪ੍ਰੇਸ਼ਾਨ

ਭੀਖੀ (ਧਰਮਵੀਰ ਸ਼ਰਮਾ)-ਬੇਸ਼ੱਕ ਸੂਬਾ ਸਰਕਾਰ ਨਾਗਰਿਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਪ੍ਰਤੀਬੱਧ ਹੈ, ਪ੍ਰੰਤੂ ਅਕਸਰ ਸਿਹਤ ਵਿਭਾਗ ਦੀਆਂ ਅਣਗਹਿਲੀਆਂ ਕਈ ਦਿੱਕਤਾਂ ਖੜ੍ਹੀਆਂ ਕਰ ਦਿੰਦੀਆਂ ਹਨ। ਅਜਿਹਾ ਹੀ ਦੇਖਣ ਨੂੰ ਮਿਲਿਆ ਕਿ ਸਰਕਾਰ ਵੱਲੋਂ ਵਾਰਡ ਨੰਬਰ 13 ਵਿੱਚ ਇੱਕ ਮੁਹੱਲਾ ਕਲੀਨਿਕ ਦੀ ਸ਼ੁਰੂਆਤ ਬੀਤੀ 25 ਜੁਲਾਈ ਤੋਂ ਸ਼ੁਰੂ ਹੋ ਗਈ ਸੀ, ਪ੍ਰੰਤੂ ਹਾਲੇ ਤੱਕ ਵਿਭਾਗ ਵਲੋਂ ਬਿਜਲੀ ਦਾ ਕੁਨੈਕਸ਼ਨ ਨਹੀਂ ਲਵਾਇਆ ਗਿਆ ਅਤੇ ਇਸ ਦਰਮਿਆਨ ਮੁਹੱਲਾ ਕਲੀਨਿਕ ਦੇ ਨਿਰਮਾਣ ਸਮੇਂ ਠੇਕੇਦਾਰ ਵੱਲੋਂ ਜੋ ਆਰਜ਼ੀ ਬਿਜਲੀ ਕੁਨੈਕਸ਼ਨ ਲਿਆ ਗਿਆ ਸੀ, ਹੁਣ ਤੱਕ ਉਸੇ ਨਾਲ ਹੀ ਕੰਮ ਚਲਾਇਆ ਜਾ ਰਿਹਾ ਸੀ, ਪ੍ਰੰਤੂ ਕਲੀਨਿਕ ਦੀ ਇਮਾਰਤ ਦਾ ਨਿਰਮਾਣ ਕਾਰਜ ਪੂਰਾ ਹੋਣ ਉਪਰੰਤ ਬਿਜਲੀ ਦਾ ਮੀਟਰ ਪਾਵਰਕਾਮ ਨੂੰ ਵਾਪਸ ਜਮ੍ਹਾਂ ਕਰਾ ਦਿੱਤਾ ਗਿਆ ਸੀ, ਜਿਸ ਕਰਕੇ ਬਿਜਲੀ ਸਪਲਾਈ ਬੰਦ ਹੋਣ ਕਾਰਨ ਇੱਥੇ ਨਿਯੁਕਤ ਸਟਾਫ਼ ਤੇ ਇਲਾਜ ਲਈ ਆਉਣ ਵਾਲੇ ਲੋਕਾਂ ਨੂੰ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਬਿਜਲੀ ਸਪਲਾਈ ਨਾ ਹੋਣ ਕਾਰਨ ਏ.ਸੀ, ਪੱਖੇ, ਇੰਟਰਨੈਟ ਕੁਨੈਕਸ਼ਨ ਬੰਦ ਹਨ, ਉਥੇ ਮਰੀਜ਼ਾਂ ਦੇ ਸੈਂਪਲ ਕੀਤੇ ਗਏ ਖ਼ੂਨ ਦੇ ਨਮੂਨੇ ਆਦਿ ਸਹੀ ਤਰੀਕੇ ਨਾਲ ਰੱਖਣ ਵਿੱਚ ਵੀ ਦਿੱਕਤ ਪੇਸ਼ ਆਉਂਦੀ ਹੈ। ਕਈ ਮਰੀਜ਼ਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕਲੀਨਿਕ ਵਿਖੇ ਸਿਹਤ ਵਿਭਾਗ ਬਿਜਲੀ ਦੀ ਸਪਲਾਈ ਲਈ ਪੱਕੇ ਤੌਰ 'ਤੇ ਮੀਟਰ ਲਵਾਵੇ। ਉਧਰ ਐਸ.ਐਮ.ਓ. ਖਿਆਲਾ ਰਵਿੰਦਰ ਸਿੰਗਲਾ ਨੇ ਕਿਹਾ ਕਿ ਵਿਭਾਗ ਵੱਲੋਂ ਮੁਹੱਲਾ ਕਲੀਨਿਕ ਲਈ ਬਿਜਲੀ ਮੀਟਰ ਦਾ ਕੁਨੈਕਸ਼ਨ ਅਪਲਾਈ ਕਰ ਦਿੱਤਾ ਗਿਆ ਹੈ ਤੇ ਅਗਾਮੀ ਕੁਝ ਦਿਨਾਂ ਵਿੱਚ ਬਿਜਲੀ ਦੀ ਸਪਲਾਈ ਵਿਧੀਵਤ ਚਾਲੂ ਹੋ ਜਾਵੇਗੀ।

## ਸੰਕਟ ਮੋਚਨ ਹਨੂੰਮਾਨ ਮੰਦਰ 'ਚ ਚੋਰੀ

ਸਿਰਸਾ (ਸੁਰਿੰਦਰ ਪਾਲ ਸਿੰਘ)-ਸਿਰਸਾ ਖੇਤਰ ਦੇ ਪਿੰਡ ਓਟੂ ਦੇ ਸੰਕਟ ਮੋਚਨ ਹਨੂੰਮਾਨ ਮੰਦਰ ਵਿੱਚੋਂ ਚੋਰਾਂ ਨੇ ਦਾਨ ਬਕਸੇ ਵਿੱਚੋਂ ਚਾਰ ਚਾਂਦੀ ਦੀਆਂ ਛੱਤਰੀਆਂ ਤੇ ਹਜ਼ਾਰਾਂ ਰੁਪਏ ਨਕਦੀ ਚੋਰੀ ਕਰ ਲਈ। ਇਸ ਘਟਨਾ ਉਪਰੰਤ ਪੁਲਸ ਜਾਂਚ ਕਰ ਰਹੀ ਹੈ। ਓਟੂ ਮੰਦਰ ਦੇ ਪੁਜਾਰੀ ਹੀਰਾ ਲਾਲ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਰਾਤ ਲਗਭਗ 1 ਵਜੇ ਚੋਰਾਂ ਨੇ ਮੁੱਖ ਗੇਟ ਦਾ ਤਾਲਾ ਤੋੜ ਕੇ ਮੰਦਰ ਵਿੱਚ ਦਾਖਲ ਹੋ ਕੇ ਲਗਭਗ 30 ਤੋਂ 40 ਤੋਲੇ ਵਜ਼ਨ ਦੀਆਂ ਚਾਰ ਚਾਂਦੀ ਦੀਆਂ ਛੱਤਰੀਆਂ ਤੇ ਦਾਨ ਬਕਸੇ ਵਿੱਚ ਰੱਖੇ ਲਗਭਗ 12,000 ਰੁਪਏ ਨਕਦੀ ਚੋਰੀ ਕਰ ਲਏ, ਜਿਸ ਦਾ ਸਵੇਰੇ ਪਤਾ ਲੱਗਾ। ਪਿੰਡ ਵਾਸੀਆਂ ਵੱਲੋਂ ਇਲਾਕੇ ਵਿੱਚ ਲਗਾਤਾਰ ਹੋ ਰਹੀਆਂ ਚੋਰੀਆਂ 'ਤੇ ਗੁੱਸਾ ਪ੍ਰਗਟ ਕਰਕੇ ਪੁਲਸ ਪ੍ਰਸ਼ਾਸਨ ਤੋਂ ਰਾਤ ਦੀ ਗਸ਼ਤ ਵਧਾਉਣ ਦੀ ਮੰਗ ਕੀਤੀ। ਰਾਣੀਆ ਪੁਲਸ ਸਟੇਸ਼ਨ ਦੇ ਇੰਚਾਰਜ ਰਾਮ ਕੁਮਾਰ ਨੇ ਦੱਸਿਆ ਕਿ ਸ਼ਿਕਾਇਤ ਦਰਜ ਕਰ ਲਈ ਗਈ ਹੈ ਤੇ ਜਾਂਚ ਚੱਲ ਰਹੀ ਹੈ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਮੰਗਾਂ ਨੂੰ ਲੈ ਕੇ ਕੇਂਦਰੀ ਮੰਤਰੀ ਖੱਟੜ ਨਾਲ ਮੁਲਾਕਾਤ



ਪਟਿਆਲਾ (ਰਾਜਿੰਦਰ ਸਿੰਘ ਬਿੰਦ) ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਦੇ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਭਾਰਤ ਸਰਕਾਰ ਦੇ ਸੱਦੇ 'ਤੇ ਕੇਂਦਰੀ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਨਾਲ ਵੱਖ-ਵੱਖ ਸੂਬਿਆਂ ਦੇ ਪ੍ਰਮੁੱਖ ਕਿਸਾਨ ਆਗੂਆਂ ਦਾ 13 ਮੈਂਬਰੀ ਵਫ਼ਦ ਨੇ 3 ਸਤੰਬਰ ਨੂੰ ਗੁਰਗ੍ਰਾਮ ਦੇ ਰੈਸਟ ਹਾਊਸ ਵਿਖੇ ਦੇਸ਼ ਦੇ ਕਿਸਾਨਾਂ ਦੀਆਂ ਖੇਤੀ ਨਾਲ ਜੁੜੀਆਂ ਭਖਦੀਆਂ ਮੰਗਾਂ ਤੇ ਹੰਗਾਮੀ ਮੀਟਿੰਗ ਹੋਈ ਜੋਕਿ ਦੇਰ ਰਾਤ ਤੱਕ ਚੱਲੀ, ਜਿਸ ਦੀ ਸੰਖੇਪ ਜਾਣਕਾਰੀ ਦਿੰਦਿਆਂ ਇੰਡੀਅਨ ਫਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਦੱਸਿਆ ਕਿ ਕੇਂਦਰੀ ਮੰਤਰੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਨਾਂਅ 10 ਮੰਗਾਂ ਦਾ ਇੱਕ ਲਿਖਤੀ ਪੱਤਰ ਸੌਂਪਿਆ ਗਿਆ, ਜਿਸ ਵਿੱਚ ਮੁੱਖ ਤੌਰ 'ਤੇ ਭਾਰਤ ਅਮਰੀਕਾ ਵਪਾਰਕ ਸਮਝੌਤਾ ਐਮ ਐੱਸ ਪੀ ਦੀ ਕਾਨੂੰਨੀ ਗਰੰਟੀ ਸਵਾਮੀਨਾਥਨ ਕਮਿਸ਼ਨ ਰਿਪੋਰਟ ਅਨੁਸਾਰ ਕਿਸਾਨਾਂ ਦੀ ਕਰਜ਼ਾ ਮੁਕਤੀ ਫ਼ਸਲ ਬੀਮਾ ਯੋਜਨਾ ਗੰਨੇ ਦੀ ਖੇਤੀ ਲਈ ਐਫ਼ ਆਰ ਪੀ ਬਾਰੇ ਬਿਜਲੀ ਦੇ ਵੱਡੇ ਲੱਗ ਰਹੇ ਟਾਵਰਾਂ ਨਾਲ ਕਿਸਾਨਾਂ ਦੀ ਜ਼ਮੀਨ ਦੀ ਮਾਰਕੀਟ ਵਲਾਊ ਘਟਣ ਬਾਰੇ 2013 ਵਾਲੇ ਭੂਮੀ ਗ੍ਰਹਿਣ ਬਿੱਲ ਨਾਲ ਛੇੜਛਾੜ ਨਾ ਕਰਨ ਬਾਰੇ ਅਤੇ ਬਿਜਲੀ ਸੋਧ ਬਿੱਲ ਬਾਰੇ ਤੇ ਕਿਸਾਨ ਅੰਦੋਲਨਾਂ ਦੌਰਾਨ ਦਰਜ ਕੀਤੇ ਕੇਸ ਵਾਪਸ ਲੈਣ ਬਾਰੇ ਬਹਿਰੂ ਨੇ ਦੱਸਿਆ। ਮੀਟਿੰਗ ਦੌਰਾਨ ਕੇਂਦਰੀ ਮੰਤਰੀ ਨੇ ਦੇਸ਼ ਦੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਹੋ ਰਹੇ ਭਾਰਤ ਅਮਰੀਕਾ ਵਪਾਰਕ ਸਮਝੌਤੇ ਵਿੱਚ ਪੂਰੇ ਭਾਰਤ ਦੀ ਖੇਤੀ ਕਾਰੋਬਾਰ ਡੇਅਰੀ ਫਾਰਮਿੰਗ ਪੋਲਟਰੀ ਫਾਰਮ ਮੱਛੀ ਪਾਲਣ ਨੂੰ ਪਾਸੇ ਰੱਖਿਆ ਜਾਵੇਗਾ ਤੇ ਉਪਰੋਕਤ ਮੰਗਾਂ ਤੇ ਭਾਰਤ ਸਰਕਾਰ ਜਲਦੀ ਹੀ ਇਸ ਮਾਮਲੇ 'ਤੇ ਆਪਣੀ ਸਥਿਤੀ ਜਨਤਕ ਤੌਰ 'ਤੇ ਸਪੱਸ਼ਟ ਕਰੇਗੀ ਅਤੇ ਹਾਈ-ਟੈਂਸ਼ਨ ਪਾਵਰ ਲਾਈਨਾਂ ਲਈ ਢੁੱਕਵੇਂ ਮੁਆਵਜ਼ੇ ਦੇ ਮੁੱਦੇ 'ਤੇ ਉਨ੍ਹਾਂ ਮੌਜੂਦਾ ਨੀਤੀ ਵਿੱਚ ਕੁਝ ਕਮੀਆਂ ਨੂੰ ਸਵੀਕਾਰ ਕੀਤਾ ਤੇ ਕਿਹਾ ਕਿ ਉਹ ਜਲਦੀ ਹੀ ਇਨ੍ਹਾਂ ਕਮੀਆਂ ਨੂੰ ਦੂਰ ਕਰਨਗੇ ਅਤੇ ਇੱਕ ਬਿਹਤਰ ਨੀਤੀ ਪੇਸ਼ ਕਰਨਗੇ ਉਹ ਜ਼ਮੀਨ ਦੇ ਬਾਜ਼ਾਰ ਮੁੱਲ ਨਿਰਧਾਰਤ ਕਰਨ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣ ਲਈ ਸਹਿਮਤ ਹੋਏ ਅਤੇ ਪਿੰਡਾਂ ਵਿੱਚ ਵੀ ਹਾਈ ਟੈਂਸ਼ਨ ਪਾਵਰ ਲਾਈਨਾਂ ਦੇ ਰਾਈਟ ਆਫ ਵੇ ਲਈ ਮੁਆਵਜ਼ੇ ਵਜੋਂ ਬਾਜ਼ਾਰ ਮੁੱਲ ਦਾ 60 ਪ੍ਰਤੀਸ਼ਤ ਪ੍ਰਦਾਨ ਕਰਨ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਵਾਅਦਾ ਕੀਤਾ।

## ਜ਼ਿਲ੍ਹਾ ਸਕੂਲ ਹੈਂਡਬਾਲ ਖੇਡਾਂ 'ਚ ਤੂਤ ਸਕੂਲ ਬਣਿਆ ਚੈਂਪੀਅਨ


### ਲਗਾਤਾਰ 27ਵੇਂ ਸਾਲ ਕੁੜੀਆਂ ਨੇ ਜ਼ਿਲ੍ਹਾ ਜਿੱਤ ਕੇ ਰਚਿਆ ਇਤਿਹਾਸ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-2 ਸਤੰਬਰ ਤੋਂ 6 ਸਤੰਬਰ ਤੱਕ ਡੀ ਓ ਸੈਕੰਡਰੀ ਮਨੀਲਾ ਅਰੋੜਾ ਤੇ ਡਿਪਟੀ ਡੀਓ ਡਾਕਟਰ ਸਤਿੰਦਰ ਦੀ ਰਹਿਨੁਮਾਈ ਅਤੇ ਸਟੇਟ ਐਵਾਰਡੀ ਜਸਵੀਰ ਸਿੰਘ ਦੀ ਯੋਗ ਅਗਵਾਈ ਅਧੀਨ ਸਰਕਾਰੀ ਹਾਈ ਸਕੂਲ ਤੂਤ ਵਿੱਚ ਜ਼ਿਲ੍ਹਾ ਸਕੂਲ ਹੈਂਡਬਾਲ ਖੇਡਾਂ ਕਰਵਾਈਆਂ ਗਈਆਂ। ਇਸ ਟੂਰਨਾਮੈਂਟ ਵਿੱਚ ਜ਼ਿਲ੍ਹੇ ਭਰ ਤੋਂ 42 ਟੀਮਾਂ ਨੇ ਹਿੱਸਾ ਲਿਆ। ਡੀ ਪੀ ਅਮਨਦੀਪ ਕੌਰ ਨੇ ਬਤੌਰ ਕਨਵੀਨਰ ਇਸ ਟੂਰਨਾਮੈਂਟ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਿਆ।

ਲੜਕੀਆਂ ਦੇ ਤਿੰਨੇ ਹੀ ਵਰਗ ਅੰਡਰ-14, ਅੰਡਰ-17, ਅੰਡਰ-19 ਵਿੱਚ ਤੂਤ ਸਕੂਲ ਦੀਆਂ ਲੜਕੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਟੀਮ ਦੇ ਕੋਚ ਸਟੇਟ ਐਵਾਰਡੀ ਜਸਵੀਰ ਸਿੰਘ, ਜਗਮੀਤ ਸਿੰਘ ਜ਼ਿਲ੍ਹਾ ਹੈਂਡਬਾਲ ਕੋਚ, ਮਲਕੀਤ ਸਿੰਘ ਨੇ ਦੱਸਿਆ ਕਿ ਲਗਾਤਾਰ 27ਵੇਂ ਸਾਲ ਤੂਤ ਦੀ ਕੁੜੀਆਂ ਨੇ ਜ਼ਿਲ੍ਹਾ ਜਿੱਤਿਆ ਹੈ, ਇਹ ਆਪਣੇ ਆਪ ਵਿੱਚ ਇਕ ਮਿਸਾਲ ਹੈ। ਖਿਡਾਰਨਾਂ ਨੇ ਆਪਣੀ ਇਸ ਜਿੱਤ ਦਾ ਸਿਹਰਾ ਆਪਣੇ ਮਿਹਨਤੀ ਕੋਚਾਂ ਜਸਵੀਰ ਸਿੰਘ, ਜਗਮੀਤ ਸਿੰਘ ਤੇ ਗੁਰਪ੍ਰੀਤ ਸਿੰਘ ਦੇ ਸਿਰ ਬੰਨ੍ਹਿਆ ਹੈ। ਲੜਕਿਆਂ ਦੇ ਅੰਡਰ-14 ਮੁਕਾਬਲੇ ਵਿੱਚ ਗੁਰੂ ਰਾਮਦਾਸ ਪਬਲਿਕ ਸਕੂਲ ਸ਼ਾਹਦੀਨ ਵਾਲਾ ਪਹਿਲੇ ਸਥਾਨ 'ਤੇ ਰਿਹਾ। ਅੰਡਰ-17 ਲੜਕਿਆਂ ਵਿੱਚ ਤੂਤ ਦੇ ਲੜਕਿਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-19 ਲੜਕਿਆਂ ਦਾ ਪਹਿਲਾ ਸਥਾਨ ਮੈਰੀਟੋਰੀਅਸ ਸਕੂਲ ਹਕੂਮਤ ਸਿੰਘ ਵਾਲਾ ਪਹਿਲੇ ਸਥਾਨ 'ਤੇ ਰਿਹਾ। ਟੂਰਨਾਮੈਂਟ ਨੂੰ ਵਧੀਆ ਢੰਗ ਨਾਲ ਕਰਾਉਣ ਦੇ ਲਈ ਬਤੌਰ ਰੈਫਰੀ ਸੁਰਿੰਦਰ ਸਿੰਘ, ਪਵਨਦੀਪ ਸਿੰਘ, ਸਿਮਰਨਜੀਤ ਸਿੰਘ, ਦਰਸ਼ਨ ਸਿੰਘ, ਅਜੇ ਕੁਮਾਰ, ਰਮਨਦੀਪ ਸਿੰਘ, ਚਮਕੌਰ ਸਿੰਘ, ਗੁਰਜੀਤ ਸਿੰਘ, ਚਮਕੌਰ ਸਿੰਘ ਅਤੇ ਅਮਰਜੀਤ ਕੌਰ ਨੇ ਭੂਮਿਕਾ ਨਿਭਾਈ। ਖਿਡਾਰੀਆਂ ਦੇ ਲਈ ਖਾਣੇ ਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਸਰਪੰਚ ਸਵਰਨ ਸਿੰਘ ਧਾਲੀਵਾਲ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਭੁਪਿੰਦਰ ਸਿੰਘ, ਬਲਦੇਵ ਸਿੰਘ ਸਿੱਧੂ, ਰਾਜਪਾਲ ਸਿੰਘ, ਹਵਾਲਦਾਰ ਅਵਤਾਰ ਸਿੰਘ, ਅੰਮ੍ਰਿਤ ਪਾਲ ਸਿੰਘ, ਕਮਲਜੀਤ ਸਿੰਘ ਸਿੱਧੂ ਤੇ ਸਮੂਹ ਪੰਚਾਇਤ ਮੈਂਬਰਾਂ ਦੇ ਸਹਿਯੋਗ ਨਾਲ ਕੀਤਾ ਗਿਆ। ਜੇਤੂ ਖਿਡਾਰੀਆਂ ਤੇ ਟੀਮ ਦੇ ਕੋਚਾਂ ਨੂੰ ਸਕੂਲ ਦੇ ਸਮੂਹ ਸਟਾਫ ਜਸਪਾਲ ਕੌਰ, ਮੀਨੂੰ ਮਲਹੋਤਰਾ, ਪੂਜਾ, ਚਰਨਜੀਤ ਕੌਰ, ਸਿਮਰਜੀਤ ਕੌਰ, ਸੁਖਪ੍ਰੀਤ ਕੌਰ ਗੀਤੂ, ਸੁਖਜੀਤ ਕੌਰ, ਲਵਪ੍ਰੀਤ ਕੌਰ, ਦਿਨੇਸ਼ ਚੌਹਾਨ, ਮਲਕੀਤ ਸਿੰਘ ਤੇ ਹਰਪ੍ਰੀਤ ਸਿੰਘ ਵੱਲੋਂ ਵਧਾਈ ਦਿੱਤੀ ਗਈ।

## ਖੇਤੀ ਸਬਸਿਡੀ ਤੇ ਸਰਕਾਰੀ ਲਾਭਾਂ ਲਈ ਫਾਰਮਰ ਆਈ ਡੀ ਲਾਜ਼ਮੀ : ਡਾ. ਗੁਰਪ੍ਰੀਤ ਸਿੰਘ



ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ 'ਐਗਰੀਸਟੈਕ' ਯੋਜਨਾ ਅਧੀਨ ਕਿਸਾਨਾਂ ਦੀ ਫਾਰਮਰ ਰਜਿਸਟਰੀ ਕੀਤੀ ਜਾ ਰਹੀ ਹੈ।ਮੁੱਖ ਖੇਤੀਬਾੜੀ ਅਫਸਰ ਫ਼ਰੀਦਕੋਟ ਡਾ. ਗੁਰਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਸਰਕਾਰੀ ਸਹੂਲਤਾਂ ਤੇ ਸਬਸਿਡੀਆਂ ਦਾ ਲਾਭ ਲੈਣ ਲਈ ਆਪਣੀ ਫਾਰਮਰ ਆਈ. ਡੀ. ਤੁਰੰਤ ਬਣਵਾਉਣ। ਉਨ੍ਹਾ ਕਿਹਾ ਕਿ ਜਿਸ ਕਿਸਾਨ ਦੇ ਨਾਂ 'ਤੇ ਵਾਹੀਯੋਗ ਜ਼ਮੀਨ ਹੈ, ਉਸ ਲਈ ਇਹ ਆਈ. ਡੀ. ਲਾਜ਼ਮੀ ਹੈ।ਜ਼ਮੀਨ ਘੱਟ ਹੋਵੇ ਜਾਂ ਵੱਧ, ਕੋਈ ਸ਼ਰਤ ਨਹੀਂ।ਨੌਕਰੀ ਜਾਂ ਹੋਰ ਕਾਰੋਬਾਰ ਕਰਨ ਵਾਲੇ ਜ਼ਮੀਨ ਮਾਲਕ ਵੀ ਯੋਗ ਹਨ।ਪਰਵਾਰ ਦੇ ਜਿਨ੍ਹਾਂ-ਜਿਨ੍ਹਾਂ ਮੈਂਬਰਾਂ ਦੇ ਨਾਂਅ 'ਤੇ ਜ਼ਮੀਨ ਦਰਜ ਹੈ, ਸਾਰਿਆਂ ਦੀ ਵੱਖ-ਵੱਖ ਆਈ. ਡੀ. ਬਣੇਗੀ।ਇਹ ਆਈ. ਡੀ. ਕਾਮਨ ਸਰਵਿਸ ਸੈਂਟਰਾਂ (ਸੀ ਐੱਸ ਸੀ), ਸਹਿਕਾਰੀ ਸਭਾਵਾਂ ਦੇ ਸੈਕਟਰੀਆਂ ਜਾਂ ਖੇਤੀਬਾੜੀ ਦਫ਼ਤਰ ਤੋਂ ਬਿਲਕੁਲ ਮੁਫ਼ਤ ਬਣਵਾਈ ਜਾ ਸਕਦੀ ਹੈ।ਕਿਸਾਨਾਂ ਨੂੰ ਅਪੀਲ ਹੈ ਕਿ ਉਹ ਬਿਨਾਂ ਕਿਸੇ ਦੇਰੀ ਦੇ ਆਪਣੀ ਰਜਿਸਟਰੀ ਕਰਵਾਉਣ।ਕਿਸੇ ਵੀ ਸਮੱਸਿਆ ਲਈ ਖੇਤੀਬਾੜੀ ਵਿਭਾਗ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## 250 ਰੁਪਏ ਸਰਟੀਫ਼ਿਕੇਟ ਵਸੂਲਣ 'ਤੇ ਵਿਵਾਦ ਵਧਿਆ



ਸਨੌਰ (ਰਾਜਿੰਦਰ ਸਿੰਘ ਬਿੰਦ)-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵੱਖ-ਵੱਖ ਸਰਕਾਰੀ ਸਰਟੀਫਿਕੇਟ ਆਨਲਾਈਨ ਮੁਹੱਈਆ ਕਰਾਉਣ ਤੇ ਕਈ ਸੇਵਾਵਾਂ ਲਈ ਸੁਵਿਧਾ ਕੇਂਦਰਾਂ ਰਾਹੀਂ ਸਹੂਲਤਾਂ ਦੇਣ ਦੇ ਦਾਅਵਿਆਂ ਵਿਚਕਾਰ ਨਗਰ ਕੌਂਸਲ 'ਚ ਲੋਕਾਂ ਤੋਂ ਸਰਟੀਫਿਕੇਟ ਅਪਲਾਈ ਕਰਨ ਦੇ ਨਾਂਅ 'ਤੇ 250 ਰੁਪਏ ਪ੍ਰਤੀ ਸਰਟੀਫਿਕੇਟ ਵਸੂਲਣ ਦੇ ਦੋਸ਼ਾਂ ਨੇ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਰੀਬ 22 ਅਗਸਤ ਤੋਂ ਸਨੌਰ ਨਗਰ ਕੌਂਸਲ ਦੀ ਸਰਕਾਰੀ ਇਮਾਰਤ ਅੰਦਰ ਇੱਕ ਨਿੱਜੀ ਵਿਅਕਤੀ ਵੱਲੋਂ ਲੋਕਾਂ ਦੇ ਵੱਖ-ਵੱਖ ਸਰਟੀਫਿਕੇਟਾਂ ਲਈ ਆਨਲਾਈਨ ਅਰਜ਼ੀਆਂ ਭਰੀਆਂ ਜਾ ਰਹੀਆਂ ਸਨ।ਦੋਸ਼ ਹੈ ਕਿ ਜਾਤੀ ਸਰਟੀਫਿਕੇਟ, ਪੰਜਾਬ ਵਾਸੀ ਸਰਟੀਫਿਕੇਟ ਸਮੇਤ ਹੋਰ ਸਰਟੀਫਿਕੇਟ ਅਪਲਾਈ ਕਰਨ ਬਦਲੇ ਲੋਕਾਂ ਤੋਂ 250 ਰੁਪਏ ਪ੍ਰਤੀ ਸਰਟੀਫਿਕੇਟ ਲਏ ਗਏ।ਇਸ ਮਾਮਲੇ ਦੀ ਭਿਣਕ ਮਿਲਣ ਤੋਂ ਬਾਅਦ ਭਾਜਪਾ ਆਗੂ ਅਮਨਦੀਪ ਸਿੰਘ ਅਮਨ ਢੋਟ ਆਪਣੇ ਸਾਥੀਆਂ ਸਮੇਤ ਨਗਰ ਕੌਂਸਲ ਸਨੌਰ ਪਹੁੰਚੇ ਤੇ ਮਾਮਲੇ ਨੂੰ ਲੈ ਕੇ ਨਗਰ ਕੌਂਸਲ ਪ੍ਰਬੰਧਨ ਦੀ ਕਾਰਗੁਜ਼ਾਰੀ 'ਤੇ ਸਵਾਲ ਖੜੇ ਕੀਤੇ।ਅਮਨਦੀਪ ਸਿੰਘ ਅਮਨ ਢੋਟ ਨੇ ਦੋਸ਼ ਲਗਾਇਆ ਕਿ ਜੇਕਰ ਸਰਕਾਰੀ ਇਮਾਰਤ ਵਿੱਚ ਬੈਠ ਕੇ ਲੋਕਾਂ ਤੋਂ ਉਨ੍ਹਾਂ ਸੇਵਾਵਾਂ ਲਈ ਪੈਸੇ ਵਸੂਲੇ ਜਾ ਰਹੇ ਹਨ, ਜਿਨ੍ਹਾਂ ਨੂੰ ਸਰਕਾਰੀ ਪੋਰਟਲ ਰਾਹੀਂ ਮੁਫ਼ਤ ਜਾਂ ਨਿਰਧਾਰਤ ਸਰਕਾਰੀ ਫੀਸ ਅਨੁਸਾਰ ਅਪਲਾਈ ਕੀਤਾ ਜਾ ਸਕਦਾ ਹੈ, ਤਾਂ ਇਹ ਆਮ ਲੋਕਾਂ 'ਤੇ ਵਾਧੂ ਵਿੱਤੀ ਬੋਝ ਪਾਉਣ ਵਾਲਾ ਗੰਭੀਰ ਮਾਮਲਾ ਹੈ।ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਾਈ ਜਾਵੇ, ਹੁਣ ਤੱਕ ਜਿਨ੍ਹਾਂ ਲੋਕਾਂ ਤੋਂ ਪੈਸੇ ਵਸੂਲੇ ਗਏ ਹਨ,ਓਹਨਾ ਕਿਹਾ ਕਿ 22 ਤੋਂ 23 ਲੱਖ ਦੇ ਕਰੀਬ ਦਾ ਸਕੈਮ ਕੀਤਾ ਗਿਆ।

## ਪੀ ਐੱਸ ਯੂ ਨਹਿਰੂ ਕਾਲਜ ਇਕਾਈ ਦੀ ਚੋਣ



ਮਾਨਸਾ (ਆਤਮਾ ਸਿੰਘ ਪਮਾਰ)-ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ 'ਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਹੇਠ ਕਾਲਜ ਕਮੇਟੀ ਦੀ ਚੋਣ ਕੀਤੀ ਗਈ, ਜਿਸ ਦੌਰਾਨ ਪ੍ਰਧਾਨ ਸੁਖਵਿੰਦਰ ਸਿੰਘ ਘੁੰਮਣ ਕਲਾਂ, ਮੀਤ ਪ੍ਰਧਾਨ ਅਭੈ ਪ੍ਰਤਾਪ ਸਿੰਘ ਭੰਮ੍ਹਾ, ਸਕੱਤਰ ਦਲਜੀਤ ਕੌਰ ਖਾਰਾ, ਸਹਾਇਕ ਸਕੱਤਰ ਓਮ ਪ੍ਰਕਾਸ਼ ਸਿੰਘ ਭਾਈ ਦੇਸਾ, ਪ੍ਰੈੱਸ ਸਕੱਤਰ ਗੁਰਸਾਹਿਬ ਸਿੰਘ ਝੁਨੀਰ, ਖਜ਼ਾਨਚੀ ਪ੍ਰਦੀਪ ਕੌਰ ਸਹਾਰਨਾ, ਸਹਾਇਕ ਖਜ਼ਾਨਚੀ ਰਵੀ ਸਿੰਘ, ਸੋਸ਼ਲ ਮੀਡੀਆ ਇੰਚਾਰਜ ਜਸ਼ਨਦੀਪ ਸਿੰਘ ਭਾਈ ਦੇਸਾ, ਰਾਜਵੀਰ ਸਿੰਘ ਅਤਲਾ ਕਲਾਂ, ਸ਼ਗਨਦੀਪ ਸਿੰਘ, ਰਾਜਵਿੰਦਰ ਸਿੰਘ, ਇਸ਼ਾਂਤ ਸ਼ਰਮਾ, ਮਨਜੀਤ ਸਿੰਘ ਕੋਟ ਧਰਮੂ, ਗਗਨਦੀਪ ਸਿੰਘ, ਜਸ਼ਨਦੀਪ ਸਿੰਘ, ਸਰਬਜੀਤ ਸਿੰਘ, ਹਰਵਿੰਦਰ ਸਿੰਘ, ਅਰਸ਼ ਸਿੰਘ ਘੁੰਮਣ ਕਲਾਂ ਨੂੰ ਕਮੇਟੀ ਮੈਂਬਰ ਚੁਣਿਆ ਗਿਆ। ਇਸ ਮੌਕੇ ਪੰਜਾਬ ਸਟੂਡੈਂਟ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਅਰਵਿੰਦਰ ਕੌਰ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਅੱਗੇ ਲਿਜਾਣ ਵਾਲੀ ਇਹ ਕਮੇਟੀ ਕਾਲਜ ਨੂੰ ਬਚਾਉਣ ਲਈ ਸੰਘਰਸ਼ ਕਰੇਗੀ, ਕਿਉਂਕਿ ਅੱਜ ਦੀ ਹਕੂਮਤ ਫਾਸ਼ੀਵਾਦੀ ਸਰਕਾਰ ਹੈ, ਜੋ ਕਿ ਲੋਕਾਂ ਦੀ ਆਵਾਜ਼ ਨੂੰ ਦੱਬਣਾ ਚਾਹੁੰਦੀ ਹੈ। ਇਸ ਲੜਾਈ ਖਿਲਾਫ ਵਿਦਿਆਰਥੀਆਂ ਦੀਆਂ ਕਮੇਟੀਆਂ ਹੋਣੀਆਂ ਬਹੁਤ ਜ਼ਰੂਰੀ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ 26 ਸਤੰਬਰ ਨੂੰ ਮੋਗਾ ਵਿਖੇ ਹੋ ਰਹੀ ਰੈਲੀ 'ਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ।

## ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ ਪਰਵਾਰਾਂ ਦਾ ਸਵਾਗਤ



ਮੱਖੂ (ਰਛਪਾਲ ਸਿੰਘ ਸੰਧੂ)-ਵਿਧਾਨ ਸਭਾ ਹਲਕਾ ਜ਼ੀਰਾ ਦੇ ਬਲਾਕ ਮੱਖੂ ਦੇ ਪਿੰਡ ਕੈਨਾਲ ਕਲੋਨੀ ਵਿਖੇ ਜਗਜੀਤ ਸਿੰਘ ਜੱਗਾ ਦੇ ਗ੍ਰਹਿ ਵਿਖੇ ਹੋਏ ਇੱਕ ਸਮਾਗਮ ਦੌਰਾਨ ਮਿਲਖਾ ਸਿੰਘ ਦੀ ਅਣਥੱਕ ਮਿਹਨਤ ਸਦਕਾ 10 ਪਰਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਰਾਮ ਖਿਲਾਵਨ, ਜੋਗੀ ਰਾਮ, ਕ੍ਰਿਸ਼ਨ ਚੰਦ, ਰਾਮ ਤੀਰਥ, ਦੀਪੂ, ਮੋਤੀ ਰਾਮ, ਗੁਰਨਾਮ ਸਿੰਘ, ਅੰਮ੍ਰਿਤ, ਬਲਵਿੰਦਰ ਸਿੰਘ ਤੇ ਮੁਖਤਿਆਰ ਸਿੰਘ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਹਰਪ੍ਰੀਤ ਸਿੰਘ ਹੀਰੋ ਨੇ ਵਧਾਈ ਦਿੱਤੀਆਂ ਤੇ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਤਿਕਾਰ ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਹਰਪ੍ਰੀਤ ਸਿੰਘ ਹੀਰੋ ਨੇ ਕਿਹਾ ਕਿ ਇਹ ਸ਼ਮੂਲੀਅਤ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬੀਆਂ ਦਾ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਪਿਆਰ, ਵਿਸ਼ਵਾਸ ਤੇ ਜਜ਼ਬਾ ਲਗਾਤਾਰ ਮਜ਼ਬੂਤ ਹੋ ਰਿਹਾ ਹੈ।ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਪੰਜਾਬ ਭਰ ਦੇ ਲੋਕ 2027 ਵਿੱਚ ਸੂਬੇ ਦੀ ਵਾਗਡੋਰ ਮੁੜ ਸ਼੍ਰੋਮਣੀ ਅਕਾਲੀ ਦਲ ਨੂੰ ਸੌਂਪਣ ਲਈ ਤਿਆਰ ਹਨ, ਜੋ ਪਾਰਟੀ ਦੇ ਮਜ਼ਬੂਤ ਹੁੰਦੇ ਜਨ ਆਧਾਰ ਨੂੰ ਦਰਸਾਉਂਦਾ ਹੈ।ਇਸ ਸਮਾਗਮ ਵਿੱਚ ਸਰਕਲ ਪ੍ਰਧਾਨ ਸਾਰਜ ਸਿੰਘ, ਬਲਕਾਰ ਸਿੰਘ ਕੀਮੇ ਵਾਲੀ (ਹਲਕਾ ਪ੍ਰਧਾਨ, ਬੀ.ਸੀ. ਵਿੰਗ), ਡਾ. ਗੁਰਸੇਵਕ ਸਿੰਘ (ਵਰਕਿੰਗ ਕਮੇਟੀ ਮੈਂਬਰ), ਅਨੋਖ ਸਿੰਘ ਅਰਾਜੀ ਸਭਰਾਂ, ਨਿਰਮਲ ਸਿੰਘ, ਮੇਜਰ ਸਿੰਘ, ਗੁਰਨਾਮ ਸਿੰਘ, ਦਯਾ ਸਿੰਘ, ਬਲਵਿੰਦਰ ਸਿੰਘ ਸਮੇਤ ਪਤਵੰਤੇ ਸਥਾਨਕ ਆਗੂ ਹਾਜ਼ਰ ਸਨ।

## ਦੁਕਾਨਦਾਰਾਂ ਵੱਲੋਂ ਸੜਕ 'ਤੇ ਰੱਖੇ ਸਾਈਨ ਬੋਰਡ ਨਗਰ ਕੌਂਸਲ ਨੇ ਚੁੱਕੇ




ਬਰੇਟਾ (ਗੀਤਵਾਲ)-ਸਥਾਨਕ ਸ਼ਹਿਰ ਦੇ ਬਾਜ਼ਾਰ ਦੀਆਂ ਵੱਖ ਵੱਖ ਥਾਵਾਂ 'ਤੇ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਅੱਗੇ ਸੜਕ 'ਤੇ ਰੱਖੇ ਗਏ ਸਾਈਨ ਬੋਰਡਾਂ ਤੇ ਇਸ਼ਤਿਹਾਰੀ ਬੋਰਡਾਂ ਨੂੰ ਨਗਰ ਕੌਂਸਲ ਦੇ ਅਧਿਕਾਰੀਆਂ ਨੇ ਵਿਸ਼ੇਸ਼ ਮੁਹਿੰਮ ਚਲਾ ਕੇ ਚੁੱਕ ਲਿਆ।ਨਗਰ ਕੌਂਸਲ ਦੇ ਇੰਸਪੈਕਟਰ ਅਵੀਸ਼ੇਕ ਗਰਗ ਦੀ ਅਗਵਾਈ ਹੇਠ ਟੀਮ ਨੇ ਬਾਜ਼ਾਰ ਦਾ ਦੌਰਾ ਕੀਤਾ, ਜਿੱਥੇ ਪਾਇਆ ਗਿਆ ਕਿ ਬਹੁਤ ਸਾਰੇ ਦੁਕਾਨਦਾਰਾਂ ਨੇ ਆਪਣੇ ਬੋਰਡ ਸੜਕ ਤੇ ਫੁੱਟਪਾਥ 'ਤੇ ਰੱਖ ਕੇ ਰਾਹਗੀਰਾਂ ਤੇ ਵਾਹਨ ਚਾਲਕਾਂ ਲਈ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਹੋਈਆਂ ਸਨ।ਅਧਿਕਾਰੀਆਂ ਨੇ ਦੱਸਿਆ ਕਿ ਇਹ ਬੋਰਡ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਦੇ ਦਾਇਰੇ ਵਿੱਚ ਆਉਂਦੇ ਹਨ ਤੇ ਇਸ ਨਾਲ ਸੜਕ ਦੀ ਚੌੜਾਈ ਘਟਣ ਕਾਰਨ ਆਏ ਦਿਨ ਟ੍ਰੈਫਿਕ ਜਾਮ ਦੀ ਸਮੱਸਿਆ ਬਣੀ ਰਹਿੰਦੀ ਸੀ।ਇਸ ਤੋਂ ਪਹਿਲਾਂ ਨਗਰ ਕੌਂਸਲ ਵੱਲੋਂ ਦੁਕਾਨਦਾਰਾਂ ਨੂੰ ਕਈ ਵਾਰ ਚਿਤਾਵਨੀ ਦਿੱਤੀ ਗਈ ਸੀ ਤੇ ਖੁਦ ਬੋਰਡ ਹਟਾਉਣ ਲਈ ਸਮਾਂ ਵੀ ਦਿੱਤਾ ਗਿਆ ਸੀ, ਪਰ ਹੁਕਮਾਂ ਦੀ ਪਾਲਣਾ ਨਾ ਹੋਣ 'ਤੇ ਅੱਜ ਸਖ਼ਤ ਕਾਰਵਾਈ ਕੀਤੀ ਗਈ।ਕਾਰਵਾਈ ਦੌਰਾਨ ਕੁਝ ਦੁਕਾਨਦਾਰਾਂ ਨੇ ਵਿਰੋਧ ਵੀ ਜਤਾਇਆ ਅਤੇ ਕਿਹਾ ਕਿ ਬਿਨਾਂ ਪਹਿਲਾਂ ਸੂਚਿਤ ਕੀਤੇ ਬੋਰਡ ਚੁੱਕ ਲਏ ਗਏ, ਜਿਸ ਨਾਲ ਉਨ੍ਹਾਂ ਦਾ ਆਰਥਿਕ ਨੁਕਸਾਨ ਹੋਇਆ ਹੈ।ਦੂਜੇ ਪਾਸੇ ਨਗਰ ਕੌਂਸਲ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮੁਹਿੰਮ ਸ਼ਹਿਰ ਨੂੰ ਸੁਚਾਰੂ ਤੇ ਸੁੰਦਰ ਬਣਾਉਣ ਦੇ ਨਾਲ-ਨਾਲ ਟ੍ਰੈਫਿਕ ਸਮੱਸਿਆ ਹੱਲ ਕਰਨ ਲਈ ਚਲਾਈ ਗਈ ਹੈ ਅਤੇ ਭਵਿੱਖ ਵਿੱਚ ਵੀ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

## ਰਾਜੋਮਾਜਰਾ ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ



ਧੂਰੀ (ਮਨੋਹਰ ਸਿੰਘ ਸੱਗੂ)-ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਪਿੰਡ ਰਾਜੋਮਾਜਰਾ ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਅਜਿਹੇ ਖੇਡ ਮੁਕਾਬਲੇ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਦਾ ਮੌਕਾ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਸਹਾਈ ਹੁੰਦੇ ਹਨ।ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਭਾਗ ਲੈ ਕੇ ਇਲਾਕੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਰਪੰਚ ਮਨਪ੍ਰੀਤ ਸਿੰਘ, ਬਲਾਕ ਪ੍ਰਧਾਨ ਸੁਰਜੀਤ ਸਿੰਘ ਧਰਮ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਬਚਾਓ ਰੈਲੀ ਇਤਿਹਾਸਕ ਹੋਵੇਗੀ : ਟੈਨੀ ਮਲਹੋਤਰਾ



ਕੋਟ ਈਸੇ ਖਾਂ (ਅਰੋੜਾ)-ਧਰਮਕੋਟ ਦੀ ਦਾਣਾ ਮੰਡੀ ਵਿਖੇ 9 ਸਤੰਬਰ ਨੂੰ ਹਲਕਾ ਧਰਮਕੋਟ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਦੀ ਅਗਵਾਈ ਹੇਠ ਪੰਜਾਬ ਬਚਾਓ ਰੈਲੀ ਹੋਣ ਜਾ ਰਹੀ ਹੈ, ਜੋ ਕਿ ਇਤਿਹਾਸਕ ਹੋਵੇਗੀ ਅਤੇ ਇਹ ਰੈਲੀ ਅਕਾਲੀ ਦਲ ਦੀ ਜਿੱਤ ਦਾ ਮੁੱਢ ਬੰਨ੍ਹੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਆਗੂ ਰਾਕੇਸ਼ ਮਲਹੋਤਰਾ (ਟੈਨੀ) ਨੇ ਪ੍ਰੈੱਸ ਨਾਲ ਸਾਂਝਾ ਕੀਤਾ।ਮਲਹੋਤਰਾ ਨੇ ਕਿਹਾ ਕਿ ਇਸ ਰੈਲੀ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਕਈ ਸੀਨੀਅਰ ਆਗੂ ਪਹੁੰਚ ਕੇ ਪੰਜਾਬ ਦੇ ਮੌਜੂਦਾ ਹਾਲਾਤ ਤੇ ਲੋਕਾਂ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕਰਨਗੇ।ਉਨ੍ਹਾ ਕਿਹਾ ਕਿ ਪੰਜਾਬ ਬਚਾਓ ਰੈਲੀ ਨੂੰ ਲੈ ਕੇ ਪਾਰਟੀ ਵਰਕਰਾਂ ਤੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਪੰਜਾਬ ਦੀ ਕਿਸਾਨੀ, ਨੌਜਵਾਨਾਂ, ਵਪਾਰੀਆਂ, ਮਜ਼ਦੂਰਾਂ ਤੇ ਆਮ ਲੋਕਾਂ ਨਾਲ ਜੁੜੇ ਮਸਲਿਆਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਆਇਆ ਹੈ ਤੇ ਅੱਗੇ ਵੀ ਪੰਜਾਬ ਦੇ ਹਿੱਤਾਂ ਲਈ ਡੱਟ ਕੇ ਆਵਾਜ਼ ਉਠਾਉਂਦਾ ਰਹੇਗਾ।ਉਨ੍ਹਾਂ ਸਮੂਹ ਪਾਰਟੀ ਵਰਕਰਾਂ, ਸਮਰਥਕਾਂ ਤੇ ਪੰਜਾਬ ਹਿਤੈਸ਼ੀ ਲੋਕਾਂ ਨੂੰ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

## ਮਿਮਿਟ ਮਲੋਟ ਵਿਖੇ ਆਨਲਾਈਨ ਸੈਸ਼ਨ ਕਰਵਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਦੁਆਰਾ ਸਥਾਪਤ ਸੰਸਥਾ ਮਲੋਟ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨੋਲੋਜੀ (ਮਿਮਿਟ ਮਲੋਟ) ਵਿਖੇ ਅਟਲ ਮਿਸ਼ਨ ਤੇ ਨੀਤੀ ਅਯੋਗ ਦੇ ਸਹਿਯੋਗ ਨਾਲ ਇੱਕ ਆਨਲਾਈਨ ਸੈਸ਼ਨ ਕਰਵਾਇਆ ਗਿਆ। ਇਸ ਸੈਸ਼ਨ ਬਾਰੇ ਜਾਣਕਾਰੀ ਦਿੰਦੇ ਹੋਏ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਤੇ ਆਈ ਆਈ ਸੀ ਕੌਂਸਲ ਦੇ ਪ੍ਰਧਾਨ ਡਾ. ਸੋਨੀਆ ਸ਼ਰਮਾ ਨੇ ਦੱਸਿਆ ਕਿ ਨੀਤੀ ਉਦਯੋਗ ਦੇ ਅਟਲ ਇਨੋਵੇਸ਼ਨ ਮਿਸ਼ਨ ਦੇ ਸਹਿਯੋਗ ਨਾਲ ਸੰਸਥਾ ਵਿੱਚ ਹਾਇਰ ਐਜੂਕੇਸ਼ਨ ਵਿੱਚ ਨਵੀਆਂ ਖੋਜਾਂ ਨੂੰ ਆਮ ਜ਼ਿੰਦਗੀ ਵਿੱਚ ਲਾਗੂ ਕਰਨ ਬਾਰੇ ਇੱਕ ਸੈਸ਼ਨ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਆਈ ਆਈ ਸੀ ਇਨੋਵੇਸ਼ਨ ਕੌਂਸਲ ਦੇ ਸਹਾਇਕ ਡਾਇਰੈਕਟਰ ਡਾ. ਦੀਪਨ ਸਾਹੂ ਤੋਂ ਇਲਾਵਾ ਅਭਿਸ਼ੇਕ ਰੰਜਨ ਡਾ. ਸ੍ਰੀ ਪ੍ਰਾਮਿਤ ਵੱਲੋਂ ਵਿਦਿਆਰਥੀਆਂ ਨੂੰ ਸੰਸਥਾਵਾਂ ਵਿੱਚ ਖੋਜ ਪ੍ਰਤੀ ਰੁਝਾਨ ਪੈਦਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਨ੍ਹਾਂ ਮੁੱਖ ਬੁਲਾਰਿਆਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਉਦਯੋਗ ਸਥਾਪਤ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ ਅਤੇ ਨੀਤੀ ਉਦਯੋਗ ਵੱਲੋਂ ਵਿਦਿਆਰਥੀਆਂ ਨੂੰ ਸੰਸਥਾ ਵਿੱਚ ਇਨੋਵੇਸ਼ਨ ਦਾ ਵਾਤਾਵਰਨ ਸਥਾਪਤ ਕਰਨ ਬਾਰੇ ਅਤੇ ਨੀਤੀ ਯੋਗ ਵੱਲੋਂ ਮਿਲਣ ਵਾਲੀਆਂ ਵੱਖ-ਵੱਖ ਸਹੂਲਤਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਪ੍ਰੋਗਰਾਮ ਦੀ ਸਫਲਤਾ ਲਈ ਸੰਸਥਾ ਦੇ ਡਾਇਰੈਕਟਰ ਡਾ. ਅਸ਼ਵਨੀ ਬਾਂਸਲ ਵੱਲੋਂ ਕੰਪਿਊਟਰ ਵਿਭਾਗ ਮੁਖੀ ਡਾ. ਸੋਨੀਆ ਸ਼ਰਮਾ, ਡਾ. ਰਣਜੀਤ ਕੌਰ, ਇੰਜੀਨੀਅਰ ਸ਼ਵੀ ਜੁਨੇਜਾ ਇੰਜੀਨੀਅਰ, ਅਲੀਸ਼ਾ ਡੂਮਰਾ ਤੇ ਕੰਪਿਊਟਰ ਵਿਭਾਗ ਦੇ ਸਮੁੱਚੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।

# ਧਾਰੀਵਾਲ ਵਿਖੇ ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਪੰਜਾਬ ਦੀ ਮੀਟਿੰਗ



ਧਾਰੀਵਾਲ (ਮਨਦੀਪ ਵਿੱਕੀ)- ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਪੰਜਾਬ ਦੀ ਮੀਟਿੰਗ 132 ਕੇਵੀ ਸ/ਸ ਧਾਰੀਵਾਲ ਵਿਖੇ ਸਾਥੀ ਤਰਸੇਮ ਸਿੰਘ ਅਠਵਾਲ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਸਟੇਟ ਆਗੂ ਹਜਾਰਾ ਸਿੰਘ ਗਿੱਲ ਉਚੇਚੇ ਤੌਰ 'ਤੇ ਸ਼ਾਮਲ ਹੋਏ ।ਮੀਟਿੰਗ ਦੌਰਾਨ ਮਹਿੰਦਰ ਪਾਲ ਸਿੰਘ ਅਤੇ ਹਜਾਰਾ ਸਿੰਘ ਗਿੱਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਅਤੇ ਹਾਈ ਕੋਰਟ ਦੇ ਮੁਲਾਜ਼ਮਾਂ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਫੈਸਲਿਆਂ ਨੂੰ ਵੀ ਮੰਨਣ ਨੂੰ ਤਿਆਰ ਨਹੀਂ ਹੈ। ਇਹ ਮੌਜੂਦਾ ਸਰਕਾਰ ਪਿਛਲੇ 70/75 ਸਾਲਾਂ ਦੇ ਇਤਿਹਾਸ ਵਿੱਚ ਪੰਜਾਬ ਦੀ ਪਹਿਲੀ ਸਰਕਾਰ ਹੈ ਜੋ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਵਿਰੁੱਧ ਸੁਪਰੀਮ ਕੋਰਟ ਵਿੱਚ ਗਈ ਹੈ ਤੇ ਜਾਣਬੁੱਝ ਕੇ ਅਧੂਰੀ ਐਸ ਐਲ ਪੀ ਦਾਖਲ ਕੀਤੀ ਗਈ ਤਾਂ ਜੋ ਡੀ ਏ ਦੀ ਅਦਾਇਗੀ ਦਾ ਮਸਲਾ ਚੋਣ ਜ਼ਾਬਤੇ ਤੱਕ ਲਟਕ ਜਾਵੇ। ਇਸ ਮੌਕੇ ਬੁਲਾਰਿਆਂ ਨੇ ਚੇਤਾਵਨੀ ਦਿੰਦੇ ਹੋਏ ਸਰਕਾਰ ਨੂੰ ਅਪੀਲ ਕੀਤੀ ਕਿ ਮੁਲਾਜ਼ਮਾਂ ਨਾਲ ਟਕਰਾ ਦੀ ਨੀਤੀ ਤਿਆਗ ਕੇ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਨੂੰ ਬਿਨਾਂ ਦੇਰੀ ਲਾਗੂ ਕੀਤਾ ਜਾਵੇ ਅਤੇ ਬਾਕੀ ਮੰਗਾਂ ਉੱਪਰ ਟੇਬਲ ਟਾਕ ਰਾਹੀਂ ਹੱਲ ਕੀਤਾ ਜਾਵੇ ਨਹੀਂ ਤਾਂ ਸਾਂਝਾ ਤਾਲਮੇਲ ਮੰਚ ਪੰਜਾਬ ਵੱਲੋਂ ਉਲੀਕੇ ਪ੍ਰੋਗਰਾਮਾਂ ਅਨੁਸਾਰ ਸੰਘਰਸ਼ਾਂ ਨੂੰ ਹੋਰ ਤੇਜ਼ ਕਰਦੇ ਹੋਏ ਇਸ ਨਾ ਕਾਬਲ ਤੇ ਨਾ ਭਰੋਸੇਯੋਗ ਸਰਕਾਰ ਨੂੰ 2027 ਚੋਣਾਂ ਵਿੱਚ ਸੱਤਾ ਤੋਂ ਬਾਹਰ ਕਰਨ ਲਈ ਆਮ ਪਬਲਿਕ ਨੂੰ ਲਾਮਬੰਧ ਕਰਨ ਹਿੱਤ ਸੰਘਰਸ਼ ਸ਼ੁਰੂ ਕੀਤੇ ਜਾਣਗੇ। ਜਿਸ ਵਿੱਚ ਮੋਟੇ ਤੌਰ 'ਤੇ 12 ਅਤੇ 13 ਸਤੰਬਰ ਨੂੰ ਮੰਤਰੀਆਂ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ, 30 ਸਤੰਬਰ ਨੂੰ ਚੰਡੀਗੜ੍ਹ ਵਿਖੇ ਪੰਜਾਬ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਮੰਚ ਵੱਲੋਂ ਪੰਜਾਬ ਵਿਧਾਨ ਸਭਾ ਦੀ ਤਰਜ਼ 'ਤੇ ਇਜਲਾਸ ਸੱਦ ਕੇ ਪੰਜਾਬ ਦੇ 117 ਵਿਧਾਨਕਾਰਾਂ ਅਤੇ 13 ਸੰਸਦ ਮੈਂਬਰਾਂ ਦੀਆਂ ਕੁਰਸੀਆਂ ਲਗਾ ਕੇ ਮੁਲਾਜਮਾਂ /ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਜਵਾਬ ਤਲਬ ਕੀਤਾ ਜਾਵੇਗਾ, 10 ਅਕਤੂਬਰ ਨੂੰ ਸੰਗਰੂਰ ਵਿਖੇ ਸੂਬਾ ਪੱਧਰੀ ਵਿਸ਼ਾਲ ਮਹਾਂ ਰੈਲੀ ਕੀਤੀ ਜਾਵੇਗੀ ਅਤੇ 21 ਅਤੇ 22 ਅਕਤੂਬਰ ਨੂੰ ਪੰਜਾਬ ਦੇ ਸਮੂਹ ਕਰਮਚਾਰੀ ਸਮੂਹਿਕ ਛੁੱਟੀ 'ਤੇ ਜਾਣਗੇ ਤੇ ਸਰਕਾਰੀ ਕੰਮਕਾਜ ਮੁਕੰਮਲ ਤੌਰ 'ਤੇ ਠੱਪ ਕਰਨਗੇ,ਜਿਸ ਦੀ ਨੈਤਿਕ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਮੀਟਿੰਗ ਵਿੱਚ ਸਾਥੀ ਵਰਿੰਦਰ ਸਿੰਘ, ਸੱਤਪਾਲ ਸਿੰਘ, ਹਰਪਾਲ ਸਿੰਘ, ਅਸ਼ੋਕ ਕੁਮਾਰ, ਦਵਿੰਦਰ ਸਿੰਘ, ਵਜੀਰ ਸਿੰਘ, ਮਹਿੰਦਰ ਸਿੰਘ, ਸਤਨਾਮ ਸਿੰਘ, ਤਰਸੇਮ ਸਿੰਘ ,ਗੁਰਬਚਨ ਸਿੰਘ ਗੁਰਮੀਤ ਸਿੰਘ, ਸਵਰਨ ਮਸੀਹ, ਬਲਜੀਤ ਸਿੰਘ, ਸੁਖਦੇਵ ਸਿੰਘ, ਸੰਗਤ ਸਿੰਘ, ਜੋਗਿੰਦਰ ਸਿੰਘ, ਜਸਪਾਲ ਸਿੰਘ, ਸੁਖਦੇਵ ਸਿੰਘ ਗੋਸਲ, ਬਲਜੀਤ ਸਿੰਘ, ਵਰਿੰਦਰ ਕੁਮਾਰ, ਹਰਦੀਪ ਸਿੰਘ, ਹਰਭਜਨ ਸਿੰਘ, ਪਰਮਜੀਤ ਸਿੰਘ, ਨਰਿੰਜਨ ਸਿੰਘ, ਨਜੀਰ ਮਸੀਹ ਰਤਨ ਚੰਦ, ਗੁਲਦਾਰ ਸਿੰਘ, ਸਵਰਨ ਸਿੰਘ, ਅਜੀਤ ਸਿੰਘ ਬਲਜਿੰਦਰ ਸਿੰਘ ਆਦਿ ਸਮੇਤ ਹੋਰ ਵੀ ਸਾਥੀ ਹਾਜ਼ਰ ਸਨ।

# ਵਿਆਹ ਪੁਰਬ ਦੀਆਂ ਤਿਆਰੀਆਂ ਨੂੰ ਲੈ ਕੇ ਸੰਗਤਾਂ 'ਚ ਭਾਰੀ ਉਤਸ਼ਾਹ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਮੌਕੇ ਹਰ ਸਾਲ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਗੁਰਦੁਆਰਾ ਕੰਧ ਸਾਹਿਬ ਬਟਾਲਾ ਵਿਖੇ ਨਤਮਸਤਕ ਹੋਣ ਲਈ ਪੁੱਜਦੀਆਂ ਹਨ। ਬਟਾਲਾ, ਫਤਿਹਗੜ੍ਹ ਚੂੜੀਆਂ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਇੱਥੇ ਪਹੁੰਚਣ ਵਾਲੇ ਸ਼ਰਧਾਲੂਆਂ ਦੀ ਪੂਰਨ ਸ਼ਰਧਾ ਨਾਲ ਸੇਵਾ ਕਰਦੇ ਹਨ। ਇਸ ਸੰਬੰਧੀ ਪਿੰਡ ਮਾਨ ਸੈਂਡਵਾਲ ਦੇ ਸਰਪੰਚ ਜਸਪਾਲ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾ ਰਿਹਾ ਹੈ ਕਿ ਇੱਥੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਕਿਸਮ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਨਿਰਵਿਘਨ ਸੜਕੀ ਆਵਾਜਾਈ ਅਤੇ ਐਮਰਜੈਂਸੀ ਵਾਸਤੇ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।ਪਿੰਡ ਛਿਫਰੇਵਾਲ ਦੇ ਸਰਪੰਚ ਸਚਿਨਦੀਪ ਸਿੰਘ ਬਾਠ ਨੇ ਇਸ ਸੰਬੰਧੀ ਗੱਲ ਕਰਦਿਆ ਕਿਹਾ ਕਿ ਇਸ ਜੋੜ ਮੇਲੇ ਮੌਕੇ ਸਾਰੀਆਂ ਮੁੱਖ ਸੜਕਾਂ ਅਤੇ ਬਟਾਲਾ ਸ਼ਹਿਰ ਦੀ ਸਾਫ਼ ਸਫਾਈ ਬੜੀ ਜ਼ਰੂਰੀ ਹੈ।

ਇਸ ਲਈ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕੇ ਅਸੀਂ ਆਪੋ ਆਪਣੇ ਪਿੰਡਾਂ ਸ਼ਹਿਰਾਂ ਨੂੰ ਸਾਫ ਸੁਥਰਾ ਰੱਖੀਏ ਤਾਂ ਜੋ ਦੂਰ ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਦਾ ਸਹੀ ਢੰਗ ਨਾਲ ਸਵਾਗਤ ਹੋ ਸਕੇ।ਪਿੰਡ ਭਾਲੋਵਾਲੀ ਦੇ ਸਰਪੰਚ ਜਸਬੀਰ ਸਿੰਘ ਨੇ ਕਿਹਾ ਕਿ ਅਸੀਂ ਪੁਲਸ ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹਾਂ ਕਿ ਇਸ ਪਵਿੱਤਰ ਪੁਰਬ ਮੌਕੇ ਕੁਝ ਸਮਾਜ ਵਿਰੋਧੀ ਅਨਸਰਾਂ ਅਤੇ ਹੁੱਲੜਬਾਜ਼ੀ ਕਰਨ ਵਾਲਿਆਂ 'ਤੇ ਨਕੇਲ ਕੱਸੀ ਜਾਵੇ ਤਾਂ ਜੋ ਇਸ ਪਵਿੱਤਰ ਵਿਆਹ ਪੁਰਬ ਮੌਕੇ ਸ਼ਹਿਰ ਦਾ ਮਾਹੌਲ ਖਰਾਬ ਨਾ ਹੋਵੇ।

# ਸਕੂਲੀ ਬੱਚਿਆਂ ਦੀ ਸੁਰੱਖਿਆ ਨਾਲ ਖਿਲਵਾੜ ਬੰਦ ਕਰੇ ਪ੍ਰਸ਼ਾਸਨ : ਦੁਧਾਲਾ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਥੋੜੇ ਪੈਸੇ ਬਚਾਉਣ ਦੀ ਖਾਤਰ ਬੱਚਿਆਂ ਦੀਆਂ ਕੀਮਤੀ ਜ਼ਿੰਦਗੀਆਂ ਨੂੰ ਖਤਰੇ ਵਿੱਚ ਪਾਉਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਕੂਲਾਂ-ਕਾਲਜਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਲੈ ਕੇ ਜਾਣ ਵਾਲੀਆਂ ਵੈਨਾਂ ਦੇ ਕਾਗਜ਼ਾਤ, ਸੁਰੱਖਿਆ ਪ੍ਰਬੰਧ ਅਤੇ ਵਾਹਨਾਂ ਦੀ ਹਾਲਤ ਸੰਬੰਧੀ ਕਥਿਤ ਲਾਪਰਵਾਹੀ 'ਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠਣੇ ਸੁਭਾਵਿਕ ਹਨ।ਸੀ ਪੀ ਆਈ ਮਜੀਠਾ ਦੇ ਆਗੂ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨਾਲ ਜੁੜੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਗੰਭੀਰ ਨਤੀਜੇ ਪੈਦਾ ਕਰ ਸਕਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸਕੂਲਾਂ ਅਤੇ ਕਾਲਜਾਂ ਨਾਲ ਜੁੜੀਆਂ ਸਾਰੀਆਂ ਵਿਦਿਆਰਥੀ ਵੈਨਾਂ ਦੀ ਤੁਰੰਤ ਜਾਂਚ ਕਰਵਾਈ ਜਾਵੇ ਅਤੇ ਜਿਨ੍ਹਾਂ ਵਾਹਨਾਂ ਦੇ ਦਸਤਾਵੇਜ਼ ਜਾਂ ਸੁਰੱਖਿਆ ਮਾਪਦੰਡ ਪੂਰੇ ਨਹੀਂ ਹਨ, ਉਨ੍ਹਾਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ।ਉਨ੍ਹਾਂ ਲੇਡੀ ਹੈਲਪਰ ਦੀ ਗੈਰਹਾਜ਼ਰੀ ਦਾ ਮੁੱਦਾ ਵੀ ਗੰਭੀਰਤਾ ਨਾਲ ਉਠਾਉਂਦਿਆਂ ਕਿਹਾ ਕਿ ਜੇਕਰ ਕਿਸੇ ਸਕੂਲ ਬੱਸ ਜਾਂ ਵੈਨ ਵਿੱਚ ਲੜਕੀਆਂ/ਵਿਦਿਆਰਥਣਾਂ ਸਫ਼ਰ ਕਰ ਰਹੀਆਂ ਹਨ ਤਾਂ ਨਿਰਧਾਰਤ ਸੁਰੱਖਿਆ ਨਿਯਮਾਂ ਅਨੁਸਾਰ ਲੇਡੀ ਹੈਲਪਰ ਦੀ ਮੌਜੂਦਗੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਵਿਦਿਆਰਥਣਾਂ ਨੂੰ ਲਿਜਾਣ ਵਾਲੀਆਂ ਕਈ ਸਕੂਲੀ ਵੈਨਾਂ ਵਿੱਚ ਲੇਡੀ ਹੈਲਪਰ ਨਾ ਹੋਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਪ੍ਰਸ਼ਾਸਨ ਨੂੰ ਇਸ ਪੱਖੋਂ ਵੀ ਸਖ਼ਤ ਚੈਕਿੰਗ ਕਰਨੀ ਚਾਹੀਦੀ ਹੈ। ਜੇਕਰ ਕਿਸੇ ਵਾਹਨ ਦੀ ਇੰਸ਼ੋਰੈਂਸ, ਪ੍ਰਦੂਸ਼ਣ ਸਰਟੀਫਿਕੇਟ ਜਾਂ ਹੋਰ ਲੋੜੀਂਦੇ ਦਸਤਾਵੇਜ਼ ਮਿਆਦ ਪੁੱਗਣ ਤੋਂ ਬਾਅਦ ਵੀ ਵਰਤੇ ਜਾ ਰਹੇ ਹਨ ਤਾਂ ਇਸ ਦੀ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ।ਪੱਤਰਕਾਰਾਂ ਵੱਲੋਂ ਇਸ ਮਾਮਲੇ ਸੰਬੰਧੀ ਟਰੈਫਿਕ ਪੁਲਸ ਦਿਹਾਤੀ ਦੇ ਇੰਚਾਰਜ ਨਾਲ ਗੱਲਬਾਤ ਕਰਕੇ ਉਨ੍ਹਾਂ ਦਾ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਗਈ, ਪਰ ਇੰਚਾਰਜ ਨਾਲ ਸੰਪਰਕ ਨਹੀਂ ਹੋ ਸਕਿਆ।ਕਾਮਰੇਡ ਦੁਧਾਲਾ ਨੇ ਸਿਆਸੀ ਲਹਿਜੇ ਵਿੱਚ ਕਿਹਾ ਕਿ ਸਰਕਾਰ ਦੇ ਕੰਮ ਸਿਰਫ਼ ਹਾਦਸੇ ਤੋਂ ਬਾਅਦ ਬਿਆਨ ਦੇਣ ਤੱਕ ਸੀਮਤ ਨਹੀਂ, ਹਾਦਸਾ ਹੋਣ ਤੋਂ ਪਹਿਲਾਂ ਸੁਰੱਖਿਆ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀਆਂ ਜ਼ਿੰਦਗੀਆਂ ਕਿਸੇ ਦੀ ਕਮਾਈ ਦਾ ਸਾਧਨ ਨਹੀਂ ਹਨ ਅਤੇ ਪ੍ਰਸ਼ਾਸਨ ਨੂੰ ਕਾਗਜ਼ੀ ਕਾਰਵਾਈ ਦੀ ਬਜਾਏ ਜ਼ਮੀਨੀ ਪੱਧਰ 'ਤੇ ਸਖ਼ਤ ਚੈਕਿੰਗ ਕਰਨੀ ਚਾਹੀਦੀ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਵਿਦਿਆਰਥੀ ਵੈਨਾਂ ਦੀ ਜਾਂਚ, ਲੇਡੀ ਹੈਲਪਰਾਂ ਦੀ ਮੌਜੂਦਗੀ ਅਤੇ ਹੋਰ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਤੁਰੰਤ ਕਾਰਵਾਈ ਨਾ ਹੋਈ ਤਾਂ ਸੀ ਪੀ ਆਈ ਵੱਲੋਂ ਇਸ ਮੁੱਦੇ ਨੂੰ ਜਨਤਾ ਦੇ ਸਾਹਮਣੇ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ।

# ਹੈਰੋਇਨ ਸਮੇਤ ਕਾਬੂ



**ਢਿਲਵਾਂ (ਪਲਵਿੰਦਰ ਸਿੰਘ ਜੈ ਰਾਮਪੁਰ)**-ਢਿਲਵਾਂ ਪੁਲਸ ਨੇ 6 ਗ੍ਰਾਮ ਹੈਰੋਇਨ ਸਮੇਤ ਇਕ ਨੌਜਵਾਨ ਨੂੰ ਕਾਬੂ ਕੀਤਾ ਹੈ।ਥਾਣਾ ਮੁਖੀ ਢਿਲਵਾਂ ਜਸਦੀਪ ਸਿੰਘ ਨੇ ਦੱਸਿਆ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪੁੱਲੀ ਬੰਨ੍ਹ ਅੱਗੇ ਪੁੱਜੀ ਤਾਂ ਇਕ ਨੌਜਵਾਨ ਆਉਂਦਾ ਦਿਖਾਈ ਦਿੱਤਾ ਜਿਸ ਨੇ ਪੁਲਸ ਦੀ ਗੱਡੀ ਨੂੰ ਦੇਖ ਕੇ ਆਪਣੇ ਹੱਥ ਵਿੱਚੋਂ ਵਜ਼ਨਦਾਰ ਮੋਮੀ ਲਿਫ਼ਾਫ਼ਾ ਥੱਲੇ ਸੁੱਟ ਦਿੱਤਾ ਜਿਸ ਨੂੰ ਇੰਸਪੈਕਟਰ ਕੁਲਦੀਪ ਸਿੰਘ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਸ਼ੱਕ ਦੇ ਬਿਨਾਅ 'ਤੇ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਆਪਣਾ ਨਾਮ ਸਾਜਨ ਵਾਸੀ ਢਿਲਵਾਂ ਥਾਣਾ ਢਿਲਵਾਂ ਦੱਸਿਆ ਜਿਸ ਨੂੰ ਸਬ ਇੰਸਪੈਕਟਰ ਨੇ ਪੁੱਛਿਆ ਕਿ ਤੂੰ ਸਾਨੂੰ ਦੇਖ ਕੇ ਕੋਈ ਚੀਜ਼ ਸੁੱਟਿਆ ਹੈ, ਤਾਂ ਉਸ ਨੇ ਕਿਹਾ ਕਿ ਇਸ ਲਿਫਾਫੇ ਵਿੱਚ ਹੈਰੋਇਨ ਹੈ ਜੋ ਮੈਨੂੰ ਹੁਣੇ ਹੀ ਇੱਕ ਵਿਅਕਤੀ ਦੇ ਕੇ ਗਿਆ ਹੈ ਜਿਸਦਾ ਮੈਂ ਨਾਮ ਪਤਾ ਨਹੀ ਜਾਣਦਾ। ਸਾਜਨ ਵੱਲੋ ਉਕਤ ਵੱਲੋਂ ਸੁੱਟੇ ਹੋਏ ਲਿਫਾਫੇ ਨੂੰ ਚੈੱਕ ਕਰਨ 'ਤੇ ਉਸ ਵਿੱਚੋਂ ਹੈਰੋਇਨ ਮਿਲੀ ਜਿਸ ਦਾ ਵਜ਼ਨ ਕਰਨ 'ਤੇ ਕੁੱਲ 6 ਗ੍ਰਾਮ ਹੋਈ ।ਜਿਸ 'ਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ।

# ਧਰਨੇ-ਵਿਖਾਵਿਆਂ 'ਤੇ ਮੁਕੰਮਲ ਪਾਬੰਦੀ



ਬਿਆਸ (ਰੱਖੜਾ) ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਪਲਵੀ ਮਿਸ਼ਰਾ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਬੀ ਐੱਨ ਐੱਸ ਐੱਸ ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਜ਼ਿਲ੍ਹਾ ਪੁਲਸ ਮੁਖੀ ਅੰਮ੍ਰਿਤਸਰ (ਦਿਹਾਤੀ) ਦੇ ਅਧਿਕਾਰ ਖੇਤਰ ਵਿੱਚ ਪੈਂਦੇ ਥਾਣਿਆਂ ਅਧੀਨ ਪਿੰਡਾਂ, ਕਸਬਿਆਂ ਵਿੱਚ ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਰੋਸ ਰੈਲੀਆਂ, ਧਰਨਾ ਦੇਣ, ਮੀਟਿੰਗਾਂ ਕਰਨ, ਨਾਹਰੇ ਮਾਰਨ ਜਾਂ ਲਗਾਉਣ ਅਤੇ ਵਿਖਾਵਾ ਕਰਨ 'ਤੇ ਮੁਕੰਮਲ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਇਹ ਹੁਕਮ 6 ਨਵੰਬਰ ਤੱਕ ਲਾਗੂ ਰਹੇਗਾ।

# ਫਰੂਟ ਦੀ ਦੁਕਾਨ 'ਤੇ ਚੋਰੀ



ਧਾਰੀਵਾਲ (ਮਨਦੀਪ ਵਿੱਕੀ)- ਸ਼ਹਿਰ ਧਾਰੀਵਾਲ ਵਿਚ ਲੋਕਾਂ ਦੇ ਮੁੱਖ ਮਾਰਗ ਉੱਪਰ ਪੈਂਦੇ ਭੋਜਾਣ ਵਾਲੇ ਇਲਾਕੇ ਡੱਡਵਾਂ ਚੌਕ ਵਿੱਚ ਦਿਨ-ਦਿਹਾੜੇ ਅਣਪਛਾਤੇ ਚੋਰ ਇੱਕ ਫਰੂਟ ਦੀ ਮਸ਼ਹੂਰ ਦੁਕਾਨ ਤੋਂ ਪੈਸਿਆਂ ਨਾਲ ਭਰਿਆ ਬੈਗ ਚੋਰੀ ਕਰਕੇ ਫਰਾਰ ਹੋ ਗਏ।ਪੀੜਤ ਦੁਕਾਨਦਾਰ ਵਿਸ਼ਾਲ ਸਿਆਲ ਵਾਸੀ ਧਾਰੀਵਾਲ ਨੇ ਦੱਸਿਆ ਕਿ ਉਹ ਆਪਣੀ ਦੁਕਾਨ 'ਤੇ ਕੰਮ ਕਰ ਰਿਹਾ ਸੀ ਕਿ ਅਣਪਛਾਤੇ ਚੋਰਾਂ ਨੇ ਮੌਕਾ ਤਾੜ ਕੇ ਗੱਲੇ ਦੇ ਕੋਲ ਰੱਖਿਆ ਪੈਸਿਆਂ ਦਾ ਬੈਗ ਜਿਸ ਵਿੱਚ ਲਗਭਗ 15 ਹਜ਼ਾਰ ਰੁਪਏ ਸਨ ਚੋਰੀ ਕਰਕੇ ਫਰਾਰ ਹੋ ਗਏ। ਉਨ੍ਹਾਂ ਦੀ ਦੁਕਾਨ 'ਤੇ ਲੱਗੇ ਕੈਮਰੇ ਅਤੇ ਆਸ ਪਾਸ ਦੁਕਾਨਦਾਰਾਂ ਦੇ ਕੈਮਰਿਆਂ ਦੀ ਫੁਟੇਜ ਤੋਂ ਪਤਾ ਲੱਗਦਾ ਹੈ ਕਿ ਚਾਰ ਲੜਕੇ ਜਿਨ੍ਹਾਂ ਵਿਚ ਇੱਕ ਛੋਟਾ ਬੱਚਾ ਵੀ ਹੈ ਤੇ ਉਨ੍ਹਾਂ ਸਾਰਿਆਂ ਨੇ ਚਿੱਟੀ ਕਮੀਜ਼ ਅਤੇ ਕਾਲੀ ਪੈਂਟ ਵਰਗੀ ਡਰੈੱਸ ਪਾਈ ਹੋਈ ਹੈ, ਨੇ ਹੀ ਇਸ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਹੈ। ਚੋਰੀ ਸਬੰਧੀ ਸੂਚਨਾ ਪੁਲਸ ਨੂੰ ਦੇ ਦਿੱਤੀ ਹੈ। ਆਸ-ਪਾਸ ਦੇ ਵਪਾਰੀਆਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚੋਰਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇ।

# ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਦਾ ਜਥਾ ਰਵਾਨਾ



ਝਬਾਲ (ਹਰਜਿੰਦਰ ਸਿੰਘ ਸੋਨੀ)- ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਦੀ ਮਹਾਂ ਪੰਚਾਇਤ ਦਾ ਜਥਾ ਰਣਜੀਤ ਐਵੀਨਿਊ ਵਿੱਚ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਬੀਰ ਸਿੰਘ ਬੱਬੂ ਗੰਡੀਵਿੰਡ ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ ਸਮੇਤ ਪਿੰਡ ਢੰਡ ਦੀ ਦਾਣਾ ਮੰਡੀ ਵਿੱਚੋਂ ਰਵਾਨਾ ਹੋਇਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਬੀਰ ਸਿੰਘ ਬੱਬੂ ਗੰਡੀਵਿੰਡ ਨੇ ਪ੍ਰੈੱਸ ਨੂੰ ਦੱਸਿਆ ਕਿ ਸੂਬੇ ਦੀ ਮਹਾਂ ਪੰਚਾਇਤ ਅਮ੍ਰਿਤਸਰ ਦੇ ਰਣਜੀਤ ਐਵੀਨਿਊ ਵਿੱਚ ਹਜ਼ਾਰਾਂ ਕਿਸਾਨਾਂ ਦੀ ਅਗਵਾਈ ਜਿਸ ਵਿੱਚ ਸੂਬਾ ਪ੍ਰਧਾਨ ਪਲਵਿੰਦਰ ਸਿੰਘ ਮਾਹਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਸੂਬਾ ਪੱਧਰੀ ਰੈਲੀ ਵਿੱਚ ਕਿਸਾਨਾਂ ਨੂੰ ਭਾਰਤ ਅਤੇ ਅਮਰੀਕਾ ਦੇ ਹੋਏ ਸਮਝੌਤੇ ਦੀਆਂ ਨੀਤੀਆਂ ਦੇ ਖਿਲਾਫ ਜਾਣਕਾਰੀ ਦਿੱਤੀ ਉਥੇ ਪੰਜਾਬ ਸਰਕਾਰ ਦੀਆਂ ਲੈਂਡ ਪੂਲਿੰਗ ਦੀਆਂ ਨੀਤੀਆਂ ਅਤੇ ਪੰਜਾਬ ਸਰਕਾਰ ਵੱਲੋਂ ਨਸ਼ੇ ਨੂੰ ਬੇਲਗਾਮ ਕਰਨ ਦਾ ਅਤੇ ਪੰਜਾਬ ਪੁਲਸ ਨੂੰ ਝੂਠੇ ਪਰਚੇ ਅਤੇ ਝੂਠੇ ਪੁਲਸ ਮੁਕਾਬਲਿਆਂ ਵਿੱਚ ਨੌਜਵਾਨ ਨੂੰ ਮਾਰਨ ਅਤੇ ਪਾਵਰਕੌਮ ਵਿੱਚ ਫੈਲੇ ਭ੍ਰਿਸ਼ਟਾਚਾਰ ਦੇ ਵਿਰੁੱਧ ਉਸ ਨੂੰ ਰੋਕਣ ਲਈ ਮਤੇ ਪਾਸ ਕੀਤੇ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਾਜ਼ਰ ਕਿਸਾਨ ਅਤੇ ਮਜ਼ਦੂਰ ਹੀਰਾ ਸਿੰਘ ਗੰਡੀਵਿੰਡ, ਬਲਾਕ ਪ੍ਰਧਾਨ ਕਰਨਪ੍ਰੀਤ ਸਿੰਘ ਗੰਡੀਵਿੰਡ, ਮਨਪ੍ਰੀਤ ਸਿੰਘ ਗੰਡੀਵਿੰਡ, ਗੁਰਬਾਜ ਸਿੰਘ ਗੰਡੀਵਿੰਡ, ਜਗਜੀਤ ਸਿੰਘ, ਬੂਟਾ ਸਿੰਘ ਭੋਜੀਆ, ਡਾਕਟਰ ਮਿਲਖਾ ਸਿੰਘ, ਜਗੀਰ ਸਿੰਘ, ਕਰਮ ਸਿੰਘ, ਮਨਜੀਤ ਸਿੰਘ ਗੰਡੀਵਿੰਡ, ਬਲਾਕ ਪ੍ਰਧਾਨ ਅਮਰਜੀਤ ਸਿੰਘ ਢੰਡ, ਮੱਸਾ ਸਿੰਘ, ਸਾਹਿਬ ਸਿੰਘ, ਗੁਰਚਰਨ ਸਿੰਘ, ਅਮਰੀਕ ਸਿੰਘ ਚਮਕੀਲਾ, ਮਨਜੀਤ ਸਿੰਘ ਗੰਡੀਵਿੰਡ, ਡਾ. ਮਿਲਖਾ ਸਿੰਘ ਗੰਡੀਵਿੰਡ ਆਦਿ ਹਾਜ਼ਰ ਸਨ।

# ਡਾ. ਨਵਜੋਤ ਖੋਸਾ ਨੇ ਜਨਗਣਨਾ ਦੇ ਦੂਜੇ ਪੜਾਅ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਜ਼ਿਲ੍ਹਾ ਗੁਰਦਾਸਪੁਰ ਵਿੱਚ ਜਨਗਣਨਾ 2027 ਦੇ ਦੂਜੇ ਪੜਾਅ (ਆਬਾਦੀ ਦੀ ਗਣਨਾ) ਦੀਆਂ ਤਿਆਰੀਆਂ ਦਾ ਸਮੀਖਿਆ ਕਰਨ ਲਈ ਡਾਇਰੈਕਟਰ, ਜਨਗਣਨਾ ਸੰਚਾਲਨ ਪੰਜਾਬ ਡਾ. ਨਵਜੋਤ ਖੋਸਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ-ਕਮ-ਮੁੱਖ ਜਨਗਣਨਾ ਅਫ਼ਸਰ, ਗੁਰਦਾਸਪੁਰ, ਆਦਿੱਤਿਆ ਉੱਪਲ, ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ-ਕਮ-ਨਗਰ ਨਿਗਮ ਕਮਿਸ਼ਨਰ, ਬਟਾਲਾ, ਉਪ-ਮੰਡਲ ਮੈਜਿਸਟ੍ਰੇਟ, ਚਾਰਜ ਅਫ਼ਸਰ (ਤਹਿਸੀਲਦਾਰ/ਕਾਰਜਸਾਧਕ ਅਫ਼ਸਰ) ਅਤੇ ਜਨਗਣਨਾ ਡਿਊਟੀਆਂ ਵਿੱਚ ਲਗਾਏ ਗਏ ਅਧਿਕਾਰੀ/ਕਰਮਚਾਰੀ ਹਾਜ਼ਰ ਸਨ। ਸ਼ੁਰੂਆਤ ਵਿੱਚ, ਡਾਇਰੈਕਟਰ, ਜਨਗਣਨਾ ਸੰਚਾਲਨ ਨੇ ਗ੍ਰਹਿ ਮੰਤਰਾਲੇ (ਰਜਿਸਟ੍ਰਾਰ ਜਨਰਲ, ਭਾਰਤ ਦੇ ਦਫ਼ਤਰ) ਵੱਲੋਂ ਜਾਰੀ ਗਜ਼ਟ ਨੋਟੀਫਿਕੇਸ਼ਨ ਬਾਰੇ ਸਾਰੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ। ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਵਿੱਚ ਆਬਾਦੀ ਦੀ ਗਣਨਾ 1 ਦਸੰਬਰ, 2026 ਤੋਂ 4 ਜਨਵਰੀ, 2027 ਤੱਕ ਕੀਤੀ ਜਾਵੇਗੀ, ਜਿਸ ਦੀ ਪੁਨਰ- ਸਮੀਖਿਆ 5 ਜਨਵਰੀ, 2027 ਤੋਂ 9 ਜਨਵਰੀ, 2027 ਤੱਕ ਹੋਵੇਗੀ। ਘਰ-ਘਰ ਜਾ ਕੇ ਗਣਨਾ ਸ਼ੁਰੂ ਕਰਨ ਤੋਂ ਠੀਕ ਪਹਿਲਾਂ 16 ਨਵੰਬਰ ਤੋਂ 30 ਨਵੰਬਰ ਤੱਕ ਸਵੈ-ਗਣਨਾ ਦਾ ਵੀ ਵਿਕਲਪ ਹੋਵੇਗਾ ਅਤੇ ਜਨਗਣਨਾ ਲਈ ਸੰਦਰਭ ਮਿਤੀ 5 ਜਨਵਰੀ ਨੂੰ ਰਾਤ 00.00 ਵਜੇ ਹੋਵੇਗੀ। ਮੀਟਿੰਗ ਦੌਰਾਨ ਡਾਇਰੈਕਟਰ ਨੇ ਚਾਰਜ ਅਫ਼ਸਰਾਂ ਅਤੇ ਫੀਲਡ ਅਧਿਕਾਰੀਆਂ ਦੁਆਰਾ ਦਿਖਾਈ ਗਈ ਲਗਨ ਅਤੇ ਵਚਨਬੱਧਤਾ ਦੀ ਸ਼ਲਾਘਾ ਕੀਤੀ, ਜਿਸ ਸਦਕਾ ਜ਼ਿਲ੍ਹੇ ਵਿੱਚ ਪਹਿਲੇ ਪੜਾਅ, ਮਕਾਨਾਂ ਦੀ ਸੂਚੀਕਰਨ ਅਤੇ ਮਕਾਨ ਜਨਗਣਨਾ ਦਾ ਕੰਮ ਸਫ਼ਲਤਾਪੂਰਵਕ ਅਤੇ ਸਮੇਂ ਸਿਰ ਪੂਰਾ ਹੋਇਆ ਹੈ। ਨੋਟੀਫਾਈ ਕੀਤੇ ਸ਼ਡਿਊਲ ਨੂੰ ਧਿਆਨ ਵਿੱਚ ਰੱਖਦੇ ਹੋਏ ਅਗਾਊਂ ਯੋਜਨਾਬੰਦੀ ਅਤੇ ਅੰਤਰ-ਵਿਭਾਗੀ ਤਾਲਮੇਲ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਡਾਇਰੈਕਟਰ ਨੇ ਨਿਰਦੇਸ਼ ਦਿੱਤੇ ਕਿ ਪਹਿਲੇ ਪੜਾਅ ਨਾਲ ਸੰਬੰਧਤ ਸਾਰੇ ਬਕਾਇਆ ਕੰਮਾਂ ਨੂੰ ਤੈਅ ਸਮੇਂ ਦੇ ਅੰਦਰ ਪੂਰਾ ਕੀਤਾ ਜਾਵੇ ਅਤੇ ਦੂਜੇ ਪੜਾਅ ਲਈ ਸਾਰੇ ਜ਼ਰੂਰੀ ਪ੍ਰਬੰਧਕੀ ਅਤੇ ਲੌਜਿਸਟਿਕ ਇੰਤਜ਼ਾਮ ਸਮੇਂ ਸਿਰ ਪੂਰੇ ਕੀਤੇ ਜਾਣ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਸੰਭਵ ਸਹਿਯੋਗ ਦੇਵੇਗਾ ਅਤੇ ਭਾਰਤ ਦੇ ਰਜਿਸਟ੍ਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਦੇ ਦਫ਼ਤਰ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਨਗਣਨਾ ਨਾਲ ਸਬੰਧਤ ਸਾਰੇ ਕੰਮ ਨਿਰਧਾਰਤ ਸਮੇਂ ਦੇ ਅੰਦਰ ਪੂਰੇ ਕਰਨੇ ਯਕੀਨੀ ਬਣਾਏਗਾ। ਮੀਟਿੰਗ ਵਿੱਚ ਦੂਜੇ ਪੜਾਅ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ ਇੱਕ ਵਿਸਥਾਰਤ ਰੂਪ-ਰੇਖਾ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਡਾਇਰੈਕਟਰ ਨੇ ਸਾਰੇ ਚਾਰਜ ਅਫ਼ਸਰਾਂ ਨੂੰ ਪਿੰਡ ਡਾਇਰੈਕਟਰੀ ਅਤੇ ਕਸਬਾ ਡਾਇਰੈਕਟਰੀ ਦੇ ਅੰਕੜਿਆਂ ਦੇ ਸੰਕਲਨ ਅਤੇ ਪੜਤਾਲ ਦਾ ਕੰਮ ਤੇਜ਼ ਕਰਨ ਅਤੇ ਇਸ ਨੂੰ 8 ਸਤੰਬਰ ਦੀ ਨਿਰਧਾਰਤ ਅੰਤਿਮ ਮਿਤੀ ਤੋਂ ਪਹਿਲਾਂ ਹਰ ਪੱਖੋਂ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

# ਗੁਲਜ਼ਾਰ ਦੀ ਮੌਤ ਦੇ ਮਾਮਲੇ ਦੀ ਨਿਰਪੱਖ ਜਾਂਚ ਹੋਵੇ: ਸੋਹੀ



ਜੈਂਤੀਪੁਰ (ਸੁਖਬੀਰ ਸਿੱਧੂ)-ਤੂਰ ਬਣਜਾਰਾ ਪਿੰਡ ਦੇ ਇੱਕ ਗਰੀਬ ਮਜ਼ਦੂਰ ਗੁਲਜ਼ਾਰ ਸਿੰਘ ਦੀ ਮੌਤ ਦੀ ਖ਼ਬਰ ਸੁਣ ਕੇ ਦਿਲ ਨੂੰ ਬਹੁਤ ਦੁੱਖ ਪਹੁੰਚਿਆ। ਇਹ ਉਹੀ ਗਰੀਬ ਮਜ਼ਦੂਰ ਸੀ, ਜਿਸ ਨੇ ਮੰਤਰੀ ਚੀਮਾ ਦੇ ਸਾਹਮਣੇ ਆਪਣੇ ਦੁੱਖ-ਦਰਦ ਨੂੰ ਬਿਆਨ ਕੀਤਾ ਸੀ।ਪਰ ਅਫ਼ਸੋਸ! ਮੰਤਰੀ ਸਾਹਮਣੇ ਆਪਣਾ ਢਿੱਡ ਫੋਲਣ ਦੀ ਉਸ ਨੂੰ ਅਜਿਹੀ ਕੀਮਤ ਚੁਕਾਉਣੀ ਪਈ ਕਿ ਪਿੰਡ ਦੇ ਕੁਝ ਕਥਿਤ ਮੋਹਤਬਰਾਂ ਵੱਲੋਂ ਉਸ ਉੱਤੇ ਦਬਾਅ ਬਣਾਇਆ ਗਿਆ ਕਿ ਉਸ ਨੇ ਇਹ ਹਿੰਮਤ ਕਿਉਂ ਕੀਤੀ ਅਤੇ ਮਾਫ਼ੀ ਮੰਗਣ ਲਈ ਕਿਹਾ ਗਿਆ।ਜੇਕਰ ਇੱਕ ਮਜ਼ਦੂਰ, ਇੱਕ ਗਰੀਬ ਅਤੇ ਆਪਣੇ ਹੀ ਐੱਸ.ਸੀ. ਭਾਈਚਾਰੇ ਨਾਲ ਸੰਬੰਧਤ ਵਿਅਕਤੀ ਆਪਣੇ ਭਾਈਚਾਰੇ ਦੇ ਮੰਤਰੀ ਕੋਲ ਵੀ ਆਪਣੇ ਦੁੱਖ-ਦਰਦ ਨਹੀਂ ਰੱਖ ਸਕਦਾ, ਤਾਂ ਫਿਰ ਉਹ ਆਪਣੀ ਗੱਲ ਲੈ ਕੇ ਕਿੱਥੇ ਜਾਵੇ।ਅੱਜ ਪਿੰਡਾਂ ਵਿੱਚ ਬਹੁਤ ਸਾਰੇ ਐੱਸ.ਸੀ. ਪਰਵਾਰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਦੀ ਮਾਰ ਝੱਲ ਰਹੇ ਹਨ। ਇੱਕ ਗਰੀਬ ਮਜ਼ਦੂਰ ਦੀ ਔਲਾਦ ਹੀ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਵੇ ਅਤੇ ਇੱਕ ਮਜ਼ਦੂਰ ਦਾ ਪੁੱਤਰ ਆਪਣਾ ਸਭ ਕੁਝ ਵੇਚਣ ਲਈ ਮਜਬੂਰ ਹੋ ਜਾਵੇ, ਤਾਂ ਉਸ ਗੁਲਜ਼ਾਰ ਦੀ ਹਾਲਤ ਨੂੰ ਕੌਣ ਸਮਝੇ ? ਨਾ ਪੀਣ ਵਾਲੇ ਰੁਕ ਰਹੇ ਹਨ ਅਤੇ ਨਾ ਹੀ ਵੇਚਣ ਵਾਲੇ। ਪਰ ਇਨ੍ਹਾਂ ਦੇ ਦਰਮਿਆਨ ਮਾਪਿਆਂ ਦੀਆਂ ਆਂਦਰਾਂ ਸੜਦੀਆਂ ਹਨ। ਗੁਲਜ਼ਾਰ ਦੀ ਮੌਤ ਸਿਰਫ਼ ਇੱਕ ਪਰਵਾਰ ਦਾ ਦੁੱਖ ਨਹੀਂ, ਸਗੋਂ ਸਾਡੇ ਸਮਾਜ ਦੇ ਮੂੰਹ ਉੱਤੇ ਇੱਕ ਵੱਡਾ ਸਵਾਲ ਹੈ। ਪੁਲਸ ਪ੍ਰਸ਼ਾਸਨ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ। ਹੁਣ ਲੋੜ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਹੋਵੇ ਅਤੇ ਗੁਲਜ਼ਾਰ ਦੇ ਪਰਵਾਰ ਨੂੰ ਇਨਸਾਫ਼ ਮਿਲੇ।

# ਮੋਰਚਾ ਫਤਿਹ ਕਰਕੇ ਆਏ ਕਿਸਾਨਾਂ ਦਾ ਭਾਰੀ ਸਵਾਗਤ



ਬਿਆਸ (ਪਰਮਜੀਤ ਸਿੰਘ ਰੱਖੜਾ) ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਚੰਡੀਗੜ੍ਹ ਦੀ ਹੱਦ 'ਤੇ ਚੱਲ ਰਹੇ ਮੋਰਚੇ ਦੇ ਸੱਤਵੇਂ ਦਿਨ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਨੀਆਂ ਪ੍ਰਮੁੱਖ ਮੰਗਾਂ ਸੰਬੰਧੀ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆ ਵੱਲੋਂ ਲਿਖਤੀ ਪੱਤਰ ਕਿਸਾਨ ਮੋਰਚੇ ਦੀ ਸਟੇਜ 'ਤੇ ਆ ਕੇ ਕਿਸਾਨ ਆਗੂਆਂ ਨੂੰ ਸੌਂਪਣ ਅਤੇ ਪੰਜਾਬ ਸਰਕਾਰ ਨਾਲ ਸੰਬੰਧਤ ਮੰਗਾਂ ਨੂੰ ਪ੍ਰਵਾਨ ਕਰਨ ਦੇ ਐਲਾਨ ਉਪਰੰਤ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਮੋਰਚੇ ਨੂੰ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ। ਕਿਸਾਨ ਆਗੂਆਂ ਨੇ ਮੋਰਚੇ ਦੀ ਇਤਿਹਾਸਕ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਵਿਧਾਨ ਸਭਾ ਦੇ ਵਿਸ਼ੇਸ਼ ਅਜਲਾਸ ਵਿਚ ਸਾਰੇ ਮਤੇ ਪਾਸ ਕਰਨ ਉਪਰੰਤ ਸੰਯੁਕਤ ਕਿਸਾਨ ਮੋਰਚਾ ਕੇਂਦਰ ਸਰਕਾਰ ਨੂੰ ਵੀ ਉਕਤ ਮੰਗਾਂ ਪ੍ਰਵਾਨ ਕਰਨ ਲਈ ਮਜਬੂਰ ਕਰੇਗਾ।

ਮੋਰਚਾ ਫਤਿਹ ਕਰਨ ਉਪਰੰਤ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਹਲਕਾ ਬਾਬਾ ਬਕਾਲਾ ਦੀਆਂ ਸਮੂਹ ਜਥੇਬੰਦਕ ਇਕਾਈਆਂ ਦੇ ਪ੍ਰਧਾਨਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਓਮਰਾਜ ਸਿੰਘ ਧਰਦਿਉ ਦੀ ਅਗਵਾਈ ਵਿੱਚ ਚੰਡੀਗੜ੍ਹ ਵਿਖੇ ਕਿਸਾਨਾਂ ਦੀਆਂ ਮੰਗਾਂ ਸੰਬੰਧੀ ਲਗਾਏ ਗਏ ਧਰਨੇ ਤੋਂ ਮੋਰਚਾ ਫਤਿਹ ਕਰਕੇ ਆਉਣ 'ਤੇ ਮੋੜ ਬਾਬਾ ਬਕਾਲਾ ਸਾਹਿਬ ਵਿਖੇ ਰੰਧਾਵਾ ਪੈਲੇਸ ਦੇ ਸਾਹਮਣੇ ਜ਼ਿਲ੍ਹਾ ਜਨਰਲ ਸਕੱਤਰ ਜੋਗਿੰਦਰ ਸਿੰਘ ਬਦੇਸ਼ਾ ਧਿਆਨਪੁਰ, ਸੁਖਦੇਵ ਸਿੰਘ ਵਿਰਕ, ਅਨੋਖ ਸਿੰਘ ਹਸਨਪੁਰ, ਜ਼ਿਲ੍ਹਾ ਸਕੱਤਰ ਹਰਵਿੰਦਰ ਸਿੰਘ ਵਿਰਕ, ਜਸਵੰਤ ਸਿੰਘ ਕਾਲੇਕੇ, ਸੂਬੇਦਾਰ ਲਾਲਦੀਨ, ਮਲਕੀਤ ਸਿੰਘ ਕਾਲੇਕੇ, ਪ੍ਰਧਾਨ ਅਮਨਦੀਪ ਸਿੰਘ ਤਰਸਿੱਕਾ ਦਾ ਨਿੱਘਾ ਸੁਆਗਤ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਕਮੇਟੀ ਮੈਂਬਰ ਗੁਰਚਰਨ ਸਿੰਘ ਰਾਣਾ ਸਰਪੰਚ ਕਾਲੇਕੇ, ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਚਾਹਲ, ਅਜੈਬ ਸਿੰਘ ਬੁੱਟਰ, ਸੁਰਜੀਤ ਸਿੰਘ ਬੋਹੜਵਾਲ, ਹਰਦੀਪ ਸਿੰਘ, ਨਿਸ਼ਾਨ ਸਿੰਘ, ਤਰਸੇਮ ਸਿੰਘ, ਸੂਬੇਦਾਰ ਮੰਗਲ ਸਿੰਘ (ਤਿੰਨੇ ਰਈਆ ਖੁਰਦ), ਕੇਵਲ ਸਿੰਘ ਧੂਲਕਾ ਆਦਿ ਜਥੇਬੰਦਕ ਮੈਂਬਰ ਹਾਜ਼ਰ ਸਨ।

# ਪਾਇਲਟ ਦੀ ਅਗਵਾਈ ਹੇਠ ਪਾਰਟੀ ਹੋਵੇਗੀ ਹੋਰ ਮਜ਼ਬੂਤ : ਸਿੱਕੀ, ਪੱਖੋਕੇ




**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਕੇਂਦਰੀ ਕਾਂਗਰਸ ਹਾਈਕਮਾਂਡ ਵੱਲੋਂ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਨਿਯੁਕਤ ਕਰਨ ਨਾਲ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।ਉਨ੍ਹਾਂ ਕਿਹਾ ਕਿ ਪਾਇਲਟ ਇੱਕ ਤਜਰਬੇਕਾਰ, ਨੌਜਵਾਨ ਅਤੇ ਜੁਝਾਰੂ ਆਗੂ ਹਨ, ਜਿਨ੍ਹਾਂ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਹੋਰ ਸਰਗਰਮੀ ਨਾਲ ਲੋਕਾਂ ਦੇ ਮੁੱਦੇ ਉਠਾਏਗੀ। ਸਿੱਕੀ ਅਤੇ ਪੱਖੋਕੇ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਪੰਜਾਬ ਦੇ ਲੋਕਾਂ ਦੇ ਹੱਕਾਂ ਅਤੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦੀ ਆਈ ਹੈ।ਉਨ੍ਹਾਂ ਕਿਹਾ ਕਿ ਸਚਿਨ ਪਾਇਲਟ ਦੇ ਤਜਰਬੇ ਅਤੇ ਸੰਗਠਨਾਤਮਕ ਸਮਰੱਥਾ ਦਾ ਲਾਭ ਪੰਜਾਬ ਕਾਂਗਰਸ ਨੂੰ ਮਿਲੇਗਾ ਅਤੇ ਪਾਰਟੀ ਦੇ ਵਰਕਰਾਂ ਵਿੱਚ ਨਵਾਂ ਜੋਸ਼ ਪੈਦਾ ਹੋਵੇਗਾ।ਉਪਰੋਕਤ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਬੇਹੱਦ ਨਿਰਾਸ਼ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਪਾਰਟੀ ਦਾ ਹਰੇਕ ਆਗੂ ਅਤੇ ਵਰਕਰ ਪੂਰੀ ਤਨਦੇਹੀ ਨਾਲ ਕੰਮ ਕਰੇਗਾ। ਸਿੱਕੀ ਤੇ ਪੱਖੋਕੇ ਨੇ ਆਸ ਪ੍ਰਗਟਾਈ ਕਿ ਸਚਿਨ ਪਾਇਲਟ ਦੀ ਅਗਵਾਈ ਅਤੇ ਪੰਜਾਬ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਦੇ ਸਾਂਝੇ ਯਤਨਾਂ ਨਾਲ ਪਾਰਟੀ ਸੂਬੇ ਵਿੱਚ ਹੋਰ ਮਜ਼ਬੂਤ ਹੋ ਕੇ ਲੋਕਾਂ ਦੀ ਆਵਾਜ਼ ਬਣੇਗੀ।

# ਆਸ਼ਾ ਵਰਕਰ ਤੇ ਫਿਸਿਲੀਟੇਟਰ ਯੂਨੀਅਨ ਪੰਜਾਬ ਦਾ ਜਥੇਬੰਦਕ ਅਜਲਾਸ 19 ਨੂੰ ਜਲੰਧਰ 'ਚ




ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਆਸ਼ਾ ਵਰਕਰ ਤੇ ਫਿਸਿਲੀਟੇਟਰ ਯੂਨੀਅਨ ਪੰਜਾਬ (ਸੀਟੂ) ਦੀ ਸੂਬਾਈ ਮੀਟਿੰਗ ਸੂਬਾ ਪ੍ਰਧਾਨ ਕਾਮਰੇਡ ਸਰੋਜ ਬਾਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਸੂਬਾ ਸਕੱਤਰ ਕਾਮਰੇਡ ਸੀਮਾ ਰਾਣੀ ਨੇ ਦੱਸਿਆ ਕਿ ਸਰਵਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ 19 ਸਤੰਬਰ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਯੂਨੀਅਨ ਦਾ ਜਥੇਬੰਦਕ ਅਜਲਾਸ ਹੋਵੇਗਾ, ਜਿਸ ਵਿਚ ਸਾਰੇ ਜ਼ਿਲ੍ਹਿਆਂ ਵਿਚੋਂ ਮੈਂਬਰਸ਼ਿਪ ਅਨੁਸਾਰ ਡੈਲੀਗੇਟ ਸ਼ਾਮਲ ਹੋਣਗੇ। ਅਜਲਾਸ ਵਿਚ ਵੱਧ ਤੋਂ ਵੱਧ 300 ਡੈਲੀਗੇਟ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿਚ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਵੀ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਇਸ ਅਜਲਾਸ ਵਿਚ ਪੰਜਾਬ ਦੀ ਸੂਬਾ ਕਮੇਟੀ ਦੀ ਚੋਣ ਹੋਵੇਗੀ ਤੇ ਦਸੰਬਰ ਵਿਚ ਹੋਣ ਵਾਲੇ ਆਲ ਇੰਡੀਆ ਅਜਲਾਸ ਲਈ ਡੈਲੀਗੇਟ ਚੁਣੇ ਜਾਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਤੇ ਮੀਟਿੰਗ ਦੌਰਾਨ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ, ਸਗੋਂ ਹੱਕਾਂ ਲਈ ਸੰਘਰਸ਼ ਕਰਦੇ ਮੁਲਾਜ਼ਮਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਆਸ਼ਾ ਵਰਕਰਾਂ ਦੇ ਭੱਤੇ ਦੁੱਗਣੇ ਕਰਵਾਉਣ ਤੇ ਸਕੀਮ ਵਰਕਰਾਂ ਨੂੰ ਪੱਕੇ ਕਰਵਾਉਣ ਲਈ ਇਸ ਡੈਲੀਗੇਟ ਅਜਲਾਸ ਵਿਚ ਵਿਚਾਰ ਚਰਚਾ ਕਰਕੇ ਅਗਲੇ ਸੰਘਰਸ਼ ਦਾ ਵੀ ਐਲਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਅਜਲਾਸ ਵਿਚ ਸੀਟੂ ਦੇ ਪ੍ਰਧਾਨ ਤੇ ਜਨਰਲ ਸਕੱਤਰ ਅਤੇ ਆਲ ਇੰਡੀਆ ਪੱਧਰ ਦੇ ਆਗੂ ਸ਼ਾਮਲ ਹੋਣਗੇ। ਮੀਟਿੰਗ ਵਿਚ ਸੁਖਜੀਤ ਕੌਰ, ਰਣਜੀਤ ਕੌਰ, ਰਣਜੀਤ ਕੌਰ ਮੁਹਾਲੀ, ਬਲਵਿੰਦਰ ਕੌਰ ਫਿਲੌਰ, ਅਮਰਜੀਤ ਰੋਪੜ, ਅਮਨ, ਪੂਨਮ, ਪਰਮਜੀਤ, ਸੁਨੀਤਾ ਆਦਿ ਸ਼ਾਮਲ ਸਨ।

# ਪੰਜਾਬ ਸਟੇਟ ਵਾਲੀਬਾਲ ਚੈਂਪੀਅਨਸ਼ਿਪ ਲਈ ਟੀਮ ਦੀ ਚੋਣ



ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 18 ਤੋਂ 20 ਸਤੰਬਰ ਤੱਕ ਹੋਣ ਵਾਲੀ ਪੰਜਾਬ ਸਟੇਟ ਵਾਲੀਬਾਲ ਚੈਂਪੀਅਨਸ਼ਿਪ ਲਈ ਜ਼ਿਲ੍ਹਾ ਤਰਨ ਤਾਰਨ ਦੀ ਵਾਲੀਬਾਲ ਟੀਮ ਦੀ ਚੋਣ ਵਾਸਤੇ ਟਰਾਇਲ 10 ਸਤੰਬਰ ਨੂੰ ਦੁਪਹਿਰ 1:30 ਵਜੇ ਬਾਬਾ ਬੁੱਢਾ ਕਾਲਜ, ਬੀੜ ਸਾਹਿਬ ਦੇ ਵਾਲੀਬਾਲ ਗਰਾਊਂਡ ਵਿਖੇ ਕਰਵਾਏ ਜਾਣਗੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤਰਨ ਤਾਰਨ ਵਾਲੀਬਾਲ ਐਸੋਸੀਏਸ਼ਨ ਦੇ ਪ੍ਰਧਾਨ ਡਾ. ਕਰਨਜੀਤ ਸਿੰਘ ਬੇਦੀ ਅਤੇ ਸਕੱਤਰ ਪ੍ਰੋ ਗੁਰਬੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਯੋਗ ਅਤੇ ਚਾਹਵਾਨ ਖਿਡਾਰੀ ਨਿਰਧਾਰਤ ਤਾਰੀਖ, ਸਮੇਂ ਅਤੇ ਸਥਾਨ 'ਤੇ ਸਮੇਂ ਸਿਰ ਪਹੁੰਚ ਕੇ ਚੋਣ ਟਰਾਇਲਾਂ ਵਿੱਚ ਭਾਗ ਲੈਣ।ਉਨ੍ਹਾਂ ਨੇ ਜ਼ਿਲ੍ਹੇ ਦੇ ਵਾਲੀਬਾਲ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਟਰਾਇਲਾਂ ਵਿੱਚ ਸ਼ਾਮਲ ਹੋ ਕੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ।ਇਸ ਮੌਕੇ ਬਲਵਿੰਦਰ ਸਿੰਘ, ਲਵਪ੍ਰੀਤ ਸਿੰਘ, ਗੁਰਬੀਰ ਸਿੰਘ ਗੋਰਾ, ਮਨਜੀਤ ਸਿੰਘ ਬਾਵਾ ਆਦਿ ਹਾਜ਼ਰ ਸਨ।

# ਸਲਾਨਾ ਜੋੜ ਮੇਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਅਹਿਮ ਮੀਟਿੰਗ



ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲੀ)- ਤੀਜੇ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਸਾਲਾਨਾ ਜੋੜ ਮੇਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਵੱਲੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਗੁਰਦੁਆਰਾ ਬਾਉਲੀ ਦੇ ਮੈਨੇਜਰ ਨਿਰਮਲ ਸਿੰਘ ਕਾਹਲਵਾਂ ਵੱਲੋਂ ਇਲਾਕੇ ਦੀਆਂ ਧਾਰਮਿਕ ਸਭਾ ਸੁਸਾਇਟੀਆਂ, ਸੇਵਾ ਜਥੇਬੰਦੀਆਂ, ਲੰਗਰ ਕਮੇਟੀਆਂ ਅਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ,ਸਰਕਲ ਪ੍ਰਧਾਨ ਕੁਲਦੀਪ ਸਿੰਘ ਲਹੌਰੀਆ ਨੇ ਕਿਹਾ ਕਿ ਗੁਰੂ ਅਮਰਦਾਸ ਜੀ ਦਾ ਜੋੜ ਮੇਲਾ ਸਿੱਖ ਕੌਮ ਦਾ ਵੱਡਾ ਧਾਰਮਿਕ ਸਮਾਗਮ ਹੈ ਜਿਸ ਵਿੱਚ ਲੱਖਾਂ ਸੰਗਤਾਂ ਗੁ: ਬਾਉਲੀ ਸਾਹਿਬ ਪਹੁੰਚਦੀਆਂ ਹਨ, ਇਸ ਲਈ ਸੰਗਤਾਂ ਦੇ ਰਹਿਣ, ਲੰਗਰ, ਪਾਰਕਿੰਗ, ਸਫਾਈ ਅਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਨੂੰ ਲੈ ਕੇ ਵਿਚਾਰਾਂ ਹੋਈਆਂ। ਮੈਨੇਜਰ ਨਿਰਮਲ ਸਿੰਘ ਕਾਹਲਵਾਂ,ਮੀਤ ਮੈਨੇਜਰ ਸਰਬਜੀਤ ਸਿੰਘ ਮੁੰਡਾ ਪਿੰਡ,ਮੀਤ ਮੈਨੇਜਰ ਗੁਰਪ੍ਰੀਤ ਸਿੰਘ ਨੇ ਭਰੋਸਾ ਦਿੱਤਾ ਕਿ ਸਾਰੇ ਸੁਝਾਵਾਂ 'ਤੇ ਵਿਚਾਰ ਕਰਕੇ ਪ੍ਰਬੰਧ ਕੀਤੇ ਜਾਣਗੇ ਤੇ ਵਧੀਆ ਢੰਗ ਨਾਲ ਜੋੜ ਮੇਲਾ ਮਨਾਇਆ ਜਾਵੇਗਾ। ਇਸ ਮੌਕੇ ਹੈਂਡ ਗ੍ਰੰਥੀ ਭਾਈ ਗੁਰਮੁੱਖ ਸਿੰਘ, ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਭ ਸਿੰਘ ਭਰੋਵਾਲ,ਰਸ਼ਪਾਲ ਸਿੰਘ ਰਣੀਵਲਾਹ, ਹਰਪ੍ਰੀਤ ਸਿੰਘ ਰਿਕਾਰਡ ਕੀਪਰ, ਜਸਬੀਰ ਸਿੰਘ,ਜੈਮਲ ਸਿੰਘ ਜਾਮਾਰਾਏ, ਰਣਜੀਤ ਸਿੰਘ ਲੱਕੀ,ਸੰਤੋਖ ਸਿੰਘ ਖਹਿਰਾ,ਹਰਭਜਨ ਸਿੰਘ ਸਰਾ,ਹਰਦਿਆਲ ਸਿੰਘ ਕੰਗ,ਸੁਖਵਿੰਦਰ ਸਿੰਘ ਸਹੋਤਾ, ਮਨਜੀਤ ਸਿੰਘ ਮੰਡ,ਸਤਨਾਮ ਸਿੰਘ ਲੰਗਰ ਇੰਚਾਰਜ ਤੋਂ ਇਲਾਵਾ ਵੱਖ-ਵੱਖ ਧਾਰਮਿਕ ਸੰਪਰਦਾਇ, ਸਭਾ ਸੁਸਾਇਟੀਆਂ ਦੇ ਨੁਮਾਇੰਦੇ ਸ਼ਾਮਲ ਸਨ।

# ਵੱਖ ਵੱਖ ਪਿੰਡਾਂ 'ਚ ਕਟਾਰੂਚੱਕ ਵੱਲੋਂ ਲੋਕ ਮਿਲਣੀਆਂ


ਪਠਾਨਕੋਟ (ਦਵਿੰਦਰ ਸਿੰਘ)+- ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਕੋਲੀਆਂ, ਫੱਤੋਚੱਕ, ਰਤੜਮਾਂ, ਫਤਿਹਪੁਰ ਅਤੇ ਛੋਟਾ ਤਲੂਰ ਦਾ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਦੌਰਾਨ ਲੋਕ ਮਿਲਣੀਆਂ ਪ੍ਰੋਗਰਾਮ ਤਹਿਤ ਉਨ੍ਹਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਦੁਆਰ 'ਤੇ ਪਹੁੰਚ ਕੇ ਨਿਰਧਾਰਤ ਸਮੇਂ ਅੰਦਰ ਹੱਲ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਪਿੰਡ-ਪਿੰਡ ਲੋਕ ਮਿਲਣੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਹੜੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਸੰਭਵ ਨਹੀਂ ਹੁੰਦਾ, ਉਨ੍ਹਾਂ ਸੰਬੰਧੀ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਅੰਦਰ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ।ਭੋਆ ਵਿੱਚ ਵਿਕਾਸ ਨੂੰ ਮਿਲੀ ਰਫ਼ਤਾਰ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਬਿਨਾਂ ਕਿਸੇ ਭੇਦਭਾਵ ਅਤੇ ਮਤਭੇਦ ਦੇ ਸੂਬੇ ਦੇ ਹਰ ਖੇਤਰ ਦਾ ਸਰਵਪੱਖੀ ਵਿਕਾਸ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਨਵੀਆਂ ਸੜਕਾਂ ਦੇ ਨਿਰਮਾਣ ਦੇ ਨਾਲ-ਨਾਲ ਜਿਨ੍ਹਾਂ ਸੜਕਾਂ ਦੀ ਮੁਰੰਮਤ ਦੀ ਲੋੜ ਹੈ, ਉਨ੍ਹਾਂ ਦੇ ਕੰਮ ਵੀ ਸ਼ੁਰੂ ਕਰਵਾਏ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਪਿੰਡਾਂ ਵਿੱਚ ਖੇਡ ਸਟੇਡੀਅਮ ਅਤੇ ਨੇਚਰ ਪਾਰਕ, ਸਿਹਤ ਸਹੂਲਤਾਂ ਲਈ ਆਮ ਆਦਮੀ ਕਲੀਨਿਕ, ਮੁਫ਼ਤ ਬਿਜਲੀ ਯੂਨਿਟ ਅਤੇ ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਸਮੇਤ ਕਈ ਮਹੱਤਵਪੂਰਨ ਵਿਕਾਸ ਕਾਰਜ ਕੀਤੇ ਗਏ ਹਨ। ਇਸ ਮੌਕੇ ਸਰਪੰਚ ਕੋਲੀਆਂ ਰਾਜ ਕੁਮਾਰ, ਚੰਦਾ ਦੇਵੀ ਬਲਾਕ ਪ੍ਰਧਾਨ, ਗੀਤਾ ਦੇਵੀ, ਵਿਸ਼ਾਲ ਬਲਾਕ ਸਮਿਤੀ ਮੈਂਬਰ, ਨਰੇਸ਼ ਉਦੀਪੁਰ ਐਮਾ, ਸਰਪੰਚ ਫੱਤੋਚੱਕ ਨਰੇਸ਼ ਕੁਮਾਰ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਸਾਬਕਾ ਸਰਪੰਚ ਬਮਿਆਲ ਸੁਰਿੰਦਰ ਮਹਾਜਨ, ਸਰਪੰਚ ਰਤੜਮਾਂ ਮਹਿੰਦਰ ਸਿੰਘ, ਮੁਨੀਸ਼ ਕੁਮਾਰ ਫਤਿਹਪੁਰ, ਸਰਪੰਚ ਛੋਟਾ ਤਲੂਰ ਪਰਸ਼ੋਤਮ ਲਾਲ, ਸਰਪੰਚ ਫਤਿਹਪੁਰ ਭਜਨ ਸਿੰਘ, ਐਨੀ ਨਕੀਆਂ ਅਤੇ ਚੇਅਰਮੈਨ ਧਰਮਪਾਲ ਸਮੇਤ ਹੋਰ ਪਤਵੰਤੇ ਅਤੇ ਪਿੰਡ ਵਾਸੀ ਹਾਜ਼ਰ ਸਨ।

# ਮਾਨ ਸਰਕਾਰ ਕੀਤੇ ਵਾਅਦੇ ਮੁਤਾਬਕ ਖੰਡ ਮਿੱਲ ਚਾਲੂ ਕਰੇ : ਐੱਸ ਕੇ ਐੱਮ



ਤਰਨ ਤਾਰਨ- ਸ਼ੇਰੋਂ ਖੰਡ ਮਿੱਲ ਮੋਰਚੇ ਦੇ 111 ਵੇਂ ਦਿਨ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪੰਜਾਬ ਸਰਕਾਰ ਖਿਲਾਫ਼ ਜੋਰਦਾਰ ਨਾਅਰੇਬਾਜ਼ੀ ਕੀਤੀ ।ਇਸ ਮੌਕੇ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਰਤਨ ਸਿੰਘ ਢੰਡ , ਤਰਸੇਮ ਸਿੰਘ ਲੁਹਾਰ , ਮਨਜੀਤ ਸਿੰਘ ਬੱਗੂ , ਰਾਜਗੋਬਿੰਦ ਸਿੰਘ ਜਮਾਲਪੁਰ , ਜਸਬੀਰ ਸਿੰਘ ਨਿੱਝਰ ਆਦਿ ਨੇ ਕਿਹਾ ਕਿ ਸ਼ੇਰੋਂ ਖੰਡ ਮਿੱਲ ਮੁੜ ਚਾਲੂ ਕਰਨ ਦੇ ਮਾਮਲੇ 'ਤੇ ਕੀਤੇ ਵਾਅਦੇ ਤੋਂ ਮਾਨ ਸਰਕਾਰ ਮੁੱਕਰ ਗਈ ਹੈ । ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕਹਿਣੀ ਅਤੇ ਕਥਨੀ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ ਕਿਉਂਕਿ ਆਪ ਸਰਕਾਰ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਬਸੰਤੀ ਪੱਗ ਬੰਨ ਕੇ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾ ਰਹੀ ਹੈ । ਇਸ ਮੌਕੇ ਕਿਸਾਨ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ , ਜੱਸਾ ਸਿੰਘ ਕੱਦਗਿੱਲ , ਗੁਰਚਰਨ ਸਿੰਘ ਸਭਰਾ , ਸਰਬਜੀਤ ਸਿੰਘ , ਬਲਵਿੰਦਰ ਸਿੰਘ ਮੁੰਡਾਪਿੰਡ , ਕਾਰਜ ਸਿੰਘ ਕੈਰੋਂ , ਅੰਮ੍ਰਿਤਪਾਲ ਸਿੰਘ ਬਾਕੀਪੁਰ , ਅਗਰੇਜ ਸਿੰਘ , ਅਮਰਜੀਤ ਸਿੰਘ ਚੱਕ ਮਹਿਰ, ਸੂਬੇਦਾਰ ਜਸਪਾਲ ਸਿੰਘ, ਬਲਕਾਰ ਸਿੰਘ ਕੋਟ, ਹਰਭਜਨ ਸਿੰਘ ਚੂਸਲੇਵੜ੍ਹ , ਪਿੰਸੀਪਲ ਦਲਬੀਰ ਸਿੰਘ ਦਿਉਲ, ਮੰਗਲ ਸਿੰਘ ਮੁਗਲ ਚੱਕ , ਬਾਬਾ ਮਹਿੰਦਰ ਸਿੰਘ ਵੈਂਈਪੂਈ , ਗੁਰਮੇਜ ਸਿੰਘ ਗੋਰਖਾ , ਅਜਮੇਰ ਸਿੰਘ ਕੱਲਾ ਆਦਿ ਨੇ ਮਾਨ ਸਰਕਾਰ ਕੋਲੋਂ ਮੰਗ ਕੀਤੀ ਕਿ ਸ਼ੇਰੋਂ ਖੰਡ ਮਿੱਲ ਤੁਰੰਤ ਚਾਲੂ ਕੀਤੀ ਜਾਵੇ ।

# ਜ਼ਖੇਰੀਬਾਜ਼ੀ ਰੋਕਣ 'ਚ ਕੇਂਦਰ ਤੇ ਸੂਬਾ ਸਰਕਾਰਾਂ ਫੇਲ੍ਹ : ਰੰਧਾਵਾ, ਕਰਮਪੁਰਾ



ਛੇਹਰਟਾ (ਮਨੋਜ ਕੁਮਾਰ) : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਸ਼ਹਿਰੀ ਕਮੇਟੀ ਜ਼ਿਲ੍ਹਾ ਅੰਮ੍ਰਿਤਸਰ ਦੀ ਵਧਾਈ ਹੋਈ ਮੀਟਿੰਗ ਪਾਰਟੀ ਦਫ਼ਤਰ, 28 ਅਲਬਰਟ ਰੋਡ ਵਿਚ ਕਾਮਰੇਡ ਸੁਖਦੇਵ ਰਾਜ ਕਾਲੀਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਆਰੰਭ ਵਿਚ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ ਦੀ ਬੱਸ ਦੀ ਲਪੇਟ ਵਿਚ ਆ ਜਾਣ ਕਰਕੇ ਹੋਈ ਅਚਾਨਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਤੇ ਸੂਬਾਈ ਪ੍ਰਧਾਨ ਸਾਥੀ ਰਤਨ ਸਿੰਘ ਰੰਧਾਵਾ ਨੇ ਕਿਹਾ ਕਿ ਭਾਜਪਾ ਦੀ ਕੇਂਦਰ 'ਚ ਸਰਕਾਰ ਤੇ ਪੰਜਾਬ ਵਿਚ ਮਾਨ ਸਰਕਾਰ ਦੇ ਨਾਕਸ ਪ੍ਰਬੰਧਾਂ ਕਰਕੇ ਮਹਿੰਗਾਈ ਲਗਾਤਾਰ ਵੱਧਦੀ ਜਾ ਰਹੀ ਹੈ ਅਤੇ ਧਨਾਢਾਂ ਦੇ ਸਰਮਾਏ 'ਚ ਅਥਾਹ ਵਾਧਾ ਹੋ ਗਿਆ ਹੈ। ਧਨਾਢਾਂ ਵੱਲੋਂ ਵੱਡੀ ਪੱਧਰ 'ਤੇ ਮਹਿੰਗੇ ਭਾਅ 'ਤੇ ਵੇਚੀਆਂ ਜਾ ਰਹੀਆਂ ਵਸਤੂਆਂ ਦੀ ਜ਼ਖੇਰੀਬਾਜ਼ੀ ਰੋਕਣ 'ਚ ਦੋਵੇਂ ਸਰਕਾਰਾਂ ਫੇਲ੍ਹ ਹਨ। ਵਧ ਰਹੇ ਗੈਂਗਸਟਰਵਾਦ, ਨਸ਼ੇ ਤੇ ਮਨੁੱਖਤਾ ਵਿਰੋਧੀ ਘਟਨਾਵਾਂ ਨੂੰ ਰੋਕਣ ਲਈ ਸਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਕਾਮਰੇਡ ਜਗਤਾਰ ਸਿੰਘ ਕਰਮਪੁਰਾ ਨੇ ਦੱਸਿਆ ਕਿ ਦਾਣਾ ਮੰਡੀ ਰਈਆ ਵਿਚ 10 ਸਤੰਬਰ ਨੂੰ ਸਾਥੀ ਗੁਰਨਾਮ ਸਿੰਘ ਦਾਊਦ ਦਾ ਸ਼ਰਧਾਂਜਲੀ ਸਮਾਗਮ ਹੋਵੇਗਾ। ਇਸੇ ਤਰ੍ਹਾਂ 20 ਸਤੰਬਰ ਨੂੰ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਿਚ ਦੋ ਕਿਸਾਨ ਜਥੇਬੰਦੀਆਂ ਦੇ ਹੋ ਰਹੇ ਰਲੇਵੇਂ ਮੌਕੇ ਆਰ.ਐੱਮ.ਪੀ.ਆਈ. ਤੇ ਸੀ.ਪੀ.ਆਈ (ਐੱਮ.ਐੱਲ) ਲਿਬਰੇਸ਼ਨ ਵੱਲੋਂ ਰੈਲੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੀ.ਟੀ.ਯੂ. ਪੰਜਾਬ ਵੱਲੋਂ ਸਨਅਤੀ ਮਜ਼ਦੂਰਾਂ ਦੇ ਭਖਦਿਆਂ ਮਸਲਿਆਂ ਜਿਵੇਂ 8 ਘੰਟੇ ਦੀ ਥਾਂ 'ਤੇ ਡਿਊਟੀ ਦਾ ਸਮਾਂ 12 ਘੰਟੇ ਕਰਨਾ, ਸੁਰੱਖਿਆ ਐਕਟ ਵਿਚ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਛੋਟਾਂ ਦੇਣਾ, ਪ੍ਰਾਵੀਡੈਂਟ ਫੰਡ ਤੇ ਈ.ਐੱਸ.ਆਈ. ਸਕੀਮ ਵਿਚ ਮਾਲਕਾਂ ਦਾ ਹਿੱਸਾ ਘਟਾਉਣਾ, ਪੰਜਾਬ ਸਰਕਾਰ ਵੱਲੋਂ ਘੱਟੋ-ਘੱਟ ਤਨਖਾਹ ਰਿਵਾਈਜ਼ ਨਾ ਕਰਨਾ ਅਤੇ ਮਜ਼ਦੂਰਾਂ ਨੂੰ ਹੜਤਾਲ ਦੇ ਹੱਕ ਤੋਂ ਵਾਂਝਿਆਂ ਕਰਨ ਦੇ ਯਤਨਾਂ ਵਿਰੁੱਧ ਘੋਲ ਨੂੰ ਹੋਰ ਤਿੱਖਾ ਕਰਨ ਲਈ 15 ਅਕਤੂਬਰ ਨੂੰ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਿਚ ਕਨਵੈਨਸ਼ਨ ਕੀਤੀ ਜਾਵੇਗੀ। ਮੀਟਿੰਗ ਨੂੰ ਮੰਗਲ ਸਿੰਘ ਟਾਂਡਾ, ਕਰਤਾਰ ਸਿੰਘ ਐੱਮ.ਏ. ਤੇ ਗੁਰਪ੍ਰੀਤ ਸਿੰਘ ਸੋਨੂੰ ਨੇ ਵੀ ਸੰਬੋਧਨ ਕੀਤਾ।

# ਰਣਜੋਤ ਸਿੰਘ ਨੇ ਜਿੱਤਿਆ ਕਾਂਸੇ ਦਾ ਤਗਮਾ



ਗੁਰਦਾਸਪੁਰ (ਜਨਕ ਮਹਾਜਨ)-ਪਿਛਲੇ ਦਿਨੀਂ ਤਖ਼ਤ ਸ੍ਰੀ ਦਮਦਮਾ ਸਾਹਿਬ ਬਠਿੰਡੇ ਵਿਖੇ 11ਵੀਂ ਪੰਜਾਬ ਸਟੇਟ ਗਤਕਾ ਚੈਂਪੀਅਨਸ਼ਿਪ ਕਰਵਾਈ ਗਈ ਜਿਸ ਵਿਚ ਅਕਾਲ ਅਕੈਡਮੀ ਰਸੂਲਪੁਰ ਬੇਟ ਗੁਰਦਾਸਪੁਰ ਦੇ ਵਿਦਿਆਰਥੀ ਰਣਜੋਤ ਸਿੰਘ ਨੇ ਤੀਸਰਾ ਸਥਾਨ ਹਾਸਲ ਕਰਕੇ ਕਾਂਸੇ ਦਾ ਤਗਮਾ ਜਿੱਤਿਆ। ਇਸ ਸੰਬੰਧੀ ਜ਼ਿਲ੍ਹਾ ਗੁਰਦਾਸਪੁਰ ਐਸੋਸੀਏਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਜੋਧਵੀਰ ਸਿੰਘ, ਗਤਕਾ ਕੋਚ ਪ੍ਰਦੀਪ ਸਿੰਘ ਸੇਵਕ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ 'ਚ ਜ਼ਿਲ੍ਹਾ ਗੁਰਦਾਸਪੁਰ ਵਲੋਂ ਖੇਡਦੇ ਹੋਏ ਅਕਾਲ ਅਕੈਡਮੀ ਰਸੂਲਪੁਰ ਬੇਟ ਦਾ ਵਿਦਿਆਰਥੀ ਰਣਜੋਤ ਸਿੰਘ ਨੇ ਅੰਡਰ 19 ਸਿੰਗਲ ਸੋਟੀ ਮੁਕਾਬਲੇ ਵਿਚੋਂ 'ਚੋਂ ਪੰਜਾਬ ਭਰ ਵਿਚੋਂ ਤੀਜਾ ਸਥਾਨ ਹਾਸਲ ਕਰਕੇ ਕਾਂਸੇ ਦਾ ਤਗਮਾ ਹਾਸਲ ਕੀਤਾ। ਰਣਜੋਤ ਸਿੰਘ ਨੇ ਕਾਂਸੇ ਦਾ ਤਗਮਾ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਗਿਆ ਹੈ।


**REFORM ARC LIMITED**
(Formerly known as Reliance Asset Reconstruction Company Limited)
2nd floor ICC Chambers, Saki Vihar Road, Near MTNL Telephone Exchange, Powai Mumbai 400072 T +91 22 6895 9000

**ਸਕਿਉਰਡ ਐੱਸਟਸ ਦੀ ਈ-ਨਿਲਾਮੀ ਵਿਕਰੀ ਲਈ ਜਨਤਕ ਨੋਟਿਸ**

ਰਿਫੋਰਮ ਆਰਕ ਲਿਮਟਿਡ (ਪਹਿਲਾਂ ਰਿਲਾਇੰਸ ਐਸਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਵਜੋਂ ਜਾਣੀ ਜਾਂਦੀ) ਆਰ ਏ ਆਰ ਸੀ ਵਜੋਂ ਜਾਣੀ ਜਾਂਦੀ "ਆਰ ਏ ਆਰ ਸੀ (ਆਈ ਓ ਬੀ ਐਮ ਐਸ ਐਮ ਈ) 095 ਟਰੱਸਟ ਦੇ ਟਰੱਸਟ" ਦੀ ਹੈਸੀਅਤ ਵਜੋਂ ਕਾਰਜਸ਼ਲੀ ਇੰਡੀਅਨ ਓਵਰਸੀਜ਼ ਬੈਂਕ ਨਾਲ ਅਸਾਈਨਮੈਂਟ ਇਕਰਾਰਨਾਮਾ ਮਿਤੀ 26.12.2025 ਅਨੁਸਾਰ ਹੇਠਾਂ ਦਰਸਾਏ ਕਰਜ਼ਦਾਰਾਂ ਦੀ ਇਕ ਅਸਾਈਨੀ ਅਤੇ ਸਕਿਓਰਡ ਕ੍ਰੈਡਿਟਰ ਹੈ। ਨਿਮਨਹਸਤਾਖਰੀ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ(ਇਨਫੋਰਸਮੈਂਟ) ਰੂਲਜ਼ 2002 ਦੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਣਾ ਹੈ ਕਿ ਹੇਠਾਂ ਦਰਸਾਈ ਜਾਇਦਾਦਾਂ ਦੀ ਬਕਾਇਆ ਰਕਮ ਦੀ ਅਦਾਇਗੀ ਲਈ 'ਆਨਲਾਈਨ ਈ-ਨਿਲਾਮੀ' ਰਾਹੀਂ ਵਿਕਰੀ ਕੀਤੀ ਜਾਵੇਗੀ। ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ, "ਜਿਵੇਂ ਹੈ ਜੋ ਹੈ' ਅਤੇ 'ਨੋ ਰੀਕੋਰਸ" ਆਧਾਰ 'ਤੇ ਹੇਠਾਂ ਦਰਸਾਈਆਂ ਸ਼ਰਤਾਂ ਸਹਿਤ ਵਿਕਰੀ ਕੀਤੀਆਂ ਜਾਣਗੀਆਂ।

**ਕਰਜ਼ਦਾਰ/ਗਰੰਟਰਾਂ/ਰਹਿਣਕਾਰਾਂ ਦਾ ਨਾਂਅ**

1. ਮੈਸ. ਜੈ ਮਾਂ ਦੁਰਗਾ ਨਿਟਵੇਅਰ ਪ੍ਰਾਪਰਾਈਟਰ ਸ੍ਰੀ ਰਵੀ ਚਾਵਲਾ
ਪਤਾ : ਬੀ-ਵੀ 207 , ਵੇਟ ਗੰਜ, ਸਾਹਮਣੇ ਚਿੱਟੇ ਗੁਰਦੁਆਰਾ ਦੇ ਸਾਹਮਣੇ ਵਾਲੀ ਗਲੀ, ਲੁਧਿਆਣਾ-141008
2. ਸ੍ਰੀਮਤੀ ਸੀਮਾ ਚਾਵਲਾ ਪਤਨੀ ਰਵੀ ਚਾਵਲਾ
ਪਤਾ : ਮਕਾਨ ਨੰ. 6823/1, ਹਰਗੋਬਿੰਦ ਨਗਰ, ਗਲੀ ਨੰ. 1, ਲੁਧਿਆਣਾ, ਪੰਜਾਬ-141008

ਮਿਤੀ 01.09.2026 ਨੂੰ ਬਕਾਇਆ ਰਕਮ ਰੁਪਏ 1,79,12,192.04 (ਇੱਕ ਕਰੋੜ ਉਨਾਸੀ ਲੱਖ ਬਾਰਾਂ ਹਜ਼ਾਰ ਇੱਕ ਸੌ ਬਾਨਵੇਂ ਰੁਪਏ ਅਤੇ ਚਾਰ ਪੈਸੇ ਕੇਵਲ) ਕਰਜ਼ਾ ਖਾਤਾ ਨੰ. 00473300000031 ਅਤੇ 004703303000011 ਅਤੇ 004703510000005 ਸਮੇਤ ਵਸੂਲੀ ਦੀ ਮਿਤੀ ਤੱਕ ਇਸ 'ਤੇ ਭਵਿੱਖੀ ਵਿਆਜ।

ਜਾਇਦਾਦ ਆਰ ਏ ਆਰ ਸੀ ਕੋਲ ਭੌਤਿਕ ਕਬਜ਼ੇ ਅਧੀਨ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਵਪਾਰਕ ਜਾਇਦਾਦ ਦਾ ਉਚਿਤ ਗਿਰਵੀਨਾਮਾ, ਜੋ ਕਿ ਰਕਬਾ 51.50 ਵਰਗ ਗਜ਼, ਐੱਮ ਸੀ ਨੰ. ਬੀ ਵੀ 207, ਵੇਟ ਗੰਜ, ਲੁਧਿਆਣਾ ਸ੍ਰੀਮਤੀ ਸੀਮਾ ਚਾਵਲਾ ਪਤਨੀ ਸ੍ਰੀ ਰਵੀ ਕਾਂਤ ਚਾਵਲਾ ਦੇ ਨਾਂਅ, ਬੈਨਾਮਾ ਵਸੀਕਾ ਨੰ. 16441 ਮਿਤੀ 18.02.2014 ਅਨੁਸਾਰ।

ਰਾਖਵੀਂ ਕੀਮਤ : 40,00,000/- ਚਾਲੀ ਲੱਖ ਰੁਪਏ ਕੇਵਲ
ਈ ਐੱਮ ਡੀ ਰਕਮ : ਰੁਪਏ 4,00,000/- (ਚਾਰ ਲੱਖ ਰੁਪਏ ਕੇਵਲ)

ਨਿਲਾਮੀ ਦਾ ਵੇਰਵਾ : 29.09.2026 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ।
ਬੋਲੀ ਜਮ੍ਹਾਂ ਕਰਨ ਦੀ ਅੰਤਮ ਮਿਤੀ : 13.10.2026
ਈ-ਨਿਲਾਮੀ ਦੀ ਮਿਤੀ : 14.10.2026 ਨੂੰ ਦੁਪਹਿਰ 12.00 ਤੋਂ ਦੁਪਹਿਰ 1.00 ਵਜੇ ਦਰਮਿਆਨ (ਪੰਜ ਮਿੰਟ ਦੇ ਹਰੇਕ ਵਾਧੇ ਨਾਲ)

**ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ**

1. ਜਾਇਦਾਦ ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਵੇਚੀ ਜਾਵੇਗੀ ਅਤੇ ਵਿਕਰੀ ਆਰ ਏ ਆਰ ਸੀ ਸਕਿਉਰਡ ਕ੍ਰੈਡਿਟਰ ਦੀ ਪੁਸ਼ਟੀ ਅਧੀਨ ਹੈ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ', "ਜੋ ਹੈ ਜਿਵੇਂ ਹੈ" 'ਬਿਨਾਂ ਸਹਾਰੇ' ਦੇ ਅਧਾਰ 'ਤੇ ਹੋਵੇਗੀ।
2. ਈ-ਨਿਲਾਮੀ ਆਰ ਏ ਆਰ ਸੀ ਦੀ ਪ੍ਰਵਾਨਿਤ ਸਰਵਿਸ ਪ੍ਰੋਵਾਈਡਰ ਮੈਸ : ਆਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਵੈੱਬਸਾਈਟ https://www.Auctionbazaar.com ਰਾਹੀਂ ਕੀਤੀ ਜਾਵੇਗੀ। ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਬੋਲੀ ਫਾਰਮ ਅਤੇ ਟੈਂਡਰ ਦਸਤਾਵੇਜ਼ ਵੈੱਬਸਾਈਟ www.rarc.com ਅਤੇ https://www.Auctionbazaar.com 'ਤੇ ਉਪਲੱਬਧ ਹਨ, ਚਾਹਵਾਨ ਬੋਲੀਕਾਰ ਢੁਕਵੇਂ ਦਸਤਾਵੇਜ਼ ਡਾਊਨਲੋਡ ਕਰ ਸਕਦੇ ਹਨ।
3. ਚਾਹਵਾਨ ਬੋਲੀਕਾਰਾਂ ਕੋਲ ਜਾਇਜ਼ ਈ ਮੇਲ ਆਈ ਡੀ ਹੋਣੀ ਜ਼ਰੂਰ ਹੋਣੀ ਚਾਹੀਦੀ ਹੈ । ਪਾਰਟੀਸੀਪੇਸ਼ਨ ਆਈ ਡੀ ਅਤੇ ਪਾਸਵਰਡ ਈਮੇਲ ਰਾਹੀਂ ਕੇਵਲ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਰਾਹੀਂ ਭੇਜਿਆ ਜਾਵੇਗਾ।
4. ਚਾਹਵਾਨ ਬੋਲੀਕਾਰ ਨੂੰ ਈ ਐੱਮ ਡੀ ਜਮ੍ਹਾਂ ਅਤੇ ਖੁਦ ਤਸਦੀਕਸ਼ੁਦਾ ਕੇ ਵਾਈ ਸੀ ਦਸਤਾਵੇਜ਼ (ਪੈਨ ਕਾਰਡ, ਅਧਾਰ ਕਾਰਡ ਆਦਿ) ਆਪਣੇ ਨਿਰਧਾਰਤ ਬੋਲੀ ਫਾਰਮ ਸਮੇਤ ਈ ਐੱਮ ਡੀ ਜਮ੍ਹਾਂ ਦਾ ਸਬੂਤ ਅਧਿਕਾਰਤ ਅਫਸਰ ਰਿਫੋਰਮ ਆਰਕ ਲਿਮਟਿਡ (ਪਹਿਲਾਂ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ) ਦੂਜੀ ਮੰਜ਼ਲ ਆਈ ਸੀ ਆਈ ਸੀ ਚੈਂਬਰਜ਼, ਸਾਕੀ ਵਿਹਾਰ ਰੋਡ, ਨੇੜੇ ਐੱਮ ਟੀ ਐੱਨ ਐੱਲ ਟੈਲੀਫੋਨ ਐਕਸਚੇਂਜ ਪੋਵਈ ਮੁੰਬਈ-400072 ਕੋਲ ਜਮ੍ਹਾਂ ਕਰਵਾਉਣਾ ਅਤੇ himanshu.yadav.co.in and Narendra.r. shukha @ rarc. co.in 'ਤੇ ਈਮੇਲ ਕਰਨਾ ਹੋਵੇਗਾ। ਬੋਲੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 13.10.2026 ਹੈ। ਕਿਸੇ ਵੀ ਤਰ੍ਹਾਂ ਕਿਸੇ ਕਾਰਨ ਬੋਲੀ ਫਾਰਮ ਅਤੇ ਈ ਐੱਮ ਡੀ ਦੇਰੀ ਨਾਲ ਪ੍ਰਾਪਤ ਹੋਣ 'ਤੇ ਵਿਚਾਰ ਨਹੀਂ ਕੀਤੀ ਜਾਵੇਗੀ। ਈ ਐੱਮ ਡੀ ਤੋਂ ਬਿਨਾਂ ਬੋਲੀ ਸਰਸਰੀ ਤੌਰ 'ਤੇ ਰੱਦ ਕਰ ਦਿੱਤੀ ਜਾਵੇਗੀ।
5. ਬੋਲੀਕਾਰ ਦੇ ਨੈੱਟਵਰਕ 'ਚ ਖਰਾਬੀ ਕਾਰਨ ਕਿਸੇ ਦੇਰੀ/ਨਾਕਾਮੀ ਲਈ ਨਾ ਤਾਂ ਆਰ ਏ ਆਰ ਸੀ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਜ਼ਿੰਮੇਵਾਰ ਹੋਵੇਗਾ। ਅਜਿਹੀਆਂ ਘਟਨਾਵਾਂ ਵਾਸਤੇ ਬੋਲੀਕਾਰਾਂ ਨੂੰ ਬਦਲਵੇਂ ਵਾਸਤੇ ਲੋੜੀਂਦੇ ਪ੍ਰਬੰਧ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ।
6. ਬੋਲੀਕਾਰ ਨੂੰ ਇਨਸਾਲਵੈਂਸੀ ਐਂਡ ਬੈਂਕਰਪਟਸੀ ਕੋਡ 2016 ਦੇ ਸੈਕਸ਼ਨ 29 ਦੇ ਤਹਿਤ ਲਾਜ਼ਮੀ ਤੌਰ 'ਤੇ ਬਚਨ ਦੇਣਾ ਪਵੇਗਾ।
7. ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) ਆਰ ਟੀ ਜੀ ਐੱਸ/ਐੱਨ ਈ ਐੱਫ ਟੀ ਫੰਡ ਟਰਾਂਸਫਰ ਰਾਹੀਂ ਚਾਲੂ ਖਾਤਾ ਨੰ. 040211010000004, ਬੈਂਕ ਦਾ ਨਾਂਅ ਯੂਨੀਅਨ ਬੈਂਕ ਆਫ ਇੰਡੀਆ, ਬ੍ਰਾਂਚ ਮੁੰਬਈ, ਲਾਭਕਾਰੀ ਦਾ ਨਾਂਅ : "ਰਿਫੋਰਮ ਆਰਕ ਲਿਮਟਿਡ" ਆਈ ਐੱਫ ਐੱਸ ਸੀ ਕੋਡ ਯੂ ਬੀ ਆਈ ਐੱਨ 0590070 'ਚ ਜਮ੍ਹਾਂ ਕਰਵਾਉਣੀ ਪਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਈ ਐੱਮ ਡੀ ਵਾਸਤੇ ਚੈੱਕ/ਡਿਮਾਂਡ ਡਰਾਫਟ ਸਵੀਕਾਰ ਨਹੀਂ ਕੀਤੇ ਜਾਣਗੇ।
8. ਵਿਕਰੀ ਦੀ ਬਕਾਇਆ ਰਕਮ ਚਾਲੂ ਖਾਤਾ ਨੰ. 024702000003532, ਬੈਂਕ ਦਾ ਨਾਂਅ : ਇੰਡੀਅਨ ਓਵਰਸੀਜ਼ ਬੈਂਕ, ਬਰਾਂਚ : ਸ਼ਾਂਤਾ ਕਰੂਜ਼ (ਪੱਛਮੀ) ਲਾਭਪਾਤਰੀ ਦਾ ਨਾਂਅ : ਆਰ ਏ ਆਰ ਸੀ (ਆਈ ਓ ਬੀ ਐੱਮ ਐੱਸ ਐੱਮ ਈ 095) ਟਰੱਸਟ, ਆਈ ਐੱਫ ਐੱਸ ਸੀ ਕੋਡ, ਆਈ ਓ ਬੀ ਏ 0000247 ਆਰ ਟੀ ਜੀ ਐੱਸ/ਐੱਨ ਈ ਐੱਫ ਟੀ ਰਾਹੀਂ ਜਮ੍ਹਾਂ ਕਰਵਾਈ ਜਾਵੇਗੀ।
9. ਰਾਖਵੀਂ ਕੀਮਤ ਤੋਂ ਹੇਠਾਂ ਅਤੇ/ਜਾਂ ਈ ਐੱਮ ਡੀ ਤੋਂ ਬਿਨਾਂ ਬੋਲੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਬੋਲੀਕਾਰ ਰੁਪਏ 50,000/- (ਪੰਜਾਹ ਹਜ਼ਾਰ ਰੁਪਏ ਕੇਵਲ) ਦੇ ਗੁਣਾਂਕ 'ਚ ਬੋਲੀ ਰਕਮ 'ਚ ਸੋਧ ਕਰ ਸਕਦੇ ਹਨ। ਇਕੱਲੇ ਹੀ ਬੋਲੀਕਾਰ ਹੋਣ ਦੇ ਮਾਮਲੇ 'ਚ ਬੋਲੀਕਾਰ ਨੂੰ ਘੱਟੋ-ਘੱਟ ਇੱਕ ਵਾਰ ਬੋਲੀ 'ਚ ਸੋਧ ਕਰਵਾਉਣੀ ਜ਼ਰੂਰੀ ਹੋਵੇਗੀ।
10. ਸਫਲ ਬੋਲੀਕਾਰ ਨੂੰ ਬੋਲੀ ਰਕਮ /ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸ਼ਾਮਲ) ਦਾ 25 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣਾ ਪਵੇਗਾ। ਸਫਲ ਬੋਲੀਕਾਰ ਨੂੰ ਬੋਲੀ ਰਕਮ/ਵਿਕਰੀ ਕੀਮਤ ਦਾ ਬਾਕੀ 75 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਪਵੇਗਾ।
11. ਜੇਕਰ ਸਫਲ ਬੋਲੀਕਾਰ ਨਿਰਧਾਰਤ ਸਮੇਂ 'ਤੇ ਅਦਾਇਗੀ ਕਰਨ 'ਚ ਅਸਫਲ ਰਹਿੰਦਾ ਹੈ, ਤਾਂ ਉਸ ਦੀ ਪਹਿਲਾਂ ਹੀ ਜਮ੍ਹਾਂ ਰਕਮ ਸਮੇਤ ਈ ਐੱਮ ਡੀ ਬਿਨਾਂ ਕਿਸੇ ਨੋਟਿਸ ਦੇ ਜਬਤ ਕਰ ਲਈ ਜਾਵੇਗੀ। ਫਿਰ ਵੀ ਅਧਿਕਾਰਤ ਅਫਸਰ ਦੀ ਮਰਜ਼ੀ ਨਾਲ ਵਿਕਰੀ ਸੰਬੰਧੀ ਹੋਰ ਸਮਾਂ ਦਿੱਤਾ ਜਾ ਸਕਦਾ ਹੈ।
12. ਅਸਫਲ ਬੋਲੀਕਾਰਾਂ ਦੀ ਈ ਐੱਮ ਡੀ ਰਕਮ ਬਿਨਾਂ ਵਿਆਜ ਦੇ, ਈ ਨਿਲਾਮੀ ਵਿਕਰੀ ਅਮਲ ਬੰਦ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
13. ਅਧਿਕਾਰਤ ਅਫਸਰ ਵੱਲੋਂ ਦਿੱਤੇ ਗਏ ਵੇਰਵੇ ਉਸ ਦੀ ਜਾਣਕਾਰੀ, ਵਿਸ਼ਵਾਸ ਦੇ ਅਨੁਸਾਰ ਹਨ। ਫਿਰ ਵੀ ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨੀ ਜਾਂ ਗਲਤੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ।
14. ਨਿਮਨਹਸਤਾਖਰੀ ਅਧਿਕਾਰਤ ਅਫਸਰ ਨੂੰ ਕਿਸੇ ਬੋਲੀ ਨੂੰ ਬਿਨਾਂ ਅਗਾਊਂ ਨੋਟਿਸ ਜਾਂ ਬਿਨਾਂ ਕੋਈ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਜਾਂ ਰੋਕਣ/ਮੁਲਤਵੀ ਕਰਨ/ਵਿਕਰੀ ਰੱਦ ਕਰਨ ਜਾਂ ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ 'ਚ ਸੋਧ ਕਰਨ ਲਈ ਮੁਕੰਮਲ ਅਧਿਕਾਰ ਅਤੇ ਹੱਕ ਪ੍ਰਾਪਤ ਹੈ।
15. ਬੋਲੀਕਾਰਾਂ ਨੂੰ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਪਹਿਲਾਂ ਜਾਇਦਾਦ 'ਤੇ ਚਾਰਜਿਜ਼/ਭਾਰ ਸੰਬੰਧੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ ਅਤੇ ਜਾਇਦਾਦ ਦੇ ਟਾਈਟਲ ਅਤੇ ਲਾਇਬਿਲਟੀ ਸੰਬੰਧੀ ਸੰਤੁਸ਼ਟ ਕਰ ਲੈਣਾ ਚਾਹੀਦਾ ਹੈ। ਇਸ ਤੋਂ ਬਾਅਦ ਕੋਈ ਦਾਅਵਾ ਵਿਚਾਰਿਆ ਨਹੀਂ ਜਾਵੇਗਾ।
16. ਜਾਇਦਾਦ ਦੀ ਵਿਕਰੀ ਨਾਲ ਸੰਬੰਧਤ ਸਾਰੇ ਵਿਧਾਨਕ ਬਕਾਏ, ਟੈਕਸ, ਚਾਰਜਿਜ਼, ਸਟੈਂਪ ਡਿਊਟੀ, ਰਜਿਸਟਰੇਸ਼ਨ ਚਾਰਜ, ਟਰਾਂਸਫਰ ਚਾਰਜ ਅਤੇ ਹੋਰ ਕੋਈ ਅਚਨਚੇਤੀ ਖਰਚ ਸਿਰਫ ਸਫਲ ਖਰੀਦਦਾਰ ਨੂੰ ਹੀ ਸਹਿਣ ਕਰਨੇ ਹੋਣਗੇ।
17. ਹੋਰ ਵੇਰਵਿਆਂ ਲਈ ਸ੍ਰੀ ਹਿਮਾਂਸ਼ੂ ਯਾਦਵ, ਅਧਿਕਾਰਤ ਅਫਸਰ-ਲੀਗਲ, ਮੋਬਾਇਲ ਨੰ. 98920 49543 ਅਤੇ ਨਰਿੰਦਰ ਸ਼ੁਕਲਾ, ਏ ਵੀ ਪੀ-ਰੈਜ਼ੋਲੂਸ਼ਨ, ਮੋਬਾਇਲ ਨੰਬਰ 93213-39065 'ਤੇ ਸੰਪਰਕ ਕੀਤਾ ਜਾਵੇ।
18. ਵਿਕਰੀ ਸਰਟੀਫਿਕੇਟ ਸਫਲ ਬੋਲੀਕਾਰ ਦੇ ਨਾਂਅ 'ਤੇ ਜਾਰੀ ਕੀਤਾ ਜਾਵੇਗਾ। ਵਾਧੇ ਹਟਾਉਣ, ਤਬਦੀਲੀ ਜਾਂ ਨਾਂਅ ਦੀ ਬਦਲੀ ਕਿਸੇ ਵੀ ਸੂਰਤ ਵਿੱਚ ਵਿਚਾਰੀ ਨਹੀਂ ਜਾਵੇਗੀ। ਵਿਕਰੀ ਸਰਟੀਫਿਕੇਟ ਸਕਿਉਰਡ ਕ੍ਰੈਡੀਟਰ ਵਲੋਂ ਵਿਕਰੀ ਦੀ ਪੂਰੀ ਅਦਾਇਗੀ ਦੀ ਪੁਸ਼ਟੀ ਦੀ ਤਸਦੀਕ 'ਤੇ ਜਾਰੀ ਕੀਤਾ ਜਾਵੇਗਾ।

ਇਹ ਨੋਟਿਸ ਕਰਜ਼ਦਾਰ/ਗਰੰਟਰਾਂ/ਰਹਿਣਕਾਰ ਲਈ ਸਰਫੇਸੀ ਐਕਟ ਅਤੇ ਇਸ ਅਧੀਨ ਬਣੇ ਨਿਯਮਾਂ ਤਹਿਤ 30 ਦਿਨਾਂ ਦਾ ਵਿਧਾਨਕ ਨੋਟਿਸ ਵੀ ਹੈ।

ਸਥਾਨ : ਲੁਧਿਆਣਾ
ਮਿਤੀ : 09.09.2026

ਅਧਿਕਾਰਤ ਅਫਸਰ
ਰਿਫੋਰਮ ਆਰਕ ਲਿਮਟਿਡ
(ਪਹਿਲਾਂ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਵਜੋਂ ਜਾਣੀ ਜਾਂਦੀ)।

## ਜਨਮ ਦਿਨ ਮੁਬਾਰਕ



ਅਰਾਧਿਆ ਚੋਪੜਾ
ਯੂ.ਐਸ.ਏ



ਰਿਤਿਕਾ ਸੋਨੀ
ਨਵਾਂ ਸ਼ਹਿਰ



ਰਿਤਿਕਾ ਸੋਨੀ
ਨਵਾਂ ਸ਼ਹਿਰ

## ਵਰ੍ਹੇਗੰਢ ਮੁਬਾਰਕ



ਗੁਰਸੇਵਕ ਸਿੰਘ ਅਤੇ ਪ੍ਰਵੀਨ ਵਾਸੀ ਬਰਨਾਲਾ ਨੇ ਆਪਣੇ ਵਿਆਹ ਦੀ 13ਵੀਂ ਵਰ੍ਹੇਗੰਢ ਮਨਾਈ।

# ਸੁਖਦੇਵ ਸਿਰਸਾ ਦੀ ਮੁਹਿੰਮ ਨੂੰ ਚੰਡੀਗੜ੍ਹ 'ਚ ਜ਼ੋਰਦਾਰ ਹੁਲਾਰਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)** ਇੱਥੇ ਪੰਜਾਬ ਯੂਨੀਵਸਟੀ ਦੀ ਸੈਨਿਟ ਲਈ ਗਰੈਜੂਏਟ ਹਲਕੇ 'ਚੋਂ ਡਾਕਟਰ ਸੁਖਦੇਵ ਸਿੰਘ ਸਿਰਸਾ ਦੀ ਮੁਹਿੰਮ ਦਾ ਲੇਖਾ-ਜੋਖਾ ਕਰਨ ਅਤੇ ਇਸ ਨੂੰ ਹੋਰ ਤੇਜ਼ ਕਰਨ ਲਈ ਵਡੀ ਮੀਟਿੰਗ ਪੀਪਲਜ਼ ਕਨਵੈਂਸ਼ਨ ਸੈਂਟਰ 36ਬੀ ਵਿੱਚ ਡਾਕਟਰ ਸਵਰਾਜਬੀਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 50 ਤੋਂ ਵੱਧ ਸਮਾਜਿਕ ਕਾਰਕੁਨਾਂ, ਵਿਦਵਾਨਾਂ, ਵਕੀਲਾਂ, ਇਸਤਰੀ ਕਾਰਕੁਨਾਂ ਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ।ਮੀਟਿੰਗ ਨੇ ਆਉਂਦੇ ਦਿਨਾਂ 'ਚ ਸੁਖਦੇਵ ਸੈਨੇਟ ਮੁਹਿੰਮ ਨੂੰ ਸਿਖਰ 'ਤੇ ਪਹੁੰਚਾਉਣ ਲਈ ਵਿਚਾਰ-ਚਰਚਾ ਕੀਤੀ ਤੇ ਫੈਸਲੇ ਲਏ।ਆਰੰਭ 'ਚ ਡਾਕਟਰ ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਪੰਜਾਬ 'ਚ ਚੱਲ ਰਹੀ ਭਰਪੂਰ ਅਤੇ ਉਤਸ਼ਾਹਜਨਕ ਮੁਹਿੰਮ ਦੀ ਰਿਪੋਰਟਿੰਗ ਕੀਤੀ।ਉਹਨਾਂ ਕਿਹਾ ਕਿ ਪੋਸਟਰ, ਕਾਰਡ ਅਤੇ ਲੋੜੀਂਦੀ ਵੋਟਰ ਲਿਸਟ ਮੁਤਾਬਕ ਚੰਡੀਗੜ੍ਹ ਤੇ ਮੋਹਾਲੀ ਵਿੱਚ ਮੋਹਾਲੀ ਵਿੱਚ ਫੈਲ ਜਾਈਏ।ਡਾਕਟਰ ਸਵਰਾਜਬੀਰ ਨੇ ਆਖਿਆ ਕਿ ਹਰ ਸਾਥੀ ਹਰ ਰੋਜ਼ ਘੱਟੋ ਘੱਟ ਦੋ ਤਿੰਨ ਘੰਟੇ ਕੱਢ ਕੇ ਵੋਟਰ ਮੈਂਬਰਾਂ ਕੋਲ ਪਹੁੰਚ ਕਰੇ।ਮੁਹਿੰਮ ਦੀਆਂ ਖਬਰਾਂ ਅਖਬਾਰਾਂ ਤੇ ਸੋਸ਼ਲ ਮੀਡੀਆ 'ਤੇ ਜ਼ਰੂਰ ਪਾਈਆਂ ਜਾਣ।ਡਾਕਟਰ ਆਮੀਰ ਸੁਲਤਾਨਾ ਨੇ ਵੋਟਰ ਮੈਂਬਰਾਂ ਦੀ ਇੰਟਰਨੈੱਟ 'ਤੇ ਖੋਜ ਕਰਨ ਦਾ ਤਰੀਕਾ ਪ੍ਰਦਰਸ਼ਨ ਰਾਹੀਂ ਸਮਝਾਇਆ।ਕਾਮਰੇਡ ਦਿਲਦਾਰ ਨੇ ਕਿਹਾ ਕਿ ਵੱਧ ਤੋਂ ਵੱਧ ਵੋਟਰਾਂ ਨੂੰ ਘਰੋਂ ਲਿਜਾਣ ਖਾਸ ਕਰਕੇ ਬਜ਼ੁਰਗਾਂ ਨੂੰ ਪੋਲਿੰਗ ਬੂਥਾਂ 'ਤੇ ਪਹੁੰਚਾਉਣ ਵਾਸਤੇ ਕੇਂਦਰਿਤ ਕਰਨਾ ਹੈ। ਭੁਪਿੰਦਰ ਮਲਿਕ ਜਨਰਲ ਸਕੱਤਰ ਪੰਜਾਬੀ ਲੇਖਕ ਸਭਾ (ਰਜਿ:) ਚੰਡੀਗੜ੍ਹ, ਡਾਕਟਰ ਗੁਰਮੇਲ ਸਿੰਘ ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ ਚੰਡੀਗੜ੍ਹ, ਬਲਕਾਰ ਸਿੱਧੂ ਪ੍ਰਧਾਨ ਇਪਟਾ ਚੰਡੀਗੜ੍ਹ, ਸੇਵਾ ਮੁਕਤ ਪ੍ਰਿੰਸੀਪਲ ਗੁਰਦੇਵ ਪਾਲ, ਗੁਰਨਾਮ ਕੰਵਰ, ਕਰਮ ਸਿੰਘ ਵਕੀਲ, ਡਾਕਟਰ ਅਰਵਿੰਦਰ ਸਾਂਬਰ, ਇਸਤਰੀ ਸਭਾ ਆਗੂ ਵੀਣਾ ਜੰਮੂ, ਸੀਨੀਅਰ ਪੱਤਰਕਾਰ ਬਲਵਿੰਦਰ ਜੰਮੂ, ਅਮਰਜੀਤ ਅਰਪਣ ਨੇ ਵਿਚਾਰ ਪੇਸ਼ ਕੀਤੇ।ਉਹਨਾਂ ਤੋਂ ਇਲਾਵਾ ਰਾਜ ਕੁਮਾਰ, ਪ੍ਰੀਤਮ ਹੁੰਦਲ, ਮਨਬਰ ਸਿੰਘ, ਸੁਦੇਸ਼ ਕੁਮਾਰੀ , ਕਿਰਪਾਲ ਸਿੰਘ ਹੀਰਾ ਰੈਕਟਰ ਕਥੂਰੀਆ, ਕਾਰਥਿਕਾ ਸਿੰਘ, ਡਾਕਟਰ ਜਤਿੰਦਰ, ਊਸ਼ਾ ਕੰਵਰ, ਏ ਐਸ ਪਾਲ, ਸੁਖਪਾਲ ਸਿੰਘ ਹੁੰਦਲ, ਲਾਲ ਚੰਦ, ਧਰਮਪਾਲ ਰਾਣਾ, ਰਜੇਸ਼ ਕੁਮਾਰ, ਹਰਮਿੰਦਰ ਕਾਲੜਾ ਪ੍ਰੋਫੈਸਰ ਅਮਨਦੀਪ ਸਿੰਘ ਬਲਦੇਵ ਸਿੰਘ ਸਪਤ ਰਿਸ਼ੀ, ਰੇਸ਼ਮਾ ਕੌਰ, ਹਰਮਿੰਦਰ ਪਾਲ ਸਿੰਘ ਸਮੇਤ ਦਰਜਨਾਂ ਹੋਰ ਸਾਥੀ ਹਾਜ਼ਰ ਸਨ।ਮੀਟਿੰਗ ਵਿੱਚ ਹਰ ਬੂਥ ਦੀ ਇਨਚਾਰਜ ਟੀਮ ਨੂੰ ਵੋਟਰ ਲਿਸਟ, ਵੋਟਰ ਕਾਰਡ, ਸੁਖਦੇਵ ਕਾਰਡ, ਪੋਸਟਰ ਦੇ ਕੇ ਮੁਹਿੰਮ ਚਲਾਉਣ ਅਤੇ ਟੈਂਟ ਲਾਉਣ ਲਈ ਤਿਆਰ ਕਰਕੇ ਭੇਜਿਆ ਗਿਆ।

ਮੀਟਿੰਗ ਨੇ ਇੱਕ ਸ਼ੋਕ ਮਤਾ ਪਾਸ ਕਰਕੇ ਪ੍ਰਸਿੱਧ ਇਪਟਾ ਗਾਇਕ ਮਰਹੂਮ ਸੁਰਿੰਦਰ ਕੌਰ ਦੀ ਬੇਟੀ ਇਪਟਾ ਕਲਾਕਾਰ ਡੌਲੀ ਗੁਲੇਰੀਆ ਦੇ ਪਤੀ ਲੈਫਟੀਨੈਂਟ ਕਰਨਲ ਸ਼ਰਨਜੀਤ ਸਿੰਘ ਗੁਲੇਰੀਆ ਦੇ ਦਿਹਾਂਤ ਉੱਤੇ ਗਹਿਰਾ ਦੁੱਖ ਪ੍ਰਗਟ ਕੀਤਾ।



# ਮਜ਼ਦੂਰ ਆਗੂ ਮਾਲੜੀ 'ਤੇ ਹਮਲਾ ਕਰਨ ਵਾਲੇ ਸਰਪੰਚ ਖਿਲਾਫ ਕਾਰਵਾਈ ਦੀ ਮੰਗ

## ਪਾਸ਼ ਯਾਦਗਾਰੀ ਕੰਪਲੈਕਸ 'ਤੇ ਕਬਜ਼ਾ ਕਰਨ ਤੇ ਜਨਮ ਦਿਵਸ ਸਮਾਗਮ 'ਚ ਵਿਘਨ ਪਾਉਣ ਦੇ ਦੋਸ਼

**ਜਲੰਧਰ (ਗਿਆਨ ਸੈਦਪੁਰੀ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚੇ ਨੇ ਪਿੰਡ ਤਲਵੰਡੀ ਸਲੇਮ ਦੇ ਸਰਪੰਚ ਪ੍ਰਦੀਪ ਸਿੰਘ ਅਤੇ ਗੁਰਚਰਨ ਸਿੰਘ ਦੀ ਢਾਣੀ ਵੱਲੋਂ ਮਜ਼ਦੂਰ ਆਗੂ ਹਰਮੇਸ਼ ਮਾਲੜੀ ਤੇ ਉਸ ਦੇ ਸਾਥੀਆਂ 'ਤੇ ਹਮਲਾ ਕਰਨ ਅਤੇ ਜਾਤੀ ਸੂਚਕ ਸ਼ਬਦ ਵਰਤ ਕੇ ਅਪਮਾਨਤ ਕਰਨ ਦੀ ਸਖ਼ਤ ਨਿੰਦਾ ਕਰਦਿਆਂ ਦੋਸ਼ੀਆਂ ਖਿਲਾਫ ਐਸ ਸੀ /ਐਸ ਟੀ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਗਿਰਫ਼ਤਾਰ ਕਰਨ ਦੀ ਮੰਗ ਕੀਤੀ ਹੈ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਲਛਮਣ ਸਿੰਘ ਸੇਵੇਵਾਲਾ, ਦਰਸ਼ਨ ਨਾਹਰ , ਤਰਸੇਮ ਪੀਟਰ, ਦੇਵੀ ਕੁਮਾਰੀ, ਚਮਕੌਰ ਸਿੰਘ ਖੇੜੀ, ਮੁਕੇਸ਼ ਮਲੌਦ, ਕੁਲਵੰਤ ਸਿੰਘ ਸੇਲਵਰਾ ਤੇ ਗੋਬਿੰਦ ਸਿੰਘ ਛਾਜਲੀ ਨੇ ਜ਼ਾਰੀ ਕੀਤੇ ਬਿਆਨ ਰਾਹੀਂ ਦੱਸਿਆ ਕਿ ਖੇਤ ਮਜ਼ਦੂਰ ਆਗੂ ਹਰਮੇਸ਼ ਮਾਲੜੀ, ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਵੀ ਅਵਤਾਰ ਪਾਸ਼ ਦੇ 9 ਸਤੰਬਰ ਨੂੰ ਤਲਵੰਡੀ ਸਲੇਮ ਵਿਖੇ ਮਨਾਏ ਜਾ ਰਹੇ ਜਨਮ ਦਿਹਾੜੇ ਦੀਆਂ ਤਿਆਰੀਆਂ ਸਬੰਧੀ ਪਾਸ਼ ਹੰਸ ਰਾਜ ਯਾਦਗਾਰੀ ਕੰਪਲੈਕਸ ਵਿਖੇ ਆਪਣੇ ਸਾਥੀਆਂ ਸਮੇਤ ਪਹੁੰਚੇ ਸਨ ਤਾਂ ਸਰਪੰਚ ਅਤੇ ਉਸ ਦੀ ਢਾਣੀ ਵੱਲੋਂ ਉਥੇ ਪਹੁੰਚ ਕੇ ਮਜ਼ਦੂਰ ਆਗੂ 'ਤੇ ਹਮਲਾ ਕੀਤਾ ਗਿਆ ਅਤੇ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕਰਕੇ ਜਨਤਕ ਤੌਰ ਤੇ ਅਪਮਾਨਿਤ ਕੀਤਾ ਗਿਆ। ਉਹਨਾਂ ਦੋਸ਼ ਲਾਇਆ ਕਿ ਇਸ ਮੌਕੇ ਮਜ਼ਦੂਰ ਆਗੂ ਦੇ ਬਚਾਅ ਲਈ ਅੱਗੇ ਆਏ ਇੱਕ ਮਜ਼ਦੂਰ ਨਛੱਤਰ ਸਿੰਘ ਦਾ ਫੋਨ ਵੀ ਸਰਪੰਚ ਤੇ ਉਸ ਦੀ ਢਾਣੀ ਖੋਹ ਕੇ ਲਈ ਗਈ। ਉਹਨਾਂ ਦੱਸਿਆ ਕਿ ਹਮਲੇ ਸਬੰਧੀ ਮਜ਼ਦੂਰ ਆਗੂ ਵੱਲੋਂ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਨ ਉਪਰੰਤ ਪਹੁੰਚੇ ਪੁਲਸ ਅਧਿਕਾਰੀਆਂ ਦੁਆਰਾ ਸਰਪੰਚ ਤੇ ਉਸਦੇ ਹਮਾਇਤੀਆਂ ਵੱਲੋਂ ਖੋਹਿਆ ਹੋਇਆ ਫੋਨ ਬਰਾਮਦ ਕਰਕੇ ਉਹਨਾਂ ਨੂੰ ਕੰਪਲੈਕਸ 'ਚੋਂ ਤਾਂ ਬਾਹਰ ਭੇਜ ਦਿੱਤਾ ਪਰ ਦੋਸ਼ੀਆਂ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਦੋਸ਼ ਲਾਇਆ ਕਿ ਪਿੰਡ ਦਾ ਸਰਪੰਚ ਪ੍ਰਦੀਪ ਸਿੰਘ ਤੇ ਉਸਦੀ ਢਾਣੀ ਪਾਸ਼ ਹੰਸ ਰਾਜ ਯਾਦਗਾਰੀ ਕੰਪਲੈਕਸ ਉਤੇ ਪੰਚਾਇਤ ਦਾ ਨਾਂਅ ਵਰਤ ਕੇ ਕਬਜ਼ਾ ਕਰਨਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਸਰਪੰਚ ਦੇ ਹਮਾਇਤੀਆਂ ਵੱਲੋਂ ਕੀਤੀ ਧੱਕੇਸ਼ਾਹੀ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਸਮੂਹ ਲੋਕਾਂ ਨੂੰ ਪਾਸ਼ ਦੇ ਜਨਮ ਦਿਹਾੜੇ ਮੌਕੇ 9 ਸਤੰਬਰ ਨੂੰ ਤਲਵੰਡੀ ਸਲੇਮ ਵਿਖੇ ਕੀਤੇ ਜਾ ਰਹੇ ਸਮਾਗਮ 'ਚ ਪਹੁੰਚਣ ਦਾ ਸੱਦਾ ਦਿੱਤਾ।



# ਮਾਨ ਸਰਕਾਰ ਨੇ 'ਸਫਾਈ ਮੁਹਿੰਮ 2.0' 12 ਤੱਕ ਵਧਾਈ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਲੋਕਾਂ ਦੇ ਭਰਵੇਂ ਹੁੰਗਾਰੇ ਅਤੇ 83 ਫੀਸਦੀ ਤੋਂ ਵੱਧ ਨਾਗਰਿਕ ਸ਼ਿਕਾਇਤਾਂ ਦੇ ਨਿਪਟਾਰੇ ਦਾ ਹਵਾਲਾ ਦਿੰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬਾ ਪੱਧਰੀ 'ਸਫ਼ਾਈ ਮੁਹਿੰਮ 2.0' ਨੂੰ 12 ਸਤੰਬਰ ਤੱਕ ਵਧਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਾਰੀਆਂ 166 ਸ਼ਹਿਰੀ ਸਥਾਨਕ ਇਕਾਈਆਂ ਵਿੱਚ ਨਾਗਰਿਕ ਭਾਗੀਦਾਰੀ ਨੂੰ ਸੰਸਥਾਗਤ ਬਣਾਉਣ ਲਈ ਚਾਰ 'ਮੈਗਾ ਸ਼ਨੀਵਾਰ ਸਫਾਈ ਮੁਹਿੰਮਾਂ' ਦਾ ਵੀ ਐਲਾਨ ਕੀਤਾ। ਇਹ ਵਿਸ਼ੇਸ਼ ਮੁਹਿੰਮ 29 ਅਗਸਤ ਨੂੰ ਸ਼ੁਰੂ ਕੀਤੀ ਗਈ ਸੀ ਅਤੇ ਇਸ ਦੌਰਾਨ 14 ਨਗਰ ਨਿਗਮਾਂ ਅਤੇ 152 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਸਮੇਤ ਸਾਰੀਆਂ 166 ਸ਼ਹਿਰੀ ਸਥਾਨਕ ਇਕਾਈਆਂ ਨੂੰ ਕਵਰ ਕੀਤਾ ਗਿਆ। ਇੱਥੇ ਐਮ.ਸੀ. ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਸ ਮੁਹਿੰਮ ਤਹਿਤ 'ਐਮ-ਸੇਵਾ' ਐਪ ਰਾਹੀਂ ਹੁਣ ਤੱਕ 6459 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 5407 (83% ਤੋਂ ਵੱਧ) ਦਾ ਨਿਪਟਾਰਾ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ," ਆਖਰੀ ਦਿਨ ਤੱਕ ਨਾਗਰਿਕਾਂ ਦੀ ਭਰਵੀਂ ਭਾਗੀਦਾਰੀ ਅਤੇ ਐਮ-ਸੇਵਾ ਐਪ ਰਾਹੀਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਤੋਂ ਬਾਅਦ ਭਗਵੰਤ ਮਾਨ ਸਰਕਾਰ ਨੇ ਇਸ ਮੁਹਿੰਮ ਨੂੰ 12 ਸਤੰਬਰ ਤੱਕ ਵਧਾਉਣ ਦਾ ਫੈਸਲਾ ਕੀਤਾ।"

# ਪਾਇਲਟ ਦੇ ਸੂਬਾ ਇੰਚਾਰਜ ਲੱਗਣ ਨਾਲ ਪਾਰਟੀ ਹੋਵੇਗੀ ਹੋਰ ਮਜ਼ਬੂਤ : ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕ ਅਰਜੁਨ ਖੜਗੇ ਅਤੇ ਰਾਹੁਲ ਗਾਂਧੀ ਵਲੋਂ ਪੰਜਾਬ ਕਾਂਗਰਸ ਦੇ ਸੂਬਾ ਇੰਚਾਰਜ ਸਚਿਨ ਪਾਇਲਟ ਨੂੰ ਬਣਾਉਣ 'ਤੇ ਕਾਂਗਰਸ ਹੋਰ ਮਜ਼ਬੂਤ ਹੋਵੇਗੀ। ਪਹਿਲੇ ਸੂਬਾ ਇੰਚਾਰਜ ਭੂਪੇਸ਼ ਬਘੇਲ ਵੀ ਬਹੁਤ ਸਮਝਦਾਰ ਅਤੇ ਦੂਰਦਰਸ਼ੀ ਆਗੂ ਸਨ।ਉਨ੍ਹਾਂ ਦੀ ਜਗ੍ਹਾ 'ਤੇ ਸਚਿਨ ਪਾਇਲਟ ਨੂੰ ਕਾਂਗਰਸ ਪਾਰਟੀ ਦਾ ਸੂਬਾ ਇੰਚਾਰਜ ਲਗਾਉਣਾ ਪਾਰਟੀ ਦੀ ਲੀਡਰਸ਼ਿਪ ਦੀ ਦੂਰ ਅੰਦੇਸ਼ੀ ਨੂੰ ਦਰਸਾਉਂਦਾ ਹੈ। ਸਚਿਨ ਪਾਇਲਟ ਅਤੇ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਿਚ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਜਿੱਤਣਗੀਆਂ ਅਤੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਨੀ ਯਕੀਨੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਜੇ ਮੰਗੂਪੁਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਚਿਨ ਪਾਇਲਟ ਇੱਕ ਸੂਝਵਾਨ, ਤਜਰਬੇਕਾਰ ਅਤੇ ਦੂਰਅੰਦੇਸ਼ੀ ਸੋਚ ਵਾਲੇ ਨੌਜਵਾਨ ਆਗੂ ਹਨ, ਜਿਨ੍ਹਾਂ ਨੇ ਹਮੇਸ਼ਾਂ ਨੌਜਵਾਨਾਂ ਦੀਆਂ ਆਸਾਂ ਅਤੇ ਉਮੀਦਾਂ ਨੂੰ ਆਪਣੀ ਸਿਆਸੀ ਸੋਚ ਦਾ ਅਹਿਮ ਹਿੱਸਾ ਬਣਾਇਆ ਹੈ। ਉਨ੍ਹਾਂ ਦੀ ਨੌਜਵਾਨਾਂ ਵਿਚ ਬਣੀ ਪਕੜ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਪੰਜਾਬ ਵਿਚ ਕਾਂਗਰਸ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕਰਨ ਵਿਚ ਸਹਾਇਕ ਸਾਬਿਤ ਹੋਵੇਗਾ।



# ਪੰਜਾਬ ਦੀ ਖੱਬੀ ਲਹਿਰ ਬਾਰੇ ਕੰਗਣੀਵਾਲ ਵੱਲੋਂ ਕੀਤੇ ਖੋਜ ਕਾਰਜ ਦੀ ਪੰਜਵੀਂ ਜਿਲਦ ਪ੍ਰਕਾਸ਼ਤ

**ਚੰਡੀਗੜ੍ਹ (ਨ ਜ਼ ਸ)**- ਪੰਜਾਬ ਦੀ ਖੱਬੀ ਲਹਿਰ ਬਾਰੇ ਡਾਕਟਰ ਸਰਬਜੀਤ ਕੰਗਣੀਵਾਲ ਵੱਲੋਂ ਕੀਤੇ ਗਏ ਖੋਜ ਕਾਰਜ ਦੀ ਪੰਜਵੀਂ ਜਿਲਦ ਪ੍ਰਕਾਸ਼ਿਤ ਹੋ ਗਈ ਹੈ।'ਪੰਜਾਬ ਦੀ ਖੱਬੀ ਲਹਿਰ-ਪੱਤਰਕਾਰੀ, ਸਹਿਤ ਤੇ ਕਲਾ ਦੇ ਸੰਦਰਭ 'ਚ' ਨਾਂਅ ਦੀ ਇਹ ਪੁਸਤਕ ਲੋਕ ਗੀਤ ਪ੍ਰਕਾਸ਼ਨ ਮੋਹਾਲੀ ਨੇ ਪ੍ਰਕਾਸ਼ਿਤ ਕੀਤੀ ਹੈ।ਇਸ ਤੋਂ ਪਹਿਲਾਂ ਇਸ ਖੋਜ ਕਾਰਜ ਦੀਆਂ 'ਪੰਜਾਬ ਦੀ ਖੱਬੀ ਲਹਿਰ-ਬਸਤੀਵਾਦ ਤੋਂ ਮੁਕਤੀ ਤੱਕ' ਅਤੇ 'ਪੰਜਾਬ ਦੀ ਖੱਬੀ ਲਹਿਰ-ਸੋਵੀਅਤ ਸੰਘ ਦੇ ਪਤਨ ਤੱਕ' ਨਾਂਅ ਦੀਆਂ ਦੋ ਜਿਲਦਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।ਲੇਖਕ ਅਨੁਸਾਰ ਕੁਝ ਤਕਨੀਕੀ ਕਾਰਨਾਂ ਕਰਕੇ ਜਿਲਦ ਤਿੰਨ ਤੇ ਜਿਲਦ ਚਾਰ ਵਿੱਚ ਦੇਰੀ ਹੋਈ ਹੈ, ਜੋ ਅਜੇ ਛਪਾਈ ਅਧੀਨ ਹਨ। 'ਪੰਜਾਬ ਦੀ ਖੱਬੀ ਲਹਿਰ-ਪੱਤਰਕਾਰੀ ਸਹਿਤ ਅਤੇ ਕਲਾ ਦੇ ਸੰਦਰਭ 'ਚ' ਨਾਂਅ ਦੀ ਇਸ ਜਿਲਦ ਨੂੰ ਡਾ. ਕੰਗਣੀਵਾਲ ਨੇ ਦੋ ਹਿੱਸਿਆਂ ਵਿੱਚ ਵੰਡਿਆ ਹੈ।ਪਹਿਲੇ ਹਿੱਸੇ ਵਿੱਚ ਖੱਬੀ ਪੱਤਰਕਾਰੀ ਦਾ ਵਿਸ਼ਲੇਸ਼ਣਾਤਮਿਕ ਇਤਿਹਾਸ ਹੈ।ਇਸ ਵਿੱਚ ਖੱਬੀਆਂ ਧਿਰਾਂ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਸਾਰੇ ਪੱਤਰਾਂ ਬਾਰੇ ਵਿਸਤ੍ਰਤ ਖੋਜ ਕਰਨ ਤੋਂ ਇਲਾਵਾ 1922 ਵਿੱਚ ਪ੍ਰਕਾਸ਼ਿਤ ਹੋਏ ਪਹਿਲੇ ਖੱਬੇ ਪੱਖੀ ਪੱਤਰ 'ਇਨਕਲਾਬ' ਤੋਂ ਬਾਅਦ ਖੱਬੇ ਪੱਖੀਆਂ ਵੱਲੋਂ ਵਿਅਕਤੀਗਤ ਤੌਰ 'ਤੇ ਕੱਢੇ ਗਏ ਪੱਤਰਾਂ ਦਾ ਅਧਿਐਨ ਵੀ ਕੀਤਾ ਗਿਆ ਹੈ।ਇਸ ਦੇ ਨਾਲ ਖੱਬੀ ਪੱਤਰਕਾਰੀ ਦੇ ਪਿਛੋਕੜ ਵਿੱਚ ਇਸ ਦਾ ਆਧਾਰ ਬਣੇ 'ਗਦਰ' ਵਰਗੇ ਹੋਰ ਪੱਤਰਾਂ ਦੀ ਵੀ ਵਿਸ਼ੇਸ਼ ਰੂਪ ਵਿੱਚ ਚਰਚਾ ਕੀਤੀ ਗਈ ਹੈ।ਇਸ ਹਿੱਸੇ ਦੇ ਅੰਤ ਵਿੱਚ ਖੱਬੀ ਪੱਤਰਕਾਰੀ ਦੀ ਮੌਜੂਦਾ ਸਥਿਤੀ ਤੇ ਇਸ ਦੇ ਉਥਾਨ ਦੀਆਂ ਸੰਭਾਵਨਾਵਾਂ 'ਤੇ ਚਾਨਣਾ ਪਾਇਆ ਗਿਆ ਹੈ। ਇਸ ਖੋਜ ਕਾਰਜ ਦਾ ਦੂਜਾ ਹਿੱਸਾ ਖੱਬੇ ਪੱਖੀਆਂ ਵੱਲੋਂ ਕਲਾ ਤੇ ਸਾਹਿਤ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਨਾਲ ਸੰਬੰਧਤ ਹੈ।ਇਸ ਵਿੱਚ ਪ੍ਰਗਤੀਵਾਦੀ ਲਹਿਰ, ਨਕਸਲੀ ਲਹਿਰ ਅਤੇ ਉਸ ਤੋਂ ਬਾਅਦ ਖ਼ਾਲਿਸਤਾਨੀ ਲਹਿਰ ਤੇ ਆਰਥਿਕ ਉਦਾਰਵਾਦ ਦੇ ਦੌਰ ਵਿੱਚ ਖੱਬੇ ਪੱਖੀ ਸਾਹਿਤ ਅਤੇ ਕਲਾ ਦੀ ਸਥਿਤੀ ਦਾ ਅਧਿਐਨ ਕੀਤਾ ਗਿਆ ਹੈ।ਇਸ ਵਿੱਚ ਅਨੇਕਾਂ ਲੇਖਕਾਂ ਤੇ ਕਲਾਕਾਰਾਂ ਦੇ ਯੋਗਦਾਨ ਨੂੰ ਪੇਸ਼ ਕਰਨ ਦੇ ਨਾਲ ਨਾਲ ਹੁਣ ਤੱਕ ਖੱਬੀ ਲਹਿਰ ਦੇ ਸਬੰਧ ਵਿੱਚ ਕੀਤੇ ਗਏ ਕਾਰਜਾਂ ਦਾ ਉਲੇਖ ਕਰਦੇ ਹੋਏ ਇਸ ਵਿੱਚ ਰਹੀਆਂ ਘਾਟਾਂ-ਕਮਜ਼ੋਰੀਆਂ 'ਤੇ ਵੀ ਚਾਨਣਾ ਪਾਇਆ ਗਿਆ ਹੈ।ਲੋਕ ਗੀਤ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੇ ਖੋਜ ਕਾਰਜ ਨੂੰ ਪੌਣੇ ਛੇ ਕੁ ਸੌ ਸਫ਼ਿਆਂ ਵਿੱਚ ਸਮੇਟਿਆ ਗਿਆ ਹੈ।




# ਅਨੁਪੂਰਕ ਪ੍ਰੀਖਿਆਵਾਂ ਦੇ ਨਤੀਜੇ ਦੀ ਰਿਚੈਕਿੰਗ 21 ਤੱਕ

**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਜੁਲਾਈ 2026 ਦੀਆਂ ਅਨੁਪੂਰਕ ਪ੍ਰੀਖਿਆਵਾਂ (ਰੀ-ਅਪੀਅਰ/ਕੰਪਾਰਟਮੈਂਟ ਅਤੇ ਵਾਧੂ ਵਿਸ਼ਾ/ਵੋਕੇਸ਼ਨਲ ਵਿਸ਼ੇ ਵਾਲੇ ਪ੍ਰੀਖਿਆਰਥੀਆਂ ਲਈ ਪ੍ਰੀਖਿਆਵਾਂ ਦਾ ਨਤੀਜਾ ਕ੍ਰਮਵਾਰ ਬਾਰ੍ਹਵੀਂ ਸ਼੍ਰੇਣੀ ਦਾ ਮਿਤੀ 25 ਅਗਸਤ 2026 ਅਤੇ ਦਸਵੀਂ ਸ਼੍ਰੇਣੀ ਦਾ ਮਿਤੀ 28 ਅਗਸਤ 2026 ਨੂੰ ਘੋਸ਼ਿਤ ਹੋ ਚੁੱਕਾ ਹੈ। ਇਹਨਾਂ ਪ੍ਰੀਖਿਆਵਾਂ ਨਾਲ ਸਬੰਧਤ ਪ੍ਰੀਖਿਆਰਥੀ ਜੇਕਰ ਰੀ ਚੈਕਿੰਗ/ਰੀ-ਵੈਲਯੂਏਸ਼ਨ ਕਰਵਾਉਣਾ ਚਾਹੁੰਦੇ ਹਨ ਤਾਂ ਆਨ ਲਾਈਨ ਫਾਰਮ ਅਤੇ ਫੀਸ ਭਰਨ ਲਈ ਮਿਤੀ 21 ਸਤੰਬਰ 2026 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਪ੍ਰੀਖਿਆਰਥੀ ਆਨ-ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਇਸ ਦਾ ਪ੍ਰਿੰਟ ਆਪਣੇ ਕੋਲ ਰਿਕਾਰਡ ਹਿੱਤ ਰੱਖਣਗੇ । ਇਸ ਫਾਰਮ ਦੀ ਹਾਰਡ ਕਾਪੀ ਦਫਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀਂ ਹੈ।ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਹੈ।

# ਮੇਅਰ ਸਰਬਜੀਤ ਸਿੰਘ ਸਮਾਣਾ ਨੇ ਦਿੱਤੀ ਤਿੰਨ ਬੱਸਾਂ ਨੂੰ ਹਰੀ ਝੰਡੀ

**ਮੋਹਾਲੀ (ਗੁਰਜੀਤ ਬਿੱਲ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਮੁਹਾਲੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਕੁਲਵੰਤ ਸਿੰਘ ਦੀ ਦੇਖ-ਰੇਖ ਹੇਠ 3 ਬੱਸਾਂ ਨੂੰ ਰਵਾਨਾ ਕੀਤਾ ਗਿਆ, ਇਹਨਾਂ ਬੱਸਾਂ ਨੂੰ ਮੋਹਾਲੀ ਕਾਰਪੋਰੇਸ਼ਨ ਦੇ ਮੇਅਰ -ਸਰਬਜੀਤ ਸਿੰਘ ਸਮਾਣਾ ਵੱਲੋਂ ਹਰੀ ਝੰਡੀ ਦਿੱਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੇਅਰ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਸੀਨੀਅਰ ਸਿਟੀਜ਼ਨ ਦੀ ਆਸਥਾ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੁਰੂ ਕੀਤੀ ਗਈ, ਮੁੱਖ ਮੰਤਰੀ ਯੋਜਨਾ ਦੇ ਤਹਿਤ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ, ਰਾਮ ਤੀਰਥ ਵਾਲਮੀਕ ਮੰਦਰ, ਵਾਹਗਾ ਬਾਰਡਰ ਅਤੇ ਜਲ੍ਹਿਆਂ ਵਾਲੇ ਬਾਗ ਦੇ ਦਰਸ਼ਨ ਸੰਗਤ ਦੇ ਰੂਪ ਵਿੱਚ ਕਰਕੇ ਵਾਪਸ ਪਰਤਣਗੇ।



# ਮੋਰਿੰਡਾ ਸਹਿਕਾਰੀ ਖੰਡ ਮਿੱਲ ਤਰੱਕੀ ਦੀ ਰਾਹ 'ਤੇ : ਤਰਨਵੀਰ ਸਿੰਘ

**ਮੋਰਿੰਡਾ (ਨਿਹਾਲ ਸਿੰਘ ਕਲਸੀ)** ਪੰਜਾਬ ਸਰਕਾਰ ਦੇ ਸਾਰਥਕ ਯਤਨਾਂ ਅਤੇ ਸ਼ੂਗਰਫੈੱਡ ਪੰਜਾਬ ਦੇ ਪ੍ਰਬੰਧ ਨਿਰਦੇਸ਼ਕ ਡਾ. ਸੇਨੂ ਦੁੱਗਲ ਦੀ ਯੋਗ ਅਗਵਾਈ ਸਦਕਾ ਮੋਰਿੰਡਾ ਸਹਿਕਾਰੀ ਖੰਡ ਮਿੱਲ, ਵਿੱਤੀ ਮਜ਼ਬੂਤੀ ਅਤੇ ਵਿਕਾਸ ਵੱਲ ਲਗਾਤਾਰ ਅੱਗੇ ਵੱਧ ਰਹੀ ਹੈ।ਇਹ ਵਿਚਾਰ ਖੰਡ ਮਿੱਲ ਦੇ ਜਨਰਲ ਮੈਨੇਜਰ ਤਰਨਵੀਰ ਸਿੰਘ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ।ਉਹਨਾਂ ਦੱਸਿਆ ਕਿ ਮਿੱਲ ਦੀ ਮੌਜੂਦਾ ਵਿੱਤੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਇਸ ਸਾਲ ਮਿੱਲ ਦੇ ਲਗਭਗ 3 ਕਰੋੜ ਰੁਪਏ ਦੇ ਲਾਭ ਵਿੱਚ ਰਹਿਣ ਦੀ ਉਮੀਦ ਹੈ।ਉਨ੍ਹਾਂ ਦੱਸਿਆ ਕਿ ਮਿੱਲ ਵੱਲੋਂ ਰੋਪੜ ਸੈਂਟਰਲ ਕੋਆਪਰੇਟਿਵ ਬੈਂਕ ਤੋਂ 73 ਕਰੋੜ ਦਾ ਲੋਨ ਲਿਆ ਹੋਇਆ ਸੀ।ਇਹ ਸਾਰਾ ਲੋਨ ਵਾਪਸ ਕਰ ਦਿੱਤਾ ਗਿਆ ਹੈ। ਬੋਰਡ ਆਫ਼ ਡਾਇਰੈਕਟਰਜ਼ ਦੇ ਚੇਅਰਮੈਨ ਸੁਖਜਿੰਦਰ ਸਿੰਘ ਸੋਹੀ ਵੱਲੋਂ ਵੀ ਮਿੱਲ ਦੀ ਵਿੱਤੀ ਤਰੱਕੀ ਅਤੇ ਸਮੂਹ ਸਟਾਫ਼ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਗਈ।

# ਕਾਲਜ ਦਾ ਸਥਾਪਨਾ ਦਿਵਸ ਮਨਾਇਆ

**ਕਰਤਾਰਪੁਰ (ਹਰਮੇਸ਼ ਦੱਤ)**- ਓਮ ਪ੍ਰਕਾਸ਼ ਮੈਮੋਰੀਅਲ ਇੰਚਟੀਚਿਊਟ ਆਫ਼ ਐਜੂਕੇਸ਼ਨ ਦਿਆਲਪੁਰ ਵਿਖੇ ਕਾਲਜ ਦੀ ਪ੍ਰਬੰਧਕ ਕਮੇਟੀ ਵੱਲੋਂ ਸਵ: ਓਮ ਪ੍ਰਕਾਸ਼ ਬਤੁਰਾ ਦਾ ਜਨਮ ਦਿਵਸ ਅਤੇ ਕਾਲਜ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਆਰਤੀ ਕਰਕੇ ਓਮ ਪ੍ਰਕਾਸ਼ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਚੇਅਰਮੈਨ ਸਤੀਸ਼ ਕੁਮਾਰ ਪਰਵਾਰ ਸਮੇਤ ਸ਼ਾਮਿਲ ਹੋਏ। ਪ੍ਰੈਜ਼ੀਡੈਂਟ ਵੀਭਾ ਸ਼ਰਮਾ, ਵਾਈਜ਼ ਪ੍ਰੈਜ਼ੀਡੈਂਟ ਪ੍ਰੇਮ ਲਤਾ, ਕਾਰਜਕਾਰੀ ਮੈਂਬਰ ਮੁਕੇਸ਼ ਨੰਦਨ ਤੇ ਇਨ੍ਹਾਂ ਦੇ ਨਾਲ ਸੈਕਟਰੀ ਡਾ. ਵਿਜੇ ਅਹੂਜਾ, ਆਰਥਿਕ ਸਲਾਹਕਾਰ ਵਿਨੋਦ ਸ਼ਰਮਾ, ਕਾਰਜਕਾਰੀ ਮੈਂਬਰ ਗੁਰਚਰਨ ਕੋਛੜ, ਕਨਿਕਾ ਅਹੂਜਾ ਵੀ ਹਾਜਿਰ ਸਨ। ਇਸ ਮੌਕੇ ਪ੍ਰੋ. ਰਣਜੀਤ ਬੈਂਸ, ਪ੍ਰੋ. ਗਗਨ ਦੀਪ ਸਿੰਘ, ਸਚਲੀਨ ਕੌਰ, ਆਫਿਸ ਸੁਪਰਡੈਂਟ ਹਰਮੀਤ ਸਿੰਘ, ਲਾਇਬ੍ਰੇਰੀਅਨ ਬਲਵਿੰਦਰ ਸਿੰਘ ਅਤੇ ਰਾਕੇਸ਼ ਕੁਮਾਰ ਮੌਜੂਦ ਸਨ।



# ਅਧਿਆਪਕਾਂ ਦਾ ਘਰ ਜਾ ਕੇ ਕੀਤਾ ਸਨਮਾਨ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ ਤੋਂ ਰਿਟਾਇਰ ਗਿਆਨੀ ਸੁਰਿੰਦਰ ਕੁਮਾਰ ਸਿੰਘ ਤੇ ਚਮਨ ਲਾਲ ਦਾ ਸਨਮਾਨ ਉਨ੍ਹਾਂ ਦੇ ਘਰ ਜਾ ਕੇ ਕੀਤਾ ਗਿਆ। ਮੋਰਿੰਡਾ ਦੇ ਕਲਾਕਾਰ, ਸਾਹਿਤਕਾਰ ਅਧਿਆਪਕ ਅਤੇ ਰੰਗਕਰਮੀ ਰਾਬਿੰਦਰ ਸਿੰਘ ਰੱਬੀ ਨੇ ਆਪਣੇ ਅਧਿਆਪਕਾਂ ਦਾ ਉਨ੍ਹਾਂ ਦੇ ਘਰ ਜਾ ਕੇ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਅਧਿਆਪਕਾਂ ਨੇ ਮੇਰੇ ਮਨ ਉਤੇ ਬਹੁਤ ਗਹਿਰਾ ਅਸਰ ਪਾਇਆ ਹੈ। ਗਿਆਨੀ ਸੁਰਿੰਦਰ ਕੁਮਾਰ ਸਿੰਘ ਨੇ ਪੰਜਾਬੀ ਭਾਸ਼ਾ, ਕਹਾਣੀ ਸੁਣਾਉਣ ਦੀ ਕਲਾ ਅਤੇ ਬੱਚਿਆਂ ਨਾਲ ਨੇੜਤਾ ਦੀਆਂ ਕਿੰਨੀਆਂ ਕਥਾਵਾਂ ਹਨ। ਇਸੇ ਤਰ੍ਹਾਂ ਸ੍ਰੀ ਚਮਨ ਲਾਲ ਨੇ ਅੰਗਰੇਜ਼ੀ ਭਾਸ਼ਾ ਪ੍ਰਤੀ ਬੱਚਿਆਂ ਦੀ ਦਿਲਚਸਪੀ ਜਗਾਉਣ ਵਿੱਚ ਬੜੀ ਅਹਿਮ ਜ਼ਿਮੇਵਾਰੀ ਨਿਭਾਈ ਰੱਬੀ ਨੇ ਕਿਹਾ ਕਿ ਉਕਤ ਸ਼ਖ਼ਸੀਅਤਾਂ ਨੇ ਸਹੀ ਅਰਥਾਂ ਵਿੱਚ ਸਮਰਪਿਤ ਹੋ ਕੇ ਅਧਿਆਪਨ ਦਾ ਨਾਂਅ ਮਾਣ ਕਰਨ ਯੋਗ ਬਣਾਇਆ ਹੈ। ਇਸ ਮੌਕੇ ਅਧਿਆਪਕ ਆਗੂ ਜਸਬੀਰ ਸਿੰਘ ਸ਼ਾਂਤਪੁਰੀ, ਅਧਿਆਪਕਾ ਜਸਪ੍ਰੀਤ ਕੌਰ ਸਿੰਮੀ ਅਤੇ ਰਾਕੇਸ਼ ਕੁਮਾਰ ਵੀ ਹਾਜ਼ਰ ਸਨ।



# ਦੇਸ਼ ਦਾ ਭਵਿੱਖ ਅਧਿਆਪਕਾਂ ਦੇ ਹੱਥ 'ਚ ਸੁਰੱਖਿਅਤ : ਕੁਲਵਿੰਦਰ ਸਿੰਘ ਢਾਹਾਂ



**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਕੈਂਪਸ ਵਿਖੇ ਅਧਿਆਪਕ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ, 'ਅਧਿਆਪਕ ਸਾਡਾ ਅਸਲ ਸਰਮਾਇਆ ਹਨ ਅਤੇ ਦੇਸ਼ ਦਾ ਭਵਿੱਖ ਇਹਨਾਂ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹੈ। ਇੱਕ ਅਧਿਆਪਕ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਦਿੰਦਾ, ਸਗੋਂ ਵਿਦਿਆਰਥੀਆਂ ਦੇ ਚਰਿੱਤਰ ਦਾ ਨਿਰਮਾਣ ਕਰਕੇ ਉਨ੍ਹਾਂ ਨੂੰ ਸਹੀ ਦਿਸ਼ਾ ਵਿਖਾਉਂਦਾ ਹੈ ਅਤੇ ਅਧਿਆਪਕ ਹੀ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜ ਕੇ ਦੇਸ਼ ਦੇ ਜ਼ਿੰਮੇਵਾਰ, ਇਮਾਨਦਾਰ ਅਤੇ ਸਫਲ ਨਾਗਰਿਕ ਬਣਾਉਂਦੇ ਹਨ। ਸਕੂਲ ਪ੍ਰਿੰਸੀਪਲ ਮੈਡਮ ਵਨੀਤਾ ਚੋਟ ਨੇ ਅਧਿਆਪਕ ਦਿਵਸ ਦੀ ਇਤਿਹਾਸਕ ਮਹਾਨਤਾ ਬਾਰੇ ਚਾਨਣਾ ਪਾਉਂਦਿਆਂ ਦੇਸ਼ ਦੇ ਪਹਿਲੇ ਉਪ-ਰਾਸ਼ਟਰਪਤੀ ਮਹਾਨ ਸਿੱਖਿਆ ਸ਼ਾਸਤਰੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਵਨੀਤਾ ਨੇ ਦੱਸਿਆ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਤਕਨਾਲੋਜੀ ਸਿੱਖਿਆ ਦੇ ਖੇਤਰ ਵੱਡਾ ਬਦਲਾਅ ਲਿਆਂਦਾ ਹੈ, ਜਿਸ ਨਾਲ ਅਧਿਆਪਕਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਗਈ ਹੈ। ਸਮਾਗਮ ਦੌਰਾਨ ਸਕੂਲ ਅਧਿਆਪਕਾਂ ਨਰਿੰਦਰਪਾਲ ਸਿੰਘ, ਰੂਬੀ ਭੰਡਾਰੀ, ਗਗਨਦੀਪ ਕੌਰ, ਗੁਰਪ੍ਰੀਤ ਕੌਰ, ਪ੍ਰਭਦੀਪ ਕੌਰ ਅਤੇ ਗੁਰਪ੍ਰੀਤ ਕੌਰ ਨੇ ਭਾਸ਼ਣ, ਗੀਤ ਅਤੇ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ ।ਇਸ ਮੌਕੇ ਜਗਜੀਤ ਸਿੰਘ ਸੋਢੀ, ਦਵਿੰਦਰ ਸਿੰਘ ਢਿੱਲੋਂ, ਰਮਨ ਕੁਮਾਰ ਵਾਈਸ ਪ੍ਰਿੰਸੀਪਲ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਸਰਕਾਰੀ ਸਕੂਲਾਂ ਦੇ ਬਾਹਰ ਬਿਨਾਂ ਨੰਬਰੀ ਮੋਟਰਸਾਈਕਲਾਂ 'ਤੇ ਘੁੰਮ ਰਹੇ ਭੂੰਡ ਆਸ਼ਕ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬਾਹਰ ਛੁੱਟੀ ਦੇ ਸਮੇਂ ਇੱਕ ਗੰਭੀਰ ਸਮੱਸਿਆ ਵੱਧਦੀ ਜਾ ਰਹੀ ਹੈ। ਪੂਰੀ ਛੁੱਟੀ ਹੁੰਦਿਆਂ ਹੀ ਅਣਪਛਾਤੇ ਅਵਾਰਾ ਲੜਕੇ ਸਕੂਲਾਂ ਦੇ ਮੁੱਖ ਗੇਟਾਂ ਅੱਗੇ ਆ ਕੇ ਖੜੇ ਹੋ ਜਾਂਦੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਲੜਕੇ ਜ਼ਿਆਦਾਤਰ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਉਂਦੇ ਹਨ, ਇਹਨਾਂ ਵਿੱਚੋਂ ਕਈ ਮੋਟਰਸਾਈਕਲਾਂ ਨੂੰ ਨੰਬਰ ਪਲੇਟਾਂ ਹੀ ਨਹੀਂ ਲੱਗੀਆਂ ਹੁੰਦੀਆਂ।

ਬਿਨਾਂ ਨੰਬਰ ਪਲੇਟ ਤੋਂ ਮੋਟਰਸਾਈਕਲ ਦੌੜਾਉਣਾ ਕਾਨੂੰਨ ਦੀ ਸਿੱਧੀ ਉਲੰਘਣਾ ਹੈ, ਪਰ ਇਹ ਅਨਸਰ ਖੁੱਲ੍ਹੇਆਮ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਸਕੂਲੋਂ ਬਾਹਰ ਖੜੇ ਇਹ ਲੜਕੇ ਕਈ ਵਾਰ ਤੇਜ਼ ਮੋਟਰ ਸਾਈਕਲ ਚਲਾਉਂਦੇ ਅਤੇ ਤੇਜ਼ ਹਾਰਨ ਵਜਾਉਂਦੇ ਅਤੇ ਕਈ ਵਾਰ ਪਟਾਕਾ ਹਾਰਨ ਵਜਾਉਂਦੇ ਵੀ ਦੇਖੇ ਗਏ ਹਨ।ਇੱਕ ਜਾਗਰੂਕ ਨਾਗਰਿਕ ਨੇ ਦੱਸਿਆ ਕਿ ਜੇਕਰ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਬਿਨਾਂ ਨੰਬਰ ਪਲੇਟ ਵਾਲੇ ਮੋਟਰਸਾਈਕਲਾਂ ਦੀ ਪਛਾਣ ਕਰਨੀ ਵੀ ਮੁਸ਼ਕਲ ਹੋ ਜਾਵੇਗੀ। ਮਾਪਿਆਂ ਤੇ ਸਕੂਲ ਪ੍ਰਬੰਧਕਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਾਰੇ ਸਰਕਾਰੀ ਸਕੂਲਾਂ ਦੇ ਬਾਹਰ ਖਾਸ ਕਰਕੇ ਛੁੱਟੀ ਦੇ ਸਮੇਂ ਪੁਲਿਸ ਦੀ ਵਿਸ਼ੇਸ਼ ਗਸ਼ਤ ਲਗਾਈ ਜਾਵੇ ਅਤੇ ਸਕੂਲ ਦੇ ਬਾਹਰ ਬਿਨਾਂ ਵਜ੍ਹਾ ਤੋਂ ਖੜੇ ਹੋਣ ਦਾ ਕਾਰਨ ਪੁੱਛਿਆ ਜਾਵੇ ਅਤੇ ਬਿਨਾਂ ਨੰਬਰ ਪਲੇਟ ਵਾਲੇ ਮੋਟਰਸਾਈਕਲਾਂ ਨੂੰ ਜ਼ਬਤ ਕਰਕੇ ਇਹਨਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ।

# ਬੱਚਿਆਂ ਦੀ ਸੁਰੱਖਿਆ ਤੇ ਸੜਕ ਸੁਰੱਖਿਆ ਸੰਬੰਧੀ ਜਾਗਰੂਕਤਾ ਸੈਸ਼ਨ




**ਪੋਜੇਵਾਲ (ਰਾਮ ਲਾਲ)**- ਐੱਮ ਆਰ ਸਿਟੀ ਪਬਲਿਕ ਸਕੂਲ ਬਲਾਚੌਰ ਵਿਖੇ ਵਿਦਿਆਰਥੀਆਂ ਨੂੰ ਬੱਚਿਆਂ ਦੀ ਸੁਰੱਖਿਆ, ਅਧਿਕਾਰਾਂ, ਸੜਕ ਸੁਰੱਖਿਆ ਅਤੇ ਜ਼ਿੰਮੇਵਾਰ ਨਾਗਰਿਕਤਾ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਜਾਗਰੁਕਤਾ ਅਤੇ ਸੰਵੇਦਨਸ਼ੀਲਤਾ ਸੈਸ਼ਨ ਆਯੋਜਿਤ ਕੀਤਾ ਗਿਆ।

ਸੈਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਜਾਗਰੂਕ, ਸਾਵਧਾਨ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕਰਨਾ ਸੀ।ਇਸ ਮੌਕੇ ਕੋਮਲ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਐਸ ਬੀ ਐਸ ਨਗਰ ਆਪਣੀ ਟੀਮ ਸਮੇਤ ਸਕੂਲ ਪਹੁੰਚੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਬਾਲ ਸੁਰੱਖਿਆ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਦਿੱਤੀ।

ਉਨ੍ਹਾਂ ਨੇ ਬੱਚਿਆਂ ਨੂੰ ਉਪਲਬਧ ਹੈਲਪਲਾਈਨ ਸੇਵਾਵਾਂ, ਮੁਸ਼ਕਿਲ ਜਾਂ ਅਸੁਰੱਖਿਅਤ ਸਥਿਤੀ ਵਿੱਚ ਮਦਦ ਲੈਣ ਦੇ ਤਰੀਕਿਆਂ ਅਤੇ ਆਪਣੇ ਅਧਿਕਾਰਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਇਸ ਦੇ ਨਾਲ ਹੀ ਪੋਕਸੋ ਐਕਟ ਸਬੰਧੀ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਅਸੁਰੱਖਿਅਤ ਸਥਿਤੀਆਂ ਦੀ ਪਛਾਣ ਕਰਨ ਅਤੇ ਲੋੜ ਪੈਣ 'ਤੇ ਹਿੰਮਤ ਅਤੇ ਜਾਗਰੂਕਤਾ ਨਾਲ ਸਹਾਇਤਾ ਲੈਣ ਲਈ ਪ੍ਰੇਰਿਤ ਕੀਤਾ ਗਿਆ।ਸੈਸ਼ਨ ਦੇ ਦੂਜੇ ਪੜਾਅ ਵਿੱਚ ਪਰਵੀਨ ਕੁਮਾਰ, ਐੱਸ ਆਈ, ਟ੍ਰੈਫਿਕ ਸੈੱਲ, ਐੱਸ ਬੀ ਐੱਸ ਨਗਰ ਤੇ ਜੋਗਿੰਦਰ ਪਾਲ, ਏ ਐੱਸ ਆਈ, ਬਲਾਚੌਰ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ, ਟ੍ਰੈਫਿਕ ਨਿਯਮਾਂ ਅਤੇ ਜ਼ਿੰਮੇਵਾਰ ਡਰਾਈਵਿੰਗ ਬਾਰੇ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਆਪਣੇ ਅਸਲ ਜੀਵਨ ਦੇ ਤਜਰਬੇ ਅਤੇ ਵਿਹਾਰਕ ਉਦਾਹਰਨਾਂ ਸਾਂਝੀਆਂ ਕਰਦਿਆਂ ਵਿਦਿਆਰਥੀਆਂ ਨੂੰ ਸੜਕ 'ਤੇ ਸਾਵਧਾਨ ਰਹਿਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਨਸ਼ੇ ਤੋਂ ਦੂਰ ਰਹਿਣ ਅਤੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਿੱਤੂ ਬਤਰਾ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ, ਬਾਲ ਸੁਰੱਖਿਆ ਟੀਮ ਅਤੇ ਟ੍ਰੈਫਿਕ ਪੁਲਿਸ ਅਧਿਕਾਰੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਹਰਚੰਦ ਸਿੰਘ ਬਰਸਟ ਨਾਲ ਕਰਮਚਾਰੀ ਯੂਨੀਅਨ ਵੱਲੋਂ ਮੁਲਾਕਾਤ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਪੰਜਾਬ ਮੰਡੀ ਬੋਰਡ ਕਰਮਚਾਰੀ ਯੂਨੀਅਨ ਦੇ ਅਹੁਦੇਦਾਰਾਂ ਅਤੇ ਸਮੂਹ ਦਰਜਾ ਤਿੰਨ ਕਰਮਚਾਰੀਆਂ ਵੱਲੋਂ ਮੁਲਾਕਾਤ ਕੀਤੀ ਗਈ।ਇਸ ਮੌਕੇ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ, ਪ੍ਰੈਸ ਸਕੱਤਰ ਹਰੀਸ਼ ਪ੍ਰਸਾਦ, ਕੈਸ਼ੀਅਰ ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ ਗਿੱਲ ਸਮੇਤ ਸਮੂਹ ਕਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਅਤੇ ਮੁਲਾਜ਼ਮਾਂ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਬਾਰੇ ਚੇਅਰਮੈਨ ਨੂੰ ਜਾਣੂ ਕਰਵਾਇਆ ਗਿਆ ਅਤੇ ਇਨ੍ਹਾਂ ਦੇ ਜਲਦ ਨਿਪਟਾਰੇ ਦੀ ਮੰਗ ਕੀਤੀ ਗਈ।

ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਪੰਜਾਬ ਐਗਰੋ ਤੋਂ ਮਰਜ ਹੋਏ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਅਤੇ ਉਹਨਾਂ ਵੱਲੋਂ ਆਪਣੀ ਸੀਨੀਆਰਤਾ ਸੰਬੰਧੀ ਦਾਇਰ ਕੀਤੇ ਗਏ ਕੇਸਾਂ ਦਾ ਮੁੱਦਾ ਵੀ ਉਠਾਇਆ ਗਿਆ। ਯੂਨੀਅਨ ਦੇ ਆਗੂਆਂ ਨੇ ਚੇਅਰਮੈਨ ਦੇ ਧਿਆਨ ਵਿੱਚ ਲਿਆਂਦਾ ਕਿ ਪੰਜਾਬ ਮੰਡੀ ਬੋਰਡ ਵਿੱਚ ਮਰਜ਼ ਹੋਏ ਪੰਜਾਬ ਐਗਰੋ ਦੇ ਕਰਮਚਾਰੀਆਂ ਦੇ ਹੁਕਮਾਂ ਵਿੱਚ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਇਨ੍ਹਾਂ ਕਰਮਚਾਰੀਆਂ ਦੀ ਸੀਨੀਆਰਤਾ ਪੰਜਾਬ ਮੰਡੀ ਬੋਰਡ ਵਿੱਚ ਮਰਜ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ ਅਤੇ ਪੰਜਾਬ ਮੰਡੀ ਬੋਰਡ ਵਿੱਚ ਪਹਿਲਾਂ ਨਿਯੁਕਤ ਹੋਏ ਕਲਰਕਾਂ ਦੀ ਸੀਨੀਆਰਤਾ ਤੋਂ ਹੇਠਾਂ ਫਿਕਸ ਕੀਤੀ ਜਾਵੇਗੀ।ਇਸ ਤੋਂ ਇਲਾਵਾ ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਪੰਜਾਬ ਮੰਡੀ ਬੋਰਡ ਵਿੱਚ ਡੈਪੂਟੇਸ਼ਨ 'ਤੇ ਕੰਮ ਕਰ ਰਹੇ ਪੰਜਾਬ ਐਗਰੋ ਦੇ ਮੁਲਾਜ਼ਮਾਂ ਨੂੰ ਉਹਨਾਂ ਦੇ ਮੂਲ ਵਿਭਾਗ ਵਿੱਚ ਤੁਰੰਤ ਵਾਪਸ ਭੇਜਿਆ ਜਾਵੇ।

ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਨੁਮਾਇੰਦਿਆਂ ਦੀਆਂ ਮੰਗਾਂ ਨੂੰ ਧਿਆਨਪੂਰਵਕ ਸੁਣਿਆ ਅਤੇ ਵਿਸ਼ਵਾਸ ਦਿਵਾਇਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਇਨ੍ਹਾਂ ਮੰਗਾਂ 'ਤੇ ਹਮਦਰਦੀਪੂਰਵਕ ਵਿਚਾਰ ਕਰਦਿਆਂ ਜਲਦ ਤੋਂ ਜਲਦ ਯੋਗ ਕਾਰਵਾਈ ਕੀਤੀ ਜਾਵੇਗੀ।



# ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਵਿਖੇ ਸੀ ਏ ਵਿਭਾਗ ਦਾ ਗਠਨ



**ਕਪੂਰਥਲਾ (ਮਨਜੀਤ ਮਾਨ)** ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਸੀ ਏ ਵਿਭਾਗ ਦੇ ਇੰਚਾਰਜ ਮੈਡਮ ਸਿਮੀ ਬੱਗਾ ਦੇ ਸਹਿਯੋਗ ਨਾਲ ਸੀ ਏ ਦਾ ਗਠਨ ਕੀਤਾ ਗਿਆ ਜਿਸ ਵਿੱਚ ਸੀ ਏ ਦੇ ਚੁਣੇ ਹੋਏ ਵੱਖ-ਵੱਖ ਅਹੁਦਿਆਂ ਅਤੇ ਵੱਖ ਵੱਖ ਕਲਾਸਾਂ ਦੀਆਂ ਸੀ ਆਰ ਨੇ ਸਹੁੰ ਚੁੱਕ ਕਾਲਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਲਿਆ।ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਸੀ ਏ ਵਿਭਾਗ ਦੇ ਇੰਚਾਰਜ ਸਾਹਿਬ ਵੱਲੋਂ ਵਿਦਿਆਰਥੀਆਂ ਨੂੰ ਬੈਚ ਲਗਾਏ।

ਇਨ੍ਹਾਂ ਵਿਚੋਂ ਹੈਡ ਗਰਲ ਡੌਲੀ ਵਰਮਾ, ਵਾਈਸ ਹੈਡ ਗਰਲ ਮਨਵੀਰ ਕੌਰ, ਕੈਸ਼ੀਅਰ ਅਲੀਸ਼ਾ, ਜੁਆਇੰਟ ਕੈਸ਼ੀਅਰ ਸਿਮਰਨ, ਸੈਕਰੇਟਰੀ ਲਵਲੀ ਗੌਤਮ, ਜੁਆਇੰਟ ਸੈਕਰੇਟਰੀ ਹਰਮਨਦੀਪ ਕੌਰ ਚੁਣੇ ਗਏ। ਇਸ ਮੌਕੇ ਤੇ ਕਾਲਜ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ, ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ, ਸਮੂਹ ਸੀ ਏ ਵਿਭਾਗ ਦੇ ਇੰਚਾਰਜ, ਸਮੂਹ ਸਟਾਫ ਮੈਂਬਰਜ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਲੋੜਵੰਦ ਮਰੀਜ਼ ਨੂੰ ਵਰਤੋਂ ਲਈ ਭੇਟ ਕੀਤਾ ਆਕਸੀਮੀਟਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਲਾਇਨਜ਼ ਕਲੱਬ ਫਗਵਾੜਾ ਪ੍ਰਾਈਡ ਦੇ ਚਾਰਟਰ ਪ੍ਰਧਾਨ ਅਤੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਯੂਥ) ਲਾਇਨ ਗੁਰਦੀਪ ਸਿੰਘ ਕੰਗ ਐਮ ਜੇ ਐੱਫ. ਵੱਲੋਂ ਇੱਕ ਲੋੜਵੰਦ ਸਾਹ ਦੇ ਮਰੀਜ਼ ਨੂੰ ਆਕਸੀਮੀਟਰ ਭੇਟ ਕੀਤਾ ਗਿਆ। ਇਸ ਮੌਕੇ ਲਾਇਨ ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਇਹ ਆਕਸੀਮੀਟਰ ਕੋਵਿਡ-19 ਮਹਾਂਮਾਰੀ ਦੌਰਾਨ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਤਤਕਾਲੀ ਡਿਸਟ੍ਰਿਕਟ ਗਵਰਨਰ ਲਾਇਨ ਜੀ ਐੱਸ ਸੇਠੀ ਵੱਲੋਂ ਉਨ੍ਹਾਂ ਨੂੰ ਉਪਲਬਧ ਕਰਵਾਇਆ ਗਿਆ ਸੀ, ਤਾਂ ਜੋ ਫਗਵਾੜਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਲੋੜਵੰਦ ਮਰੀਜ਼ਾਂ ਨੂੰ ਜ਼ਰੂਰਤ ਸਮੇਂ ਇਹ ਸਹੂਲਤ ਮੁਫ਼ਤ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਕੋਵਿਡ-19 ਦੇ ਦੌਰਾਨ ਸਾਹ ਲੈਣ ਵਿੱਚ ਤਕਲੀਫ਼ ਦਾ ਸਾਹਮਣਾ ਕਰ ਰਹੇ ਮਰੀਜ਼ਾਂ ਲਈ ਆਕਸੀਮੀਟਰ ਬੇਹੱਦ ਲਾਭਦਾਇਕ ਸਾਬਤ ਹੋਇਆ ਸੀ। ਉਸ ਸਮੇਂ ਹਸਪਤਾਲਾਂ ਵਿੱਚ ਹਰ ਵਾਰ ਇਹ ਸਹੂਲਤ ਹਾਸਲ ਕਰਨਾ ਪਰਵਾਰਾਂ ਲਈ ਵਾਧੂ ਖਰਚੇ ਦਾ ਕਾਰਨ ਬਣਦਾ ਸੀ ਅਤੇ ਮਰੀਜ਼ ਦੇ ਪਰਵਾਰਕ ਮੈਂਬਰਾਂ ਨੂੰ ਵੀ ਵਾਇਰਸ ਦੀ ਲਪੇਟ ਵਿੱਚ ਆਉਣ ਦਾ ਖ਼ਤਰਾ ਬਣਿਆ ਰਹਿੰਦਾ ਸੀ। ਲਾਇਨ ਕੰਗ ਨੇ ਦੱਸਿਆ ਕਿ ਕੋਵਿਡ-19 ਤੋਂ ਬਾਅਦ ਵੀ ਸਾਹ ਨਾਲ ਸਬੰਧਤ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਲਈ ਇਹ ਯੰਤਰ ਲਾਭਦਾਇਕ ਸਾਬਤ ਹੋ ਰਿਹਾ ਹੈ। ਲੋੜਵੰਦ ਮਰੀਜ਼ਾਂ ਨੂੰ ਇਹ ਆਕਸੀਮੀਟਰ ਬਿਨਾਂ ਕਿਸੇ ਫੀਸ ਦੇ ਮੁਫ਼ਤ ਵਰਤੋਂ ਲਈ ਦਿੱਤਾ ਜਾਂਦਾ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਮਰੀਜ਼ ਨੂੰ ਆਕਸੀਮੀਟਰ ਦੀ ਲੋੜ ਹੋਵੇ ਤਾਂ ਉਹ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਸੰਪਰਕ ਕਰ ਸਕਦਾ ਹੈ। ਇਸ ਮੌਕੇ ਲਾਇਨ ਸਤਵਿੰਦਰ ਸਿੰਘ ਜੱਸਲ, ਹਰਵਿੰਦਰ ਸਿੰਘ ਸੱਗੂ, ਰਾਜੇਸ਼ ਕੁਮਾਰ ਭਾਰਤ ਮੈਡੀਕਲ ਹਾਲ ਸਮੇਤ ਹੋਰ ਪਤਵੰਤੇ ਹਾਜ਼ਰ ਸਨ।



# ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ

**ਟਾਂਡਾ ਉੜਮੁੜ, (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਸਰਕਾਰੀ ਕਾਲਜ ਵਿੱਚ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਦੀ ਯੋਗ ਅਗਵਾਈ ਅਧੀਨ ਕਾਲਜ ਦੇ ਰੈਡ ਕਰਾਸ ਸੁਸਾਇਟੀ ਵਲੋਂ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ ਗਿਆ। ਇਸ ਪ੍ਰੋਗਰਾਮ ਦਾ ਆਯੋਜਨ ਰੈਡ ਕਰਾਸ ਸੁਸਾਇਟੀ ਦੇ ਮੈਂਬਰ ਪ੍ਰੋ. ਵਰਿੰਦਰ ਕੁਮਾਰ ਪ੍ਰੋ. ਰਮਨਦੀਪ ਸਿੰਘ, ਪ੍ਰੋ. ਸਿੰਮੀ, ਪ੍ਰੋ. ਬਿਮਲਾ ਵੱਲੋਂ ਕੀਤਾ ਗਿਆ। ਇਸ ਕੈਂਪ ਦੇ ਦੌਰਾਨ ਸੇਵਾ ਮੁਕਤ ਡਿਪਟੀ ਡਾਇਰੈਕਟਰ ਡਾ. ਕੇਵਲ ਕਾਜਲ ਦੀ ਪੂਰੀ ਟੀਮ ਨੇ ਕਾਲਜ ਵਿੱਚ ਵਿਜਿਟ ਕੀਤਾ ਜਿਸ ਦੌਰਾਨ ਵਾਇਜ ਪ੍ਰਿੰਸੀਪਲ ਪ੍ਰੋ. ਵਿਜੇਪਾਲ ਸਿੰਘ ਵਲੋਂ ਡਾ. ਕੇਵਲ ਕਾਜਲ ਅਤੇ ਉਨ੍ਹਾਂ ਦੀ ਟੀਮ ਦਾ ਸਵਾਗਤ ਅਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਡਾ. ਕੇਵਲ ਕਾਜਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਅੱਖਾਂ ਸਾਡੇ ਸਰੀਰ ਦਾ ਅਨਮੋਲ ਅੰਗ ਹੈ। ਇਸ ਦੀ ਸਾਂਭ ਸੰਭਾਲ ਕਰਦਿਆਂ ਆਲੇ ਦੁਆਲੇ ਦੀ ਸਫਾਈ ਰੱਖਣੀ ਚਾਹੀਦੀ ਹੈ ਅਤੇ ਮੋਬਾਇਲ ਦੀਆਂ ਖਤਰਨਾਕ ਤਰੰਗਾਂ ਤੋਂ ਅੱਖਾਂ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ। ਕੈਂਪ ਦੀ ਸਮਾਪਤੀ ਤੇ ਰੈਡ ਕਰਾਸ ਵੱਲੋਂ ਡਾ. ਕੇਵਲ ਸਿੰਘ ਅਤੇ ਉਹਨਾਂ ਦੀ ਟੀਮ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰੋ. ਰੁਬਿਨ, ਪ੍ਰੋ. ਗੁਰਦੇਵ ਸਿੰਘ, ਪ੍ਰੋ. ਮਨਮੋਹਨ ਸਿੰਘ, ਪ੍ਰੋ. ਰਮਨਪ੍ਰੀਤ ਸਿੰਘ, ਪ੍ਰੋ ਗੌਰਵ ਬੇਦੀ, ਪ੍ਰੋ ਸਿੰਮੀ, ਪ੍ਰੋ. ਬਿਮਲਾ, ਪ੍ਰੋ. ਸੁਸ਼ੀਲ ਕੁਮਾਰ ਆਦਿ ਹਾਜ਼ਰ ਸਨ।



# ਯੋਗਾ ਟੀਚਰ ਦਾ ਸਨਮਾਨ

**ਬੰਗਾ (ਅਵਤਾਰ ਕਲੇਰ)**- ਮੁੱਖ ਮੰਤਰੀ ਦੀ ਯੋਗਸ਼ਾਲਾ ਦੀ ਲੜੀ ਤਹਿਤ ਪਿੰਡ ਚੱਕ ਕਲਾਲ ਵਿਖੇ ਚੱਲ ਰਹੇ ਯੋਗਾ ਸੈਂਟਰ ਵਿਖੇ ਅਧਿਆਪਕ ਦਿਵਸ ਮੌਕੇ ਸਮਾਗਮ ਕੀਤਾ ਗਿਆ।ਇਸ ਮੌਕੇ ਨਗਰ ਪੰਚਾਇਤ, ਮੋਹਤਵਰਾਂ,ਅਤੇ ਸਿੱਖਿਆਰਥੀਆਂ ਵਲੋਂ ਯੋਗਾ ਟੀਚਰ ਕਿਰਨਦੀਪ ਕੌਰ ਦਾ ਕੇਕ ਕੱਟਕੇ, ਤੋਹਫ਼ੇ ਦੇ ਕੇ ਸਨਮਾਨ ਕੀਤਾ ਗਿਆ। ਵਰਨਣਯੋਗ ਹੈ ਕਿ ਇਸ ਸੈਂਟਰ ਵਿਖੇ 50 ਦੇ ਕਰੀਬ ਸਿਖਿਆਰਥੀ ਔਰਤਾਂ ਟ੍ਰੇਨਿੰਗ ਲੈ ਰਹੀਆਂ ਹਨ। ਇਸ ਮੌਕੇ ਸੈਂਟਰ ਦੇ ਸੰਯੋਜਕ ਸੁਰਿੰਦਰ ਸਿੰਘ, ਪੰਚ ਅਵਤਾਰ ਸਿੰਘ ਬਿੱਟੂ, ਨੰਬਰਦਾਰ ਹੰਸਰਾਜ ,ਹਰਮੇਸ਼ ਜੱਸੀ ਨੇ ਆਪਣੇ ਸੰਬੋਧਨ ਵਿੱਚ ਯੋਗਾ ਦੀ ਮਹੱਤਤਾ ਤੇ ਟੀਚਰ ਡੇਅ ਤੇ ਭਰਪੂਰ ਚਾਨਣਾ ਪਾਇਆ।ਅਮਰਜੀਤ ਪੱਪੂ ਦੇ ਯੋਗਦਾਨ ਦਾ ਵੀ ਜਿਕਰ ਕੀਤਾ ਗਿਆ। ਯੋਗਾ ਟੀਚਰ ਕਿਰਨਦੀਪ ਕੌਰ ਨੇ ਦਿੱਤੇ ਗਏ ਮਾਣ ਸਨਮਾਨ ਲਈ ਪਿੰਡ ਵਾਸੀਆਂ, ਸਿੱਖਿਆਰਥੀਆਂ, ਤੇ ਸੈਂਟਰ ਲਈ ਸਹਿਯੋਗੀ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।



# ਸੋਮਨਾਥ ਸਵਾਭਿਮਾਨ ਪਰਵ ਸੰਬੰਧੀ ਵਿਸ਼ੇਸ਼ ਲੈਕਚਰ

**ਸੁਲਤਾਨਪੁਰ ਲੋਧੀ (ਹਨੀ)**- ਐੱਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਹਿਸਟਰੀ ਵਿਭਾਗ ਵੱਲੋਂ ਸੋਮਨਾਥ ਸਵਾਭਿਮਾਨ ਪਰਵ ਸੰਬੰਧੀ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।ਭਾਰਤ ਦੇ ਪ੍ਰਸਿੱਧ ਅਤੇ ਇਤਿਹਾਸਕ ਸੋਮਨਾਥ ਮੰਦਰ ਦੇ ਪੁਨਰਨਿਰਮਾਣ ਦੇ 75 ਸਾਲ ਪੂਰੇ ਹੋਣ ਸੰਬੰਧੀ ਦੇਸ਼ ਭਰ ਵਿੱਚ ਸੋਮਨਾਥ ਸਵਾਭਿਮਾਨ ਪਰਵ ਮਨਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਕਾਲਜ ਦੇ ਹਿਸਟਰੀ ਵਿਭਾਗ ਦੀ ਅਧਿਆਪਿਕਾ ਸਲਵਿੰਦਰਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਸੋਮਨਾਥ ਮੰਦਰ ਦੇ ਇਤਿਹਾਸਕ, ਸੱਭਿਆਚਾਰਕ ਅਤੇ ਰਾਸ਼ਟਰੀ ਮਹੱਤਵ ਬਾਰੇ ਵਿਸ਼ੇਸ਼ ਲੈਕਚਰ ਰਾਹੀਂ ਜਾਣੂ ਕਰਵਾਇਆ ਗਿਆ। ਇਸ ਮੌਕੇ ਬੀ.ਏ. ਫਾਈਨਲ ਦੀਆਂ ਵਿਦਿਆਰਥਣਾਂ ਸੰਦੀਪ ਕੌਰ ਅਤੇ ਸਿਮਰਨਜੀਤ ਕੌਰ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਸੋਮਨਾਥ ਮੰਦਰ ਦੇ ਸ਼ਾਨਦਾਰ ਇਤਿਹਾਸ, ਇਸ ਦੇ ਪੁਨਰਨਿਰਮਾਣ ਅਤੇ ਭਾਰਤੀ ਸੱਭਿਆਚਾਰਕ ਵਿਰਾਸਤ ਵਿੱਚ ਇਸ ਦੇ ਮਹੱਤਵ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਵਿਦਿਆਰਥਣਾਂ ਨੇ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਰਾਹੀਂ ਹਾਜ਼ਰ ਵਿਦਿਆਰਥੀਆਂ ਨੂੰ ਭਾਰਤ ਦੀ ਮਹਾਨ ਇਤਿਹਾਸਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੋੜਿਆ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਆਪਣੇ ਦੇਸ਼ ਦੇ ਗੌਰਵਮਈ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਅਤੇ ਸਟਾਫ ਮੈਂਬਰ ਹਾਜ਼ਰ ਸਨ।



# ਸਕੂਲ ਦਾ ਸਥਾਪਨਾ ਦਿਵਸ ਮਨਾਇਆ

**ਬਿਲਗਾ (ਵਿਜੇ ਕੁਮਾਰ)**- ਐੱਸ ਆਰ ਤਾਂਗੜੀ ਡੀ ਏ ਵੀ ਪਬਲਿਕ ਸਕੂਲ ਨੇ ਆਪਣਾ 32ਵਾਂ ਸਥਾਪਨਾ ਦਿਵਸ ਅਤੇ ਅਧਿਆਪਕ ਦਿਵਸ ਸ਼ਰਧਾ, ਖੁਸ਼ੀ ਅਤੇ ਮਾਣ ਨਾਲ ਮਨਾਇਆ। ਸਕੂਲ ਕੈਂਪਸ ਵਿੱਚ ਕਈ ਪ੍ਰੋਗਰਾਮ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਹਵਨ, ਸੱਭਿਆਚਾਰਕ ਪ੍ਰੋਗਰਾਮ ਅਤੇ ਲੰਗਰ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵੈਦਿਕ ਮੰਤਰ ਜਾਪ ਦੇ ਨਾਲ ਇੱਕ ਪਵਿੱਤਰ ਹਵਨ ਨਾਲ ਹੋਈ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਯੱਗ ਵਿੱਚ ਭੇਟਾਂ ਚੜ੍ਹਾਈਆਂ, ਸਕੂਲ ਦੀ ਨਿਰੰਤਰ ਤਰੱਕੀ, ਵਿਦਿਆਰਥੀਆਂ ਦੇ ਉੱਜਵਲ ਭਵਿੱਖ ਅਤੇ ਸਮਾਜ ਦੀ ਭਲਾਈ ਲਈ ਪ੍ਰਾਰਥਨਾ ਕੀਤੀ। ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਮਨਮੋਹਕ ਸੱਭਿਆਚਾਰਕ ਪ੍ਰੋਗਰਾਮ ਨੇ ਸਾਰਿਆਂ ਨੂੰ ਮੋਹਿਤ ਕਰ ਦਿੱਤਾ। ਗੀਤਾਂ, ਨਾਚਾਂ ਅਤੇ ਹੋਰ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ, ਵਿਦਿਆਰਥੀਆਂ ਨੇ ਭਾਰਤੀ ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਗੁਰੂ-ਸ਼ਿਸ਼ ਪਰੰਪਰਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਿਤ ਕੀਤਾ। ਸਥਾਪਨਾ ਦਿਵਸ ਦੇ ਮੌਕੇ 'ਤੇ, ਸਕੂਲ ਵਿੱਚ ਇੱਕ ਲੰਗਰ ਵੀ ਲਗਾਇਆ ਗਿਆ, ਜਿੱਥੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਮਹਿਮਾਨਾਂ ਨੇ ਸ਼ਰਧਾ ਨਾਲ ਪ੍ਰਸ਼ਾਦ ਦਾ ਸੇਵਨ ਕੀਤਾ। ਲੰਗਰ ਨੇ ਆਪਸੀ ਪਿਆਰ, ਸੇਵਾ ਅਤੇ ਸਦਭਾਵਨਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ। ਇਸ ਪਵਿੱਤਰ ਮੌਕੇ 'ਤੇ ਸੰਸਥਾ ਦੇ ਸੰਸਥਾਪਕ ਪ੍ਰਿੰਸੀਪਲ ਸ੍ਰੀ ਰਵੀ ਸ਼ਰਮਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਕੂਲ ਦੇ 32 ਸਾਲਾਂ ਦੇ ਸ਼ਾਨਦਾਰ ਸਫ਼ਰ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਵਿਦਿਅਕ ਸੰਸਥਾ ਦੀ ਅਸਲ ਪਛਾਣ ਨਾ ਸਿਰਫ਼ ਉਸਦੀਆਂ ਅਕਾਦਮਿਕ ਪ੍ਰਾਪਤੀਆਂ ਦੁਆਰਾ, ਸਗੋਂ ਉਸਦੀਆਂ ਕਦਰਾਂ-ਕੀਮਤਾਂ, ਪਰੰਪਰਾਵਾਂ ਅਤੇ ਸਮਾਜਿਕ ਜ਼ਿੰਮੇਵਾਰੀ ਦੁਆਰਾ ਵੀ ਨਿਰਧਾਰਤ ਹੁੰਦੀ ਹੈ। ਸਕੂਲ ਪ੍ਰਿੰਸੀਪਲ ਸੰਜੀਵ ਗੁਜਰਾਲ ਨੇ ਇਸ ਮੌਕੇ ਕਿਹਾ ਕਿ 32 ਸਾਲਾਂ ਦਾ ਇਹ ਸ਼ਾਨਦਾਰ ਸਫ਼ਰ ਸਕੂਲ ਪਰਿਵਾਰ ਦੀ ਵਫ਼ਾਦਾਰੀ, ਸਮਰਪਣ ਅਤੇ ਨਿਰੰਤਰ ਯਤਨਾਂ ਦਾ ਨਤੀਜਾ ਹੈ।




# ਸਵਰਗ ਧਾਮ ਦੇ ਮੈਨੇਜਰ ਨੂੰ 11 ਹਜ਼ਾਰ ਕੀਤੇ ਭੇਟ

**ਦਸੂਹਾ (ਕਰਨੈਲ ਮਾਂਗਟ)**- ਸਵਰਗਧਾਮ ਦਸੂਹਾ ਨੂੰ ਹੋਰ ਸੁੰਦਰ, ਸਾਫ਼-ਸੁਥਰਾ, ਸੁਵਿਧਾਜਨਕ ਅਤੇ ਆਧੁਨਿਕ ਰੂਪ ਦੇਣ ਲਈ ਚੱਲ ਰਹੇ ਵਿਕਾਸ ਕਾਰਜਾਂ ਨੂੰ ਇਲਾਕੇ ਦੇ ਦਾਨੀ ਪਰਵਾਰਾਂ ਵੱਲੋਂ ਲਗਾਤਾਰ ਮਿਲ ਰਹੇ ਸਹਿਯੋਗ ਨਾਲ ਹੋਰ ਮਜ਼ਬੂਤੀ ਮਿਲ ਰਹੀ ਹੈ। ਇਸੇ ਕੜੀ ਵਿੱਚ ਸਿੰਘ ਫਾਈਨੈਂਸ ਕੰਪਨੀ ਟਾਂਡਾ ਦੇ ਮਾਲਕ ਰਣਜੀਤ ਸਿੰਘ ਬੱਗਾ ਅਤੇ ਉਨ੍ਹਾਂ ਦੀ ਧਰਮਪਤਨੀ ਦਲਜੀਤ ਕੌਰ ਨੇ ਸੇਵਾ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਸਵਰਗਧਾਮ ਦਸੂਹਾ ਦੇ ਮੈਨੇਜਰ ਐਡਵੋਕੇਟ ਪੁਨੀਤ ਬੱਸੀ, ਪ੍ਰਧਾਨ ਓਮਕਾਰ ਨਾਥ ਰੱਲਹਣ ਤੇ ਹੋਰ ਮੈਂਬਰਾਂ ਨੂੰ ਵਿਕਾਸ ਕਾਰਜਾਂ ਲਈ 11 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ। ਇਸ ਮੌਕੇ ਸਵਰਗਧਾਮ ਪ੍ਰਬੰਧਕਾਂ ਵੱਲੋਂ ਦਾਨੀ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਸਵਰਗਧਾਮ ਦੇ ਵਿਕਾਸ ਲਈ ਸਮਾਜ ਦੇ ਦਾਨੀ ਸੱਜਣਾਂ ਵੱਲੋਂ ਅੱਗੇ ਆ ਕੇ ਦਿੱਤਾ ਜਾ ਰਿਹਾ ਸਹਿਯੋਗ ਬੇਹੱਦ ਮਹੱਤਵਪੂਰਨ ਹੈ।

ਇਸ ਮੌਕੇ ਸਰਕਾਰੀ ਠੇਕੇਦਾਰ ਅਮਿਤ ਕੁਮਾਰ ਬੱਸੀ ਨੇ ਵੀ ਰਣਜੀਤ ਸਿੰਘ ਬੱਗਾ ਅਤੇ ਦਲਜੀਤ ਕੌਰ ਵੱਲੋਂ ਦਿੱਤੇ ਗਏ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ। ਮੌਕੇ 'ਤੇ ਮੌਜੂਦ ਦੀਪਾ, ਆਚਾਰਿਆ ਸੰਜੇ ਸਮੇਤ ਹੋਰ ਪਤਵੰਤੇ ਅਤੇ ਸਹਿਯੋਗੀਆਂ ਨੇ ਵੀ ਸਿੰਘ ਫਾਇਨਾਂਸ ਪਰਿਵਾਰ ਵੱਲੋਂ ਕੀਤੇ ਇਸ ਸਹਿਯੋਗ ਦੀ ਸ਼ਲਾਘਾ ਕੀਤੀ।



# ਫੁੱਟਪਾਥਾਂ 'ਤੇ ਨਾਜਾਇਜ਼ ਕਬਜ਼ਿਆਂ ਕਾਰਨ ਰਾਹਗੀਰ ਪ੍ਰੇਸ਼ਾਨ

**ਜਲੰਧਰ (ਇਕਬਾਲ ਸਿੰਘ ਉਭੀ)**- ਸਥਾਨਕ ਬੀ ਐੱਸ ਐੱਨ ਐੱਲ ਦਫ਼ਤਰ ਦੇ ਸਾਹਮਣੇ ਕੰਪਨੀ ਬਾਗ ਦੀ ਕੰਧ ਦੇ ਨਾਲ ਫੁੱਟਪਾਥ 'ਤੇ ਲੱਗਣ ਵਾਲੀਆਂ ਰੇਹੜੀਆਂ ਕਾਰਨ ਰਾਹਗੀਰਾਂ ਨੂੰ ਹੋ ਰਹੀ ਪ੍ਰੇਸ਼ਾਨੀ ਦਾ ਮੁੱਦਾ ਉਠਾਉਂਦੇ ਹੋਏ ਐਡਵੋਕੇਟ ਹਿਤੇਸ਼ ਸੂਰੀ ਨੇ ਨਗਰ ਨਿਗਮ ਦੇ ਤਹਿਬਾਜ਼ਾਰੀ ਵਿਭਾਗ ਤੋਂ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਫੁੱਟਪਾਥ ਪੈਦਲ ਚੱਲਣ ਵਾਲੇ ਲੋਕਾਂ ਦੀ ਸਹੂਲਤ ਲਈ ਬਣਾਏ ਜਾਂਦੇ ਹਨ, ਪਰ ਰੇਹੜੀਆਂ ਲੱਗਣ ਕਾਰਨ ਲੋਕਾਂ ਨੂੰ ਫੁੱਟਪਾਥ ਛੱਡ ਕੇ ਸੜਕ 'ਤੇ ਚੱਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨਾਂ ਕਿਹਾ ਕਿ ਫੁੱਟਪਾਥਾਂ ਤੇ ਨਜਾਇਜ ਕਬਜ਼ਿਆਂ ਕਾਰਨ ਵੱਡੇ ਵੱਡੇ ਜਾਮ ਲੱਗਣ ਕਾਰਨ ਰਾਹਗੀਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਸਿਰਫ਼ ਨਗਰ ਨਿਗਮ ਨੂੰ ਕੋਈ ਫੀਸ ਜਾਂ ਰਕਮ ਜਮ੍ਹਾਂ ਕਰਵਾਉਣ ਨਾਲ ਜਨਤਕ ਫੁੱਟਪਾਥ 'ਤੇ ਰੇਹੜੀ ਲਗਾਉਣ ਦਾ ਅਧਿਕਾਰ ਆਪਣੇ ਆਪ ਪ੍ਰਾਪਤ ਨਹੀਂ ਹੋ ਜਾਂਦਾ। ਇਸ ਲਈ ਤਹਿਬਾਜ਼ਾਰੀ ਵਿਭਾਗ ਨੂੰ ਮੌਕੇ 'ਤੇ ਜਾਂਚ ਕਰਕੇ ਇਹ ਦੇਖਣਾ ਚਾਹੀਦਾ ਹੈ ਕਿ ਰੇਹੜੀ ਸੰਚਾਲਕਾਂ ਕੋਲ ਵੈਧ ਮਨਜ਼ੂਰੀ ਜਾਂ ਲੋੜੀਂਦੇ ਦਸਤਾਵੇਜ਼ ਮੌਜੂਦ ਹਨ ਜਾਂ ਨਹੀਂ।ਐਡਵੋਕੇਟ ਸੂਰੀ ਨੇ ਮੰਗ ਕੀਤੀ ਕਿ ਤਹਿਬਾਜ਼ਾਰੀ ਵਿਭਾਗ ਦੇ ਅਧਿਕਾਰੀ ਬੀ ਐੱਸ ਐੱਨ ਐੱਲ ਦਫ਼ਤਰ ਦੇ ਸਾਹਮਣੇ, ਲਾਡੋਵਾਲੀ ਰੋਡ, ਡੀ ਸੀ ਦਫ਼ਤਰ ਸਾਹਮਣੇ ਅਤੇ ਹੋਰ ਥਾਵਾਂ 'ਤੇ ਬਣੇ ਫੁੱਟਪਾਥਾਂ ਦਾ ਨਿਰੀਖਣ ਕਰਨ।ਫੁੱਟਪਾਥਾਂ ਦੀ ਸਥਿਤੀ ਦੀ ਜਾਂਚ ਕੀਤੀ ਜਾਵੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਤੇ ਕਨੂੰਨੀ ਕਾਰਵਾਈ ਕਰਕੇ ਫੁੱਟਪਾਥਾਂ ਨੂੰ ਖਾਲੀ ਕਰਵਾਇਆ ਜਾਵੇ ਤਾਂ ਕਿ ਬਰਸਾਤ ਦੇ ਮੌਸਮ ਵਿਚ ਰਾਹਗੀਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

